# ਵਰਿਆਮ

ਫਰਵਰੀ-ਮਾਰਚ ੧੯੯੨



Sri Satguru Jagjit Singh Ji Elibrary NamdhariElibrary@gmail.com

WITH COMPLIMENTS

FROM

**Bliss**

THE GUEST HOUSE

11/10 Pusa Road.

NEW DELHI-110005.

Phone : 589596

AIR CONDITIONED

AND

NON AIR CONDITIONED ROOMS

HALLS FOR MARRIAGES,

RECEPTIONS & CONFERENCES

24 HOURS ROOM SERVICE

TELEPHONE

IN EVERY ROOM

*GOLDEN HOLIDAYS*

*Present*

*most exciting and high value tours to*

- THAILAND
- MALAYASIA
- SINGAPORE
- HONGKONG
- PHILLIPINES
- JAPAN
- EUROPE AND
- U. S. A

*for details, please contact operators :*

**Kwick Travels Pvt. Ltd.**

6/85, W.E.A. Karol Bagh,

NEW DELHI-110005.

Phones : 562588 ; 569206

Cable : KWICKAIR



Sri Satguru Jagjit Singh Ji Elibrary NamdhariElibrary@gmail.com

ਵਰਿਆਮ

# ਇਹ ਅੰਕ

ਇਹ ਅੰਕ ਬਸੰਤ-ਹੋਲੀ-ਹੋਲਾ ਦੇ ਸਾਂਝੇ ਪੁਰਬਾਂ ਨੂੰ ਸਮਰਪਤ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਬਸੰਤ ਪੰਚਮੀ ਵਾਲੇ ਦਿਨ ਹੋਇਆ। ਗੁਰੂ ਬਾਲਕ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਦਿਵਸ ਹੋਲੀ-ਹੋਲੇ ਦੇ ਦਿਨਾਂ ਵਿਚ ਆਉਂਦਾ ਹੈ। ਹੋਲੇ ਨਾਲ ਗੁਰੂ ਗੋਬਿੰਦ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਯਾਦਾਂ ਵੀ ਜੁੜੀਆਂ ਪਈਆਂ ਹਨ। ਹੋਲੀ ਪੁਰਬ ਭਾਰਤ ਦਾ ਆਦਿ ਕਾਲ ਦਾ ਤਿਓਹਾਰ ਹੈ। ਏਡੇ ਵਿਸ਼ਾਲ ਘੇਰੇ ਨੂੰ ਅਪਣੇ ਥੋੜੇ ਜਿਹੇ ਪੰਨਿਆਂ ਵਿਚ ਸਮੇਟਣਾ ਇਸ ਛੋਟੇ ਜਿਹੇ ਅੰਕ ਦੀ ਸਮਰਥਾ ਤੋਂ ਬਾਹਰ ਦੀ ਗਲ ਹੈ। ਜੋ ਚਿਤਵਿਆ, ਉਹ ਤਾਂ ਪੂਰਾ ਨਹੀਂ ਹੋਇਆ। ਕੁਝ ਹਾਲਤਾਂ ਹੀ ਐਸੀਆਂ ਹੋ ਗਈਆਂ ਸਨ। ਪਰ ਅਪਣੀ ਸੀਮਤ ਸਮਰਥਾ ਅਤੇ ਸਾਧਨਾਂ ਦੁਆਰਾ ਜੋ ਕੁਝ ਤਿਆਰ ਕਰ ਸਕੇ ਹਾਂ ਉਹ ਪਾਠਕਾਂ ਦੀ ਸੇਵਾ ਵਿਚ ਭੇਟ ਕਰਦੇ ਹੋਏ ਆਸ ਕਰਦੇ ਹਾਂ ਕਿ ਪਾਠਕ ਇਸ ਨੂੰ ਹੀ ਆਸ਼ੀਰਵਾਦ ਦੇਣਗੇ ਅਤੇ ਵਰਿਆਮ ਵਾਸਤੇ ਇਹ ਅਰਦਾਸ ਕਰਣਗੇ ਕਿ ਇਹ ਪਾਠਕਾਂ ਦੀਆਂ ਵਡੀਆਂ ਆਸਾਂ ਤੇ ਪੂਰਾ ਉਤਰੇ।

ਬਹੁਤ ਕੁਝ ਰੀਝਾਂ ਤੋਂ ਉਰੇ ਰਹਿ ਗਿਆ ਹੈ। ਪਰ ਮਨ ਦੀਆਂ ਮਨ ਵਿਚ ਰਖ ਕੇ ਅਸੀਂ ਮੁੜ ਮੁਸ਼ਕਲਾਂ ਸੰਗ ਜੂਝਣ ਲਈ ਕਮਰਬਸਤਾ ਹਾਂ।

ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਮਾਸਕ

# ਵਰਿਆਮ

ਫਰਵਰੀ, ਮਾਰਚ
੧੯੮੨

ਜਿਲਦ ਨੰ: ੭ ਅੰਕ ਨੰ: ੪-੫

ਸੰਪਾਦਕ : ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ : ੩-੦੦ ਰੁਪਿਆ
ਸਾਲਾਨਾ ਚੰਦਾ ਦੇਸ : ੧੫ ਰੁਪਏ

,, ,, ਵਿਦੇਸ਼ : ੪੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ ਵਿਚ

ਦਫ਼ਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ, ਪੀ

Office Address
Monthly WARIAM
(Punjabi)
Ladowali Road
Jalandhar-144001
Phone : 72504 PP

'ਵਰਿਆਮ ਦੀ ਮਲਕੀਅਤ ਤੇ ਹੋਰ ਵੇਰਵੇ ਸਬੰਧੀ
ਬਿਆਨ

| | | |
|---|---|---|
| 1. | ਪ੍ਰਕਾਸ਼ਨ ਸਥਾਨ | ਜਲੰਧਰ |
| 2. | ਪ੍ਰਕਾਸ਼ਨ-ਕਾਲ | ਮਾਸਕ |
| 3. | ਛਾਪਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| 4. | ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| 5. | ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| 6. | ਉਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵਧ ਦੇ ਭਾਈਵਾਲ ਜਾਂ ਹਿਸੇਦਾਰ ਹੋਣ | ਜਗਦੀਸ਼ ਸਿੰਘ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵਧ ਤੋਂ ਵਧ ਜਾਣਕਾਰੀ ਅਤੇ ਵਿਸ਼ਵਾਸ ਦੇ ਅਨੁਸਾਰ ਉਪਰ ਦਿਤੇ ਗਏ ਵੇਰਵੇ ਸੱਚ ਹਨ।

(ਸਹੀ) ਜਗਦੀਸ਼ ਸਿੰਘ

ਮਿਤੀ 28-2-82 ਪ੍ਰਕਾਸ਼ਕ ਦੇ ਦਸਖਤ

## ਵਰਿਆਮ ਸਕਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



Sri Satguru Jagjit Singh Ji Elibrary NamdhariElibrary@gmail.com



ਗੁਰੂ ਗੋਬਿੰਦ ਸਿੰਘ ਜੀ
ਜਿਨ੍ਹਾਂ ਹੋਲੀ ਦੇ ਤਿਓਹਾਰ ਨੂੰ ਹੋਲੇ ਦਾ ਰੂਪ ਦਿਤਾ



Sri Satguru Jagjit Singh Ji Elibrary NamdhariElibrary@gmail.com

# ਗੁਰੂ ਬਾਲਕ ਸਿੰਘ

(ਗਿਆਨੀ ਗਿਆਨ ਸਿੰਘ)

ਭਏ ਕੂਕੇ ਜੈਸ ਅਬ ਸੁਨ ਲੇਹੁ ਤੈਸ ਸਭ,
ਰਾਜ ਸਿੰਘੀ ਬੇਸ ਜਬ ਦੇਸ ਏਸ ਜਾਵਤੇ ।
ਅਟਕ ਦਰਯਾਓ ਤਟ ਛੋਈ ਨਾਮ ਗਾਮ ਮਹਿ
ਪੋਠੋਂਹਾਰ ਦੇਸ ਮਾਹਿ ਸਮ ਅਮਰਾਵ ਤੇ ।
ਸੰਮਤ ਅਠਾਰਾ ਸੋ ਛਪੰਜਾ ਮੈਂ ਬਾਲਕ ਸਿੰਘ,
ਭਯੋ ਅਵਤਾਰ ਤਾਹਿ ਈਸ ਅੰਸ ਭਾਵ ਤੇ ।
ਜਾਤ ਕਾ ਅਰੋੜਾ ਭਯੋ ਭਗਤ ਅਮੋੜਾ,
ਨਾਮ ਜਪਯੋ ਨਾ ਥੋੜਾ ਛੋੜਾ ਬਿਖੇ ਰਸਯਾਵਤੇ ॥ ੨ ॥

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ ।
ਤਾਲਕ ਰਖੈ ਹੈ ਏਕ ਖਾਲਕ ਸੈ ਸਾਲਕ ਸੋ,
ਗ਼ਾਲਕ ਬਿਕਾਰਨ ਕੇ ਚਾਲਕ ਵਿਹਾਗੀ ਹੈਂ ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ,
ਸਜਮਤ ਭਗਤ ਵਿਰੱਕਤ ਅਦਾਗੀ ਹੈਂ ।
ਕੀਰਤਨ ਕਥਾ ਸਤਸੰਗ ਜਥਾ ਜੋ ਤਥਾ,
ਰਾਖ ਤਥਾ ਭਾਖਿ ਤਥਾ ਭਜਨ ਸੁ ਜਾਗੀ ਹੈਂ ॥ ੩ ॥

ਸੰਮਤ ਪਚਾਸੀਏ ਮੈ ਹਜਰੋ ਗ੍ਰਾਮ ਮਾਂਹਿ,
ਭਾਈ ਤਾਹਿ ਕੈ ਦੁਕਾਨ ਆਏ ਤਹਾਂ ਜੋ ਕਈ ।
ਯਾਹਿ ਹੇਤ ਬਾਲਕ ਮਰਗੇਸ਼ ਭੀ ਬਸੇਸ ਤਹਾਂ,
ਆਇਕੇ ਨਿਵਾਸ ਕੀਨ ਕਿਰਤ ਕਰਕੇ ਖਈ ।
ਤਾਹਿ ਕੇ ਪ੍ਰਤਾਪ ਕਰ ਹਜਰੋ ਅਮਾਪਵਰ,
ਭਯੋ ਸਮ ਔਧਤਰ ਮੰਦਤਾ ਬਲੈ ਗਈ ।
ਭਏ ਲੋਗ ਵਡਭਾਗੀ ਭਗਤੀ ਮੈ ਮਤ ਪਾਗੀ,
ਸੰਤ ਸੰਗ ਮਾਹਿ ਜਾਗੀ ਸੰਤ ਸੇਵ ਹੂੰ ਠਈ ॥ ੪ ।

ਬਾਲਕ ਮ੍ਰਗੇਸ਼ ਤੇ ਵਿਸ਼ੇਸ਼ ਉਪਦੇਸ਼ ਨਾਮ,
ਯਦੀ ਨਰ ਨਾਰੀ ਲੈ ਅਪਾਰੀ ਭਵ ਤੇ ਤਰੇ ।
ਔਰ ਇਲਹਾਮ ਕਈ ਬਾਰ ਕਰਤਾਰ ਦਯੋ,
ਨਾਮ ਦੇ ਉਧਾਰ ਕਰ ਜੀਵਨ ਕਾ ਤ੍ਰੂੰ ਖਰੇ ।
ਐ ਪੈ ਗੁਰ ਦਸਮ ਦਰਸ ਦੈ ਜੋ ਕਹਿਯੋ ਤਾਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹਵੈ ਭਰੇ ।
ਯਾਹਿ ਹੇਤ ਤਾਹਿ ਨਾਹਿ ਔਰ ਕਾਹਿ ਮਾਹਿ,
ਨਿਜ ਸਕਤ ਰਖਾਈ ਗੁਰਵਾਕ ਦਿਢ ਥੇ ਧਰੇ ॥ ੫

(ਪੰਥ ਪ੍ਰਕਾਸ਼ ਵਿਚੋਂ



Sri Satguru Jagjit Singh Ji Elibrary NamdhariElibrary@gmail.com




ਗੁਰੂ ਬਾਲਕ ਸਿੰਘ ਜੀ
ਜਿਨ੍ਹਾਂ ਦਾ ਪ੍ਰਕਾਸ਼ ਦਿਵਸ ੯ ਮਾਰਚ ੧੯੯੨ ਨੂੰ ਹੈ ।



Sri Satguru Jagjit Singh Ji Elibrary NamdhariElibrary@gmail.com

# ਉਲਾਗਾਂ

—ਜਸਵੰਤ ਸਿੰਘ ਰਾਹੀ

ਚਲ ਸੱਜਣਾ ਇਹ ਯੁਗ ਛੱਡ ਚਲੀਏ ।
ਇਸ ਦੇ ਖੇਤੀ ਖੰਜਰ ਉਗਦੇ,
ਅੰਬਰਾਂ ਦਾ ਕੋਈ ਪਾਸਾ ਮੱਲੀਏ ।

ਅੰਬਾਂ ਅੱਕਾਂ ਨਾਲ ਵੇਖੇ ਨੇ
ਇਕੋ ਜਹੇ ਹੀ ਫੱਲ ਪੈ ਜਾਂਦੇ ।
ਪਾਕ ਪਵਿਤਰ ਸੀਨੇ ਦੇ ਵਿਚ
ਐਬਾਂ ਵਾਲੇ ਸੱਲ ਪੈ ਜਾਂਦੇ ।
ਰਸੀਆਂ ਹੋਈਆਂ ਦਾਖਾਂ ਦੀ ਥਾਂ
ਵਿਕੱਦੇ ਨੇ ਸੁੱਕੇ ਘਰਧੋਨੇ,
ਅਸੀਂ ਤਾਂ ਬਣ ਨਹੀਂ ਸਕਦੇ ਛੱਲੀਏ ।

ਫਲਾਂ ਫੁੱਲਾਂ ਦੀ ਭੇਟ ਆਪਣੀ
ਏਥੇ ਦੇਵਤੇ ਮੰਗ ਕੇ ਲੈਂਦੇ ।
ਬੁੱਕ ਅੱਡਿਆਂ ਪ੍ਰਸ਼ਾਦ ਅਸਾਨੂੰ
ਸੁੱਕਿਆਂ ਪੱਤਿਆਂ ਦੀ ਮੁੱਠ ਦੇਂਦੇ ।
ਵੇਲਣੇ ਦੇ ਵਿਚ ਪੀੜੇ ਗਏ ਹਾਂ
ਚੂਰਾ ਚੂਰਾ ਹੋ ਕੇ ਰਹਿ ਗਏ,
ਤੱਪਦੀ ਭੱਠੀ ਦੇ ਵਿਚ ਬੁੱਲੀਏ ।

ਮਿੱਠੇ ਬੇਰ ਜਾਮਨੂੰ ਏਥੇ
ਚਮਗਿੱਦੜਾਂ ਟੁੱਕ ਟੁੱਕ ਕੇ ਸੁੱਟੇ ।
ਪੈਲਾਂ ਪਾਉਂਦਿਆਂ ਮੋਰਾਂ ਦੇ ਖੰਬ
ਕਾਗਾਂ ਨੇ ਪੁੱਟ ਪੁੱਟ ਕੇ ਸੁੱਟੇ ।
ਹਰ ਚੰਗੀ ਥਾਂ ਉੱਤੇ ਦਿਸਦੇ
ਦੀਂਗਰ ਤੇ ਛਾਪੇ ਹਨ ਲੱਗੇ,
ਸੁੰਜੀਆਂ ਥਾਵਾਂ ਦਾ ਲੱਕ ਵੱਲੀਏ ।

ਸਵਰਗ ਏਥੇ ਦੁੱਖਾਂ ਦਾ ਕਾਰਨ
ਨਰਕਾਂ ਦੇ ਵਿਚ ਜਸ਼ਨ ਦਿਵਾਲੀ ।
ਬਾਗਾਂ ਨੂੰ ਬਾਲਣ ਕਰ ਸੁੱਟਿਆ
ਆ ਗਈ ਗ਼ਮਲਿਆਂ ਵਿਚ ਖ਼ੁਸ਼ਹਾਲੀ
ਤੋਤਿਆਂ ਕੋਲੋਂ ਜੀਭਾ ਖੋਹ ਕੇ
ਬੰਦਿਆਂ ਨੇ ਆਪਣੇ ਮੂੰਹ ਪਾਈਆਂ,
ਹੁਣ ਹਰਨਾਂ ਦੇ ਵੱਗ ਵਿਚ ਰਲੀਏ ।

ਕਿਸੇ ਪਿਪਲਾਂ ਤੋਂ ਪੀਂਘਾਂ ਲਾਹ ਕੇ
ਰੱਸਿਆਂ ਦੇ ਉਣ ਲਏ ਦੁੱਪਟੇ ।
ਸੰਗਮਰਮਰ ਤੇ ਪੈਣ ਭਰੀਟਾਂ
ਲਿਸ਼ਕਣ ਲੱਗ ਪਏ ਇੱਟਾਂ ਵੱਟੇ ।
ਛਿਤਰ-ਥੋਰ ਬਣੀ ਹੈ ਰਾਣੀ
ਡਾਲ ਫੁੱਲਾਂ ਦੀ ਸੁੱਕ ਚੱਲੀ ਹੈ,
ਪੂੰਜ ਅੱਥਰੂ ਜਿੰਦੇ ਭੱਲੀਏ ।

ਕਪੜਿਆਂ ਵਿਚ ਨੰਗ ਨੱਚਦਾ ਹੈ
ਸੌਦਿਆਂ ਦੇ ਵਿਚ ਜ਼ਰੀ ਬਿਮਾਰੀ ।
ਧਰਤੀ ਦਾ ਧੰਨ ਸਾੜ ਫੂਕ ਕੇ
ਅੰਬਰ ਛੋਂਹਦੀ ਪਈ ਅਟਾਰੀ ।
ਕਿਹੜੇ ਰੂਪ ਦਾ ਹੰਗ ਮਾਣੀਏ
ਹਰ ਸੂਰਤ ਹੈ ਲਿੱਬੀ ਪੋਚੀ
ਆ ਹੁਣ ਨਵੇਂ ਸੱਚੇ ਵਿਚ ਢਲੀਏ ।

ਚਲ ਸੱਜਣਾ ਇਹ ਯੁਗ ਛੱਡ ਚਲੀਏ ।
ਇਸ ਦੇ ਖੇਤੀ ਖੰਜਰ ਉੱਗਦੇ,
ਅੰਬਰਾਂ ਦਾ ਕੋਈ ਪਾਸਾ ਮੱਲੀਏ ।

—ਰੁਬਾਈ—

ਪਿਆਰੇ ਨੂੰ ਜੇ ਦਮ ਦਮ ਮਿਲੀਏ ਹਰ ਦਮ ਨਵੀਂ ਪਛਾਣ ।
ਸੂਲਾਂ ਵਿਚ ਪਰੋਤੇ ਹੋਏ ਵੀ ਹਰ ਪਾਸਾ ਮਹਿਕਾਣ ।
ਪਿਆਰ ਨਾ ਬੁੱਢਾ ਨਾ ਪੁਰਾਣਾ ਨਾ ਆਦੀ ਨਾ ਅੰਤੀ,
ਸੱਭਨਾਂ ਨੂੰ ਵਡਿਆਈ ਬਖਸ਼ੇ ਰਹਿੰਦਾ ਆਪ ਅੰਜਾਣਾ ।

# ਗ਼ਜ਼ਲ

—ਡਾ: ਨਰੇਸ਼

ਹੋਰ ਕਦ ਤੀਕ ਜ਼ਮਾਨੇ ਦਾ ਤਸ਼ੱਦਦ ਜਰਦੇ ।
ਹੋ ਗਏ ਬਾਗ਼ੀ ਅਸੀਂ ਵਕਤ ਤੋਂ ਡਰਦੇ ਡਰਦੇ ।
ਜਿਸਮ ਦੇ ਆਪਣੇ ਤਕਾਜ਼ੇ ਵੀ ਬੜੇ ਜ਼ਾਲਿਮ ਸਨ,
ਜ਼ਹਿਰ ਦਾ ਘੁੱਟ ਨਾ ਭਰਦੇ ਤਾਂ ਭਲਾ ਕੀ ਕਰਦੇ ।
ਨੌਕਰੀ ਵੀ ਤਾਂ ਜ਼ਰੂਰੀ ਸੀ ਗੁਲਾਮੀ ਹੀ ਸਹੀ,
ਸ਼ਾਇਰੀ ਨਾਲ ਕਿਵੇਂ ਪੇਟ ਦਾ ਦੋਜ਼ਖ਼ ਭਰਦੇ ।
ਹਰ ਜਫ਼ਾ ਸਹਿ ਕੇ ਵਫ਼ਾ ਦਿੱਤੀ ਹੈ ਤੈਨੂੰ ਐ ਦੋਸਤ,
ਇਹ ਵੀ ਜੇ ਕੋਈ ਗੁਨਾਹ ਹੈ ਤਾਂ ਮੇਰੇ ਸਿਰ ਧਰ ਦੇ ।
ਇਲਤਿਜਾ ਵਸਲ ਦੀ ਕਰਦੀ ਸੀ ਹਰਿੱਕ ਲਹਿਰ 'ਨਰੇਸ਼,
ਕਿਸ ਤਰ੍ਹਾਂ ਉਸਦੀ ਜੁਦਾਈ ਦਾ ਸਮੁੰਦਰ ਤਰਦੇ ।

—ਪੰਜਾਬ ਯੂਨੀਵਰਸਿਟੀ,
ਈਵਨਿੰਗ ਕਾਲਜ,
ਚੰਡੀਗੜ੍ਹ—੧੬੦੦੧੪



Sri Satguru Jagjit Singh Ji Elibrary NamdhariElibrary@gmail.com

# ਚਾਰ ਗ਼ਜ਼ਲਾਂ

—ਤਖਤ ਸਿੰਘ



ਮਿੱਠੀ ਮਿੱਠੀ ਨੀਂਦ ਵਾਂਗ ਆਵੇਂਗਾ ਤੂੰ,
ਆ ਕੇ ਸੁਪਨੇ ਵਾਂਗ ਟੁਰ ਜਾਵੇਂਗਾ ਤੂੰ।
ਬੋਲ ਤਾਂ ਤੇਰੇ ਸੁਣਾਈ ਦੇਣਗੇ,
ਪਰ ਨਜ਼ਰ ਕਿਧਰੇ ਵੀ ਨ ਆਵੇਂਗਾ ਤੂੰ।
ਮਾਰ ਲੈ ਸਾਹਾਂ ਤੇ ਸੰਨਾਟੇ ਦਾ ਝੁੰਬ,
ਇਉਂ ਵੀ ਇਕ ਆਵਾਜ਼ ਬਣ ਜਾਵੇਂਗਾ ਤੂੰ,
ਯਾਦ ਰਖ, ਜਿਧਰ ਵੀ ਮਾਰੇਂਗਾ ਨਜ਼ਰ,
ਓਧਰੇ ਮੈਨੂੰ ਖੜਾ ਪਾਵੇਂਗਾ ਤੂੰ।
ਚਾਨਣੀ ਪੀ ਪੀ ਕੇ ਸਾਡੇ ਪਿਆਰ ਦੀ,
ਇਕ ਸਮੁੰਦਰ ਵਾਂਗ ਲਹਿਰਾਵੇਂਗਾ ਤੂੰ।
ਇਉਂ ਹੁਣੇ ਸੂਰਜ ਨੂੰ ਆਵਾਜ਼ਾਂ ਨ ਮਾਰ,
ਤ੍ਰੇਲ ਦਾ ਤੁਪਕਾ ਏਂ, ਪਛਤਾਵੇਂਗਾ ਤੂੰ।

(੨)

ਨਜ਼ਰ ਵਿਚ ਨਿੰਮ੍ਹੀ ਨਿੰਮ੍ਹੀ ਰੋਸ਼ਨੀ ਹੈ,
ਕਿਤੇ ਪਲਕਾਂ 'ਚ ਚਾਨਣ ਦੀ ਕਣੀ ਹੈ।
ਇਦ੍ਹੇ ਬੁੱਲਾਂ ਤੇ ਧੱਬੇ ਸਨ ਲਹੂ ਦੇ,
ਮਹਿਕ ਸੂਲਾਂ ਦੇ ਮੂੰਹ ਚੁਮਦੀ ਰਹੀ ਹੈ।
ਇਦ੍ਹੇ ਹਰ ਸ਼ਬਦ ਦੇ ਹਨ ਅਰਥ ਸੌ ਸੌ,
ਗ਼ਜ਼ਲ ਮੇਰੀ ਬੁਝਾਰਤ ਬਣ ਗਈ ਹੈ।
ਸਲੀਬੋਂ ਲਾਸ਼ ਨੂੰ ਛੇਤੀ ਉਤਾਰੋ,
ਕਿ ਮਰ ਕੇ ਵੀ ਅਜੇ ਸਿੱਧੀ ਖੜੀ ਹੈ।
ਜੇ ਮੈਂ ਓਦਣ ਹਾਂ, ਤੂੰ ਮੇਰਾ ਵਿਛਾਉਣਾ,
ਕਰਾਮਾਤ ਇਹ ਵੀ ਸਾਡੇ ਪਿਆਰ ਦੀ ਹੈ।
ਅਲਗ ਭੀੜਾਂ ਤੋਂ, ਆਪਣੇ ਆਪ ਵਿਚ ਗੁੰਮ,
ਖੜਾ ਹੈ ਹੋਰ ਕੌਣ ? ਇਹ ਤਖ਼ਤ ਹੀ ਹੈ।

(੩)

ਰਾਜ ਕਰਦਾ ਸੀ ਜੋ ਖ਼ੁਦਾ ਵਾਂਗੂੰ,
ਹੋ ਗਿਆ ਕਿਉਂ ਹਵਾ, ਹਵਾ ਵਾਂਗੂੰ ?
ਜਿਸ ਨੇ ਲਾਇਆ ਸੀ ਉਮਰ ਭਰ ਦਾ ਰੋਗ
ਅੱਜ ਉਹੋ ਜਾਪਿਆ ਦਵਾ ਵਾਂਗੂੰ।
ਘੱਟ ਅਸੀਂ ਵੀ ਨਹੀਂ ਸਾਂ ਤਰਿਹਾਏ,
ਜੇ ਕਰ ਉਹ ਸੀ ਭਰੇ ਤਲਾ ਵਾਂਗੂੰ।
ਕਾਲਜਾ ਹੁਣ ਵੀ ਤਪ ਰਿਹਾ ਹੈ ਉਵੇਂ,
ਐਵੇਂ ਦਿਸਦੀ ਰਹੀ ਘਟਾ ਵਾਂਗੂੰ।
ਜੀਭ ਠਾਕੀ ਗਈ ਉਦ੍ਹੇ ਸਾਹਵੇਂ,
ਉਸ ਦਾ ਮਿਲਣਾ ਵੀ ਸੀ ਸਜ਼ਾ ਵਾਂਗੂੰ।
ਤਖ਼ਤ ਧੁਖਦੀ ਕਿਤੇ ਜੇ ਰਾਖ ਮਿਲੀ,
ਉਸ ਨੂੰ ਗਲ ਲਾ ਲਵੀਂ ਹਵਾ ਵਾਂਗੂੰ।

(੪)

ਕਦੇ ਇਹ ਵੀ ਕਰਿਸ਼ਮਾ ਕਰ ਲਵਾਂਗਾ,
ਮੈਂ ਸਭ ਅੱਗਾਂ ਦੇ ਦਰਿਆ ਤਰ ਲਵਾਂਗਾ।
ਪਈ ਜੇ ਰਾਤ ਚੇਤੇ ਦੇ ਵਣਾਂ ਵਿਚ,
ਤਾਂ ਪਲਕਾਂ ਤੇ ਟਟਹਿਣੇ ਧਰ ਲਵਾਂਗਾ।
ਤੂੰ ਇਕ ਵਾਰੀ ਕਿਤੋਂ ਆਵਾਜ਼ ਤਾਂ ਦੇ,
ਮੈਂ ਸਭ ਅੱਗਾਂ ਦੇ ਦਰਿਆ ਤਰ ਲਵਾਂਗਾ।
ਸਮੁੰਦਰ ਜਾਣ ਕੇ ਮਹਿਕਾਂ ਦਾ ਤੈਨੂੰ,
ਮੈਂ ਤਰਿਹਾਏ ਬਦਲ ਵਿਚ ਭਰ ਲਵਾਂਗਾ।
ਜੇ ਹੋ ਸੱਕੇ ਤਾਂ ਬੰਦ ਅੱਖਾਂ 'ਚ ਕਰ ਲੈ,
ਮੈਂ ਤੇਰੇ ਮਨ 'ਚ ਤਾਂ ਖਿੱਲਰ ਲਵਾਂਗਾ।
ਹਨੇਰਾ ਬਣ ਕੇ ਤੂੰ ਜਾਵੇਂਗਾ ਕਿੱਥੇ,
ਕਿਰਨ ਬਣ ਕੇ ਮੈਂ ਤੈਨੂੰ ਵਰ ਲਵਾਂਗਾ।



Sri Satguru Jagjit Singh Ji Elibrary NamdhariElibrary@gmail.com

# ਇਕ ਹੁਕਮਨਾਮਾ

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿਖਾਂ ਪ੍ਰਤੀ ਵੱਖ ਵੱਖ ਸਮਿਆਂ ਤੇ ਹੁਕਮਨਾਮਿਆਂ ਰਾਹੀਂ ਉਚੇ ਆਚਰਨ ਅਤੇ ਸੁਚੇ ਜੀਵਨ ਦੇ ਧਾਰਨੀ ਬਣਨ ਲਈ ਉਪਦੇਸ਼ ਦਿਤੇ। ਵਖ ਵਖ ਵਿਸ਼ਿਆਂ ਨੂੰ ਛੋਂਹਦੇ ਇਹ ਹੁਕਮਨਾਮੇ ਉਨੀਵੀਂ ਸਦੀ ਦੀ ਪੰਜਾਬੀ ਗਦ ਦਾ ਵੀ ਸੁੰਦਰ ਨਮੂਨਾ ਹਨ। ਆਪ ਨੇ ਜਲਾਵਤਨੀ ਸਮੇਂ ਵੀ ਹੁਕਮਨਾਮੇ ਭੇਜੇ ਜੋ ਕਿ ਆਪ ਦੇ ਸਿੱਖ ਸਿਰ ਤਲੀ ਤੇ ਧਰਕੇ ਹਕੂਮਤ ਦੀ ਕਹਿਰੀ ਅੱਖ 'ਚ ਘਟਾ ਪਾ ਕੇ ਲਿਆਉਂਦੇ ਰਹੇ। ਅਜਿਹਾ ਕਰ-ਦਿਆਂ ਕਈਆਂ ਦੀਆਂ ਜਾਨਾਂ ਵੀ ਗਈਆਂ।

ਰੰਗੂਨ ਤੋਂ ਭੇਜਿਆ ਗਿਆ ਅਜਿਹਾ ਹੀ ਇਕ ਹੁਕਮਨਾਮਾ ਅਸੀਂ ਪ੍ਰਕਾਸ਼ਤ ਕਰ ਰਹੇ ਹਾਂ। ਇਹ ਹੁਕਮ-ਨਾਮਾ ਅੰਮ੍ਰਿਤਸਰ ਨਿਵਾਸੀ ਭਾਈ ਲਾਹੌਰਾ ਸਿੰਘ ਜੀ ਨੂੰ ਭੇਜਿਆ ਗਿਆ ਸੀ ਪਰ ਉਪਦੇਸ਼ ਸਰਬ ਸਾਂਝਾ ਹੈ।

(ਸੰਪਾਦਕ)

ੴ ਸਤਿਗੁਰ ਪ੍ਰਸਾਦਿ

...ਲਿਖ ਤੁਮ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਉਪਮਾ ਭਾਈ ਲਾਹੌਰਾ ਸਿੰਘ ! ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਬਾਚਨੀ ਹੋਰ ਜੀ ਹਰਿ ਕੋਰ ਨੂੰ ਰਾਮ ਸਤਿ ਬਾਚਨੀ ਬਹੁਤ ਕਰਕੇ। ਹੋਰ ਭਾਈ ਅਸੀਂ ਅਨੰਦ ਹਾਂ। ਤੁਮਾਰੀ ਸੁਖ ਗੁਰੂ ਸਾਹਿਬ ਰਖੇ। ਹੋਰ ਭਾਈ ਲਾਹੌਰਾ ਸਿੰਘ ਜੀ ਤੁਸੀਂ ਇਹ ਬਚਨ ਮੇਰਾ ਮੰਨਣਾ। ਜੇ ਮੰਨੋਗਾ ਤਾਂ ਤੁਸਾਂ ਨੂੰ ਸੁਖ ਹੋਊਗਾ ਠੀਕ। ਪਹਿਲੇ ਤੇ ਇਸ਼ਨਾਨ ਕਰਨਾ ਝਲਾਗੇ ਉਠਕੇ ਦੋਹਾਂ ਨੇ ਅਰ ਬਾਣੀ ਕੰਠ ਕਰਨੀ ਜਪੁ ਜਾਪੁ ਸੁਖਮਣੀ, ਆਸਾ ਦੀ ਵਾਰ ਚੌਅਖਰਾ ਭਜਨ ਬੀ ਕਰਨਾ ਹਰਿ ਬਖਤ, ਅਰ ਜਥਾ ਸਕਤ ਪੁਨ ਬੀ ਜ਼ਰੂਰ ਕਰਨਾ, ਭੁਖੇ ਦੇ ਮੁਹਿ ਅੰਨ ਪੌਣਾ, ਨੰਗੇ ਨੂੰ ਜੋੜਾ ਕਪੜਾ ਦੇਣਾ ਜ਼ਰੂਰ ਅਰ ਬੁੜਕੇ ਬੀ ਜੇ ਏਹੁ ਕਰੋਗੇ ਤਾਂ ਬੁਆਨੂੰ ਅਛਾ ਸੁਖ ਹੋਊਗਾ ਭਾਵੇਂ ਪ੍ਰਤਾ ਲੈਣਾ। ਰਿਜਕ ਦਾ ਬੀ ਬਾਧਾ ਹੋਊ, ਨਾਲੇ ਮਨ ਤਨ ਕਰਕੇ ਬੀ ਸੁਖ ਹੋਊਗਾ ਸਤਿ ਕਰਕੇ ਮੰਨਣਾ। ਜਿਥੋਂ ਤਾਈਂ ਬਣ ਆਵੈ ਭਜਨ ਬਾਣੀ ਨੂੰ ਲਗੇ ਰਹਿਣਾ ਰਾਤ ਦਿਨ। ਤਬ ਥੋੜਾ ਬੀ ਦੁਖ ਨਾ ਰਹੂਗਾ। ਪਰ ਜਥਾ ਸਕਤ ਪੁਨ ਜ਼ਰੂਰ ਕਰਨਾ, ਸਤਿ ਕਰਕੇ ਜਾਨਣਾ ਮੇਰਾ ਕਹਿਣਾ ਏਹ ਅਰਦਾਸ ਦੇਣੀ ਸ੍ਰੀ ਅੰਮ੍ਰਿਤਸਰ ਜੀ ਲਹੌਰਾ ਸਿੰਘ ਨੂੰ, ਸਤਿ ਸ੍ਰੀ ਅਕਾਲ।



Sri Satguru Jagjit Singh Ji Elibrary NamdhariElibrary@gmail.com

ਬਸੰਤ ਦੇ ਅਵਤਾਰ

# ਸਤਿਗੁਰੂ ਰਾਮ ਸਿੰਘ

ਸੰਸਾਰ ਦੇ ਉਹਨਾ ਮਹਾਂਪੁਰਖਾਂ ਜਿਨ੍ਹਾਂ ਨੇ ਮਨੁੱਖ ਜਾਤੀ ਨੂੰ ਹਰ ਪ੍ਰਕਾਰ ਦੀ ਗੁਲਾਮੀ ਤੋਂ ਨਿਜਾਤ ਦਲਾਉਣ ਵਾਸਤੇ ਜਤਨ ਕੀਤੇ, ਸਦੀਆਂ ਬਾਅਦ ਹੀ ਕਦੇ ਪੈਦਾ ਹੁੰਦੇ ਹਨ। ਉਹਨਾਂ ਵਿਚੋਂ ਇਕ ਪ੍ਰਮੁਖ ਨਾਮ,ਨਾਮਧਾਰੀ ਪੰਥ ਦੇ ਸੰਸਥਾਪਕ ਸਤਿਗੁਰੂ ਰਾਮ ਸਿੰਘ ਜੀ ਦਾ ਹੈ। ਆਪ ਜੀ ਦਾ ਜਨਮ ੩ ਫਰਵਰੀ ੧੮੧੬ ਨੂੰ ਬਸੰਤ ਪੰਚਮੀ ਵਾਲੇ ਦਿਨ ਹੋਇਆ। ਜਿਵੇਂ ਬਸੰਤ ਦੀ ਆਮਦ ਨਾਲ ਬਨਸਪਤੀ, ਧਰਤ, ਆਕਾਸ਼ ਮੌਲਦੇ ਹਨ ਇਵੇਂ ਹੀ ਗੁਰੂ ਰਾਮ ਸਿੰਘ ਜੀ ਦੀ ਆਮਦ ਨੇ ਪੰਜਾਬੀਆਂ ਦੇ ਨਰਾਸਤਾ ਭਰੇ ਜੀਵਨ ਵਿਚ ਨਵਾਂ ਖੇੜਾ ਲਿਆਂਦਾ ਅਤੇ ਉਹ ਆਜ਼ਾਦੀ ਦੀਆਂ ਲਹਿਰਾਂ ਨਾਲ ਤਰੰਗਤ ਹੋ ਗਏ। ਉਹਨਾਂ ਨੇ ਦੇਸ਼ ਵਾਸੀਆਂ ਵਿਚ ਉਹ ਸਪਿਰਟ ਭਰੀ ਕਿ ਉਹ ਹੱਸ ਹੱਸ ਕੇ ਤੋਪਾਂ ਨੂੰ ਜੱਫੀਆਂ ਪਾਉਣ ਲਗੇ, ਉਹ ਖਿੜੇ ਮੱਥੇ ਫਾਂਸੀਆਂ ਤੇ ਚੜ੍ਹ ਗਏ ਅਤੇ ਦੇਸੋਂ ਬਦੇਸ਼ ਹੋ ਗਏ। ਦੇਸ਼ ਵਿਚ ਉਹਨਾਂ ਆਜ਼ਾਦੀ ਦਾ ਨਵਾਂ ਨਾਦ ਗੁੰਜਾਇਆ। ਅਤੇ ਲੋਕਾਂ ਦੇ ਗਲੋਂ ਮਾਨਸਿਕ, ਆਰਥਕ, ਸਮਾਜਕ, ਧਾਰਮਕ ਅਤੇ ਰਾਜਸੀ ਗੁਲਾਮੀ ਦਾ ਜੂਲਾ ਪਰੇ, ਲਾਹ ਮਾਰਿਆ।

ਸ. ਕਪੂਰ ਸਿੰਘ ਨੇ ਆਪਣੀ ਪੁਸਤਕ ਸਪਤ ਸ੍ਰਿੰਗ ਵਿਚ ਲਿਖਿਆ ਹੈ:

"ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਦੀ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ ਹੋਇਆ ਜਿਸ ਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇੰਨਾ ਉੱਚਾ ਤੇ ਹਮਾਗੀਰ ਰਖਿਆ ਹੋਵੇ, ਜਿਸ ਦਾ ਮੰਤਵ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ,ਸਮਾਜਕ ਤੌਰ ਤੇ,ਰਾਜਸੀ ਤੌਰ ਤੇ ਸਾਰੇ ਭਰਮਾਂ ਦੇ ਬੰਧਨਾਂ ਨੂੰ ਤੋੜਕੇ ਉਸ ਨੂੰ ਉਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਰਸ਼ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।"

ਜ਼ਿਲ੍ਹਾ ਲੁਧਿਆਣੇ ਦੇ ਇਕ ਪਿੰਡ ਅਰਾਈਆਂ ਨੂੰ ਐਸੀ ਪ੍ਰਸਿਧ ਹਸਤੀ ਨੂੰ ਜਨਮ ਦੇਣ ਦਾ ਮਾਨ ਪ੍ਰਾਪਤ ਹੈ। ਇਹ ਪਿੰਡ ਭੈਣੀ ਸਾਹਿਬ ਦੇ ਨਾਲ ਹੀ ਹੈ। ਭੈਣੀ ਸਾਹਿਬ ਗੁਰੂ ਰਾਮ ਸਿੰਘ ਜੀ ਦੇ ਬਹੁਤੇ ਜੀਵਨ ਅਤੇ ਸਰਗਰਮੀਆਂ ਦਾ ਕੇਂਦਰ ਰਿਹਾ। ਇਹ ਪਿੰਡ ਰਾਈਆਂ ਦੀ ਹੀ ਪੱਤੀ ਸੀ ਅਤੇ ਸ਼ੁਰੂ ਵਿਚ ਹੀ ਆਪ ਜੀ ਦਾ ਪਰਿਵਾਰ ਏਥੇ ਆਣ ਵਸਿਆ ਸੀ।

ਆਪ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਪਿੰਡ ਵਿਚ ਲੁਹਾਰਾ ਤਰਖਾਣਾ ਕੰਮ ਕਰਦੇ ਸਨ ਅਤੇ ਆਪਣੀ ਮੇਹਨਤ ਕਾਰੀਗਰੀ ਇਮਾਨਦਾਰੀ ਅਤੇ ਸ਼ਰਾਫਤ ਕਾਰਨ ਪ੍ਰਸਿਧ ਸਨ। ਮਾਤਾ ਸਦਾ ਕੌਰ ਬਹੁਤ ਉਚੇ ਖਿਆਲਾਂ ਦੀ ਲੋੜ ਅਨੁਸਾਰ ਪੜ੍ਹੀ ਲਿਖੀ ਸਾਤਵਿਕ ਵਿਚਾਰਾਂ ਦੀ ਅਤੇ ਉੱਚੇ ਆਦਰਸ਼ਾਂ ਵਾਲੀ ਇਸਤਰੀ ਸੀ। ਮਾਤਾ ਦੇ ਇਹਨਾਂ ਸਦ-ਗੁਣੀ ਪ੍ਰਭਾਵਾਂ ਥੱਲੇ ਆਪ ਦੀ ਪਾਲਣਾ ਪੋਸਣਾ ਹੋਈ। ਗੁਰਬਾਣੀ, ਭਾਰਤ ਦੇ ਇਤਿਹਾਸ ਅਤੇ ਸਿਖ ਗੁਰੂਆਂ ਬਾਰੇ ਗਿਆਨ ਮੁਖ ਤੌਰ ਤੇ ਮਾਤਾ ਦੀ ਰੋਜ਼ ਦੀ ਸਿਖਿਆ ਵਿਚੋਂ ਪ੍ਰਾਪਤ ਹੋਇਆ।

ਅਪਣੇ ਸਮੇਂ ਦੀ ਬਹੁਤ ਵਧੀਆ ਪੰਜਾਬੀ ਵਾਰਤਕ ਆਪ ਲਿਖ ਲੈਂਦੇ ਸਨ ਅਤੇ ਬਚਪਨ ਵਿਚ ਹੀ ਸਾਰੇ ਗੁਰੂ ਗਰੰਥ ਸਾਹਿਬ ਦਾ ਪਾਠ ਵੀ ਕਰ ਲੈਂਦੇ ਸਨ।

ਪੁਰਾਣੇ ਸਮਿਆਂ ਦੇ ਰਿਵਾਜਾਂ ਅਨੁਸਾਰ ਆਪ ਦੀ ਮੰਗਣੀ ਪੰਜ ਸਾਲ ਦੀ ਉਮਰ ਵਿਚ ਹੀ ਪਿੰਡ ਧਰੋੜਾਂ ਦੇ ਸਾਹਬੂ ਤਰਖਾਣ ਦੀ ਸਪੁਤਰੀ ਬੀਬੀ ਜੱਸਾਂ ਨਾਲ ਹੋ ਗਈ ਅਤੇ ਸਤ ਸਾਲ ਦੀ ਉਮਰ ਵਿਚ ਸ਼ਾਦੀ ਵੀ ਹੋ ਗਈ।

ਬਚਪਨ ਵਿਚ ਹੀ ਆਪ ਦਾ ਸੁਭਾਅ ਆਮ ਮੁੰਡਿਆਂ ਤੋਂ ਵਿਲੱਖਣ ਸੀ। ਜਿਵੇਂ ਕਿ ਆਪ ਦੇ ਬਾਕੀ ਜੀਵਨ ਵਿਚ ਹੀ ਇਹ ਗੱਲ ਪ੍ਰਤੱਖ ਹੋਈ, ਆਪ ਬਹੁਤ ਦੂਰ ਦੀ ਗੱਲ ਸੋਚਦੇ। ਬਚਪਨ ਵਿਚ ਹੀ ਬਚਿਆਂ ਦੀਆਂ ਖੇਡਾਂ ਨਾਲੋਂ ਆਪ ਸ਼ਬਦ ਗਾਇਨ, ਭਜਨ ਬੰਦਗੀ ਅਤੇ ਚਿੰਤਨ ਵਲ ਜ਼ਿਆਦਾ ਸਮਾਂ ਦਿੰਦੇ। ਇਸ ਦੇ ਨਾਲ ਹੀ ਘਰ ਦਿਆਂ ਦਾ ਹੱਥ ਮਾਲ ਡੰਗਰ ਚਾਰਣ ਅਤੇ ਖੇਤੀਬਾੜੀ ਵਿਚ ਵਟਾਉਂਦੇ।



Sri Satguru Jagjit Singh Ji Elibrary NamdhariElibrary@gmail.com

੨੦ ਸਾਲ ਦੀ ਉਮਰ ਵਿਚ ਅਪਣੇ ਭਣਵਦੀਏ ਕਾਬਲ ਸਿੰਘ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕੰਵਰ ਨੌ ਨਿਹਾਲ ਸਿੰਘ ਦੀ ਪਲਟਨ ਵਿਚ ਇਕ ਸਿੱਖ ਸਿਪਾਹੀ ਵਜੋਂ ਭਰਤੀ ਹੋ ਗਏ। ਨੌਕਰੀ ਦਾ ਸਮਾਂ ਆਪ ਦਾ ੧੮੩੬ ਤੋਂ ੧੮੪੫ ਈ: ਤੱਕ ਦਾ ਹੈ। ਇਸ ਸਮੇਂ ਫੌਜ ਦੇ ਨਾਲ ਵਿਚਰਦਿਆਂ ਵੱਖ ਵੱਖ ਥਾਵਾਂ ਤੇ ਜਾਣ ਦਾ ਮੌਕਾ ਮਿਲਿਆ। ਉਸ ਵੇਲੇ ਦੇ ਸਿਆਸੀ ਮਸਲੇ, ਹਾਲਾਤ ਅਤੇ ਵਿਅਕਤੀਆਂ ਦੇ ਕਿਰਦਾਰ ਨੂੰ ਘੋਖਣ ਸਮਝਣ ਦਾ ਸਮਾਂ ਮਿਲਿਆਂ। ਇਸੇ ਦੌਰਾਨ ਆਪ ਦਾ ਹਜ਼ਰੋ ਵਿਖੇ ਗੁਰੂ ਬਾਲਕ ਸਿੰਘ ਨਾਲ ਮੇਲ ਹੋਇਆ ਅਤੇ ਉਹਨਾਂ ਦੇ ਉਤ੍ਰਾਧਿਕਾਰੀ ਆਪ ਹੀ ਬਣੇ। ਫੌਜ ਵਿਚ ਆਪ ਦੀ ਪ੍ਰਸਿਧੀ ਬਹੁਤ ਫੈਲੀ ਅਤੇ ਸਤਿਸੰਗੀਆਂ ਦਾ ਚੰਗਾ ਗੁਟ ਬਣ ਗਿਆ। ਆਪ ਦੀ ਰਜਮੈਂਟ ਦਾ ਨਾਮ ਹੀ ਭਗਤਾਂ ਦੀ ਰਜਮੰਟ ਕਰ ਕੇ ਪ੍ਰਸਿਧ ਹੋ ਗਿਆ।

ਫੌਜ ਵਿਚਲਾ ਨੇਮ ਬੰਦ ਜੀਵਨ ਅਤੇ ਅਜ਼ਮਾਏ ਹੋਏ ਸਾਥੀ ਬਾਦ ਵਿਚ ਆਪ ਦੇ ਬਾਦ ਦੇ ਪ੍ਰੋਗਰਾਮਾਂ ਵਿਚ ਬਹੁਤ ਸਹਾਈ ਹੋਏ।

ਉਸ ਵੇਲੇ ਲਾਹੌਰ ਦਰਬਾਰ ਸਾਜ਼ਸ਼ਾਂ ਦਾ ਗੜ੍ਹ ਬਣਿਆ ਹੋਇਆ ਸੀ ਅਤੇ ਨੇਤਾਵਾਂ ਵਿਚੋਂ ਚਰਿਤ੍ਰ ਅਤੇ ਇਖਲਾਕ ਨਾਮ ਦੀ ਚੀਜ਼ ਅਲੋਪ ਹੋ ਚੁਕੀ ਸੀ। ਆਪ ਨੇ ਅੰਗਰੇਜ਼ਾਂ ਹਥੋਂ ਸਿਖਾਂ ਦੀ ਹਾਰ ਨੂੰ ਪਹਿਲੋਂ ਭੀ ਭਾਂਪ ਲਿਆ ਸੀ। ਅਤੇ ਇਸ ਕਾਰਨ ਭਵਿਖ ਵਾਕ ਵੀ ਕਰਦੇ ਹੁੰਦੇ ਸਨ। ੧੮ ਦਸੰਬਰ ੧੮੪੫ ਨੂੰ ਮੁਦਕੀ ਦੀ ਲੜਾਈ ਵਿਚ ਸਿਖਾਂ ਨੂੰ ਹਾਰ ਹੋਈ ਤੇ ਲਾਹੌਰ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਇਸ ਤੋਂ ਪਹਿਲਾਂ ਆਪ ਆਪਣੇ ਪਿੰਡ ਸ੍ਰੀ ਭੈਣੀ ਸਾਹਿਬ ਆ ਗਏ।

ਅਗਲੇ ਸਾਲਾਂ ਵਿਚ ਉਹਨਾਂ ਨੇ ਪਿੰਡ ਆ ਕੇ ਵਾਹੀ ਕੀਤੀ, ਦੁਕਾਨਦਾਰੀ ਵੀ ਕੀਤੀ ਅਤੇ ਠੇਕੇਦਾਰੀ ਵੀ ਕਰਦੇ ਰਹੇ। ਫਿਰੋਜ਼ਪੁਰ ਦੇ ਕਿਲੇ, ਮੁਕਤਸਰ ਵਿਖੇ ਡਗਰੂ ਵਾਲੇ ਬੰਗਲੇ ਵਿਖੇ ਕੰਮ ਵੀ ਕੀਤਾ ਅਤੇ ਮੁੜ ਭੈਣੀ ਸਾਹਿਬ ਆ ਗਏ। ਇਸ ਸਮੇਂ ਤੱਕ ਆਪ ਦੇ ਆਲੇ ਦੁਆਲੇ ਆਪ ਦੀ ਸ਼ਖਸੀਅਤ ਦੀ ਸ਼ੋਭਾ ਬਹੁਤ ਫੈਲ ਚੁਕੀ ਸੀ ਅਤੇ ਭੈਣੀ ਸਾਹਿਬ ਪੰਜਾਬ ਵਿਚ ਜੀਉਂਦੇ ਜਾਗਦੇ ਲੋਕਾਂ ਦਾ ਕੇਂਦਰ ਬਣ ਚੁਕਾ ਸੀ, ਜਿਥੋਂ ਚਾਨਣਾ ਲੈਣ ਵਾਸਤੇ ਦੂਰ ਦੂਰ ਤੋਂ ਲੋਕ ਆਉਂਦੇ। ਇਸ ਸਮੇਂ ਤਕ ਆਪ ਨੇ ਦੇਸ਼ ਦੀ ਅਧੋਗਤੀ ਹਾਲਤ ਹੋਈ ਨੂੰ ਵੇਖਿਆ ਸੀ ਘੋਖਿਆ ਸੀ। ਅੰਗਰੇਜ਼ਾਂ ਹਥੋਂ ਹਾਰ ਦੇ ਕਾਰਨ ਨਿਰਾਸਤਾ ਦੀ ਕਾਲੀ ਬੋਲੀ ਰਾਤ ਛਾਈ ਹੋਈ ਸੀ। ਵਹਿਮਾਂ ਭਰਮਾਂ ਭ੍ਰਿਸ਼ਟਾਚਾਰ, ਆਲਸ ਦਾ ਬੋਲ ਬਾਲਾ ਸੀ। ਇਹਨਾਂ ਸਾਰੀਆਂ ਬੁਰਾਈਆਂ ਤੋਂ ਦੇਸ਼ ਨੂੰ ਮੁਕਤ ਕਰਾਉਣ ਵਾਸਤੇ ਅਤੇ ਦੇਸ਼ ਸਵਾਧੀਨਤਾ ਵਾਸਤੇ ਅਸਲੋਂ ਨਵਾਂ ਮਾਰਗ ਅਪਨਾਉਣ ਵਾਸਤੇ ਆਪ ਨੇ ਪ੍ਰੋਗਰਾਮ ਤਿਆਰ ਕੀਤਾ ਅਤੇ ਇਸ ਮੰਤਵ ਵਾਸਤੇ ਸੰਨ ੧੮੫੭ ਦੀ ਵਿਸਾਖੀ ਨੂੰ ਭੈਣੀ ਸਾਹਿਬ ਵਿਚ ਇਕ ਵੱਡਾ ਇਕੱਠ ਕਰ ਕੇ ਆਪ ਨੇ ਸੰਤ ਖਾਲਸਾ ਦੀ ਸਥਾਪਨਾ ਕਰਕੇ ਅਪਣੇ ਕਾਰਜ ਕਰਮ ਨੂੰ ਪ੍ਰਗਟ ਕੀਤਾ।

ਆਪ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਬਲਵਾਨ ਆਤਮਾ ਅਤੇ ਨਰੋਏ ਸ਼ਰੀਰ ਦੇਸ਼ ਨੂੰ ਦਾਸਤਾ ਦੇ ਬੰਧਨਾਂ ਤੋਂ ਛੁਟਕਾਰਾ ਦਿਲਾ ਸਕਦੇ ਹਨ। ਸਚਾਈ ਅਤੇ ਸਦਾਚਾਰ ਨੂੰ ਧੁਰਾ ਬਣਾ ਕੇ ਆਪ ਨੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਜਿਸਦਾ ਮੰਤਵ ਸੀ ਲੋਕਾਂ ਨੂੰ ਆਤਮਕ ਤੌਰ ਤੇ ਉਚਾ ਚੁਕਣਾ, ਭਜਨ ਬੰਦਗੀ ਦੁਆਰਾ ਮਨੋਬਲ ਉੱਚਾ ਕਰਨਾ, ਸਮਾਜ ਵਿਚੋਂ ਕੁਰੀਤੀਆਂ ਦੂਰ ਕਰਨੀਆਂ, ਇਸਤਰੀ ਜਾਤੀ ਦੀ ਨਿਘਰੀ ਹਾਲਤ ਚ ਸੁਧਾਰ ਲਿਆਉਣਾ, ਅੰਗਰੇਜ਼ਾਂ ਨਾਲ ਨਿ ਮਿਲਵਰਤਨ ਕਰਕੇ ਅਤੇ ਸੁਦੇਸ਼ੀ ਚੀਜ਼ਾਂ ਦਾ ਪ੍ਰਚਾਰ ਕਰਕੇ ਉਹਨਾਂ ਨੂੰ ਦੇਸ਼ ਛਡਣ ਤੇ ਮਜ਼ਬੂਰ ਕਰਨਾ।

੧੮੬੩ ਨੂੰ ਗੁਰੂ ਰਾਮ ਸਿੰਘ ਜੀ ਨੇ ਸਿਖਾਂ ਵਿਚ ਅਨੰਦ ਕਾਰਜ ਦੀ ਰੀਤ ਚਾਲੂ ਕਰਨ ਵਾਸਤੇ ੨-੩ ਜੂਨ ਨੂੰ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿਚ ਮੇਲਾ ਕੀਤਾ ਜਿਥੇ ੬ ਅਨੰਦ ਕਾਰਜ ਜ਼ਾਤ ਪਾਤ ਦੇ ਬੰਧਨ ਤੋੜ ਕੇ ਕੀਤੇ ਗਏ। ਇਥੇ ਪਹਿਲੀ ਵਾਰ ਪੁਰਾਣੀ ਰੀਤ ਤਿਆਗ ਕੇ ਗੁਰੂ ਗਰੰਥ ਸਾਹਿਬ ਤੋਂ ਲਾਵਾਂ ਪੜ੍ਹ ਕੇ ਆਨੰਦ ਕਾਰਜ ਕੀਤੇ ਗਏ। ਇਸ ਸਮੇਂ ਨਾ ਤਾਂ ਕੋਈ ਬਰਾਤ ਆਈ ਨਾ ਕੋਈ ਹੋਰ ਰਸਮ ਕੀਤੀ ਗਈ। ਇਸ ਗੱਲ ਤੇ ਪੁਰਾਣੇ ਖਿਆਲਾਂ ਦੇ ਲੋਕਾਂ ਅਤੇ ਖਾਸ ਕਰਕੇ ਜਿਨ੍ਹਾਂ ਦੇ ਕਾਰੋਬਾਰ ਤੇ ਸੱਟ ਪਈ, ਉਹਨਾਂ ਨੇ ਥਾਣੇ ਵਿਚ ਗੁਰੂ ਰਾਮ ਸਿੰਘ ਵਿਰੁਧ ਜਾ ਰਿਪੋਰਟ ਲਿਖਵਾਈ। ਫਲਸਰੂਪ ਪੁਲੀਸ ਨੇ ਦਖਲ ਦੇ ਕੇ ਮੇਲਾ ਬਰਖਾਸਤ ਕਰਵਾਇਆ ਅਤੇ ਗੁਰੂ ਰਾਮ ਸਿੰਘ ਜੀ ਨੂੰ ਥਾਣਿਓਂ-ਥਾਣੀਂ ਭੈਣੀ ਸਾਹਿਬ ਪਹੁੰਚਾ ਕੇ ਨਜ਼ਰਬੰਦ ਕਰ ਦਿਤਾ ਤੇ ਆਪ ਦੇ ਪਰਚਾਰ ਤੇ ਪਾਬੰਦੀ ਲਗਾ ਦਿਤੀ।

ਅਗਲੇ ਚਾਰ ਸਾਲ ਕਰੜੀ ਨਿਗਰਾਨੀ ਦਾ ਸਮਾਂ ਸੀ ਅਤੇ ਇਸ ਸਮੇਂ ਅੰਗਰੇਜ਼ ਦੀ ਖੁਫੀਆ ਪੁਲਿਸ ਗੁਰੂ ਰਾਮ ਸਿੰਘ ਵਿਰੁਧ ਸੂਹਾਂ ਇਕੱਠੀਆਂ ਕਰਨ ਤੇ ਲੱਗੀ ਰਹੀ।



Sri Satguru Jagjit Singh Ji Elibrary NamdhariElibrary@gmail.com

ਪਰ ਗੁਰੂ ਜੀ ਨੇ ਆਪਣੇ ਹੇਠ ਬਾਈ ਉੱਚ ਅਧਿਕਾਰੀ ਜਾਂ ਸੂਬੇ ਨੀਯਤ ਕਰਕੇ ਦੂਰ ਦੂਰ ਤਕ ਪਰਚਾਰ ਦੀ ਧੁਮ ਪਾ ਦਿਤੀ। ਇਸ ਗੱਲ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਉਂ ਅੰਕਿਤ ਕੀਤਾ ਹੈ।

ਦੇਸਨ ਮੈਂ ਧੂਮ ਮਾਚੀ ਸਾਚੀ ਇਮਤਾਂਹ ਤਬ,
ਆਵੈ ਲੱਗ ਸਿਖ ਬਾਂਵੈ ਅਜਮਾਵੈ ਤੈਸ ਹੀ
ਮਾਲਵੇ ਦੁਆਬੇ ਮਾਝੇ ਪੱਠੋਹਾਰ ਤੇ ਅਪਾਰ
ਸਿਖ ਕੀਏ ਬੇਸੁਮਾਰ ਤੀਨ ਲਾਖ ਐਸ ਹੀ
ਸੂਬੇ ਕੀਨੇ ਬਾਈ ਤਿਨ ਅਕਬਰ ਸਾਹ ਨਿਆਈਂ
ਉਨ ਕੀ ਜ਼ਬਾਨ ਮੈਂ ਤਾਸੀਰ ਥਾਈ ਵੈਸ ਹੀ
ਨਰ ਨਾਰਿ ਸ਼ਬਦ ਅਪਾਰ ਪਢੈ ਗੁਰੂ ਕੇਰ
ਢੋਲਕੀ ਬਜਾਇ ਬਾਂਧ ਜੋਟੀਆਂ ਅਛੇਸ ਹੀ

ਇਸ ਸਮੇਂ ਆਪ ਨੇ ਭੈਣੀ ਸਾਹਿਬ ਵਿਚ ਲੋਹ ਸਥਾਪਤ ਕਰਕੇ ਸਦਾਵਰਤ ਲੰਗਰ ਚਾਲੂ ਕੀਤਾ ਜਿਥੋਂ ਅਜ ਤੱਕ ਚੋਵੀ ਘੰਟੇ ਲੋੜਵੇਂਦਾਂ ਨੂੰ ਪਰਸ਼ਾਦਾ ਮਿਲ ਜਾਂਦਾ ਹੈ। ਤਿੰਨ ਲੱਖ ਲੋਕ ਉਸ ਵੇਲੇ ਆਪ ਦੇ ਝੰਡੇ ਹੇਠ ਇਕਤ੍ਰ ਹੋ ਗਏ ਸਨ।

ਅਗਲੇ ਪੰਜ ਸਾਲ ਆਪ ਨੇ ਬਹੁਤ ਧੜਲੇਦਾਰ ਪਰਚਾਰ ਕੀਤਾ ਇਸ ਸਮੇਂ ਵਿਚ ਹੋਰ ਵੀ ਲੋਕ ਆਪ ਦੇ ਪਿਛੇ ਆ ਜੁੜੇ। ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਆਪ ਨੇ ਰਿਆਸਤ ਕਸ਼ਮੀਰ ਵਿਚ ਇਕ ਕੂਕਾ ਰਜਮੈਂਟ ਖੜੀ ਕਰਵਾਈ।

ਸੰਨ ੧੮੬੯-੭੧ ਦੇ ਵਿਚ ਇਹ ਰਜਮੈਂਟ ਬਣੀ ਪਰ ਬਾਅਦ ਵਿਚ ਅੰਗਰੇਜ਼ਾਂ ਦੇ ਡਰੋਂ ਮਹਾਰਾਜਾ ਰਣਬੀਰ ਸਿੰਘ ਨੇ ਤੋੜ ਦਿਤੀ। ਇਸੇ ਤਰ੍ਹਾਂ ਨੇਪਾਲ ਦੇ ਵਡੇ ਵਜ਼ੀਰ ਰਾਣਾ ਜੰਗ ਬਹਾਦਰ ਨਾਲ ਦੋਸਤਾਨਾ ਸਬੰਧ ਕਾਇਮ ਕੀਤੇ ਗਏ। ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਦੀ ਅਗਵਾਈ ਵਿਚ ਇਕ ਨਾਮਧਾਰੀ ਮਿਸ਼ਨ ਅਪਰੈਲ ੧੮੭੦ ਵਿਚ ਨੇਪਾਲ ਗਿਆ ਅਤੇ ਗੁਰੂ ਰਾਮ ਸਿੰਘ ਜੀ ਵਲੋਂ ਭੇਜੀਆਂ ਦੋ ਮੱਝਾਂ ਤੇ ਦੋ ਖਚਰਾਂ ਨਾਲ ਭੇਟਾ ਵਜੋਂ ਲੈ ਗਿਆ। ਵਟਾਂਦਰੇ ਵਿਚ ਰਾਣਾ ਜੰਗ ਬਹਾਦਰ ਵਲੋਂ ਬਹੁਤ ਕੀਮਤੀ ਤੋਹਫ਼ੇ ਅਤੇ ਨਕਦ ਭੇਟਾ ਗੁਰੂ ਰਾਮ ਸਿੰਘ ਜੀ ਵਲ ਭੇਜੀ ਗਈ। ਅਫਗਾਨਿਸਤਾਨ ਦੇ ਦੋ ਸ਼ਹਿਜ਼ਾਦੇ ਖੁਫੀਆ ਤੋਰ ਤੇ ਸ੍ਰੀ ਭੈਣੀ ਸਾਹਿਬ ਆ ਕੇ ਆਪ ਨੂੰ ਮਿਲੇ। ਸੰਨ ੧੮੫੭ ਦੇ ਗਦਰ ਦੇ ਬਚੇ ਹੋਏ ਬਾਗੀ ਨੇਤਾਵਾਂ ਨਾਲ ਵੀ ਆਪ ਦਾ ਸਬੰਧ ਸਥਾਪਤ ਸੀ। ਰੂਸ ਸਰਕਾਰ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਸੰਪਰਕ ਦੀਆਂ ਕਨਸੋਆਂ ਅੰਗਰੇਜ਼ ਸਰਕਾਰ ਦੇ ਕੰਨੀਂ ਪੈ ਚੁਕੀਆਂ ਸਨ।

ਇਸ ਸਮੇਂ ਤੱਕ ਅੰਗਰੇਜ਼ਾਂ ਵਲੋਂ ਪੰਜਾਬ ਵਿਚ ਸ਼ੁਰੂ ਕੀਤੀ ਗਊਕਸ਼ੀ ਅਤੇ ਉਹ ਵੀ ਇਤਿਹਾਸਕ ਗੁਰਦੁਆਰਿਆਂ ਕੋਲ ਬਹੁਤ ਚਰਚਾ ਦਾ ਵਿਸ਼ਾ ਬਣ ਚੁਕੇ ਸਨ। ਇਹ ਸਭ ਕੁਝ ਅੰਗਰੇਜ਼ ਦੀ ਸ਼ਹਿ ਤੇ ਲੋਕਾਂ ਵਿਚ ਕਲਹ ਜਗਾਉਣ ਅਤੇ ਪੰਜਾਬੀਆਂ ਦੀ ਅਣਖ ਨੂੰ ਮੇਟਣ ਵਾਸਤੇ ਹੋ ਰਿਹਾ ਸੀ। ਇਸ ਮਸੱਲੇ ਤੇ ਕੁਝ ਨਾਮਧਾਰੀਆਂ ਨੇ ਜੋਸ਼ ਵਿਚ ਆ ਕੇ ਅੰਮ੍ਰਿਤਸਰ ਰਾਇਕੋਟ ਮਾਲੇਰਕੋਟਲਾ ਆਦਿ ਥਾਵਾਂ ਤੇ ਵਾਰਦਾਤਾਂ ਕਰ ਦਿਤੀਆਂ। ਸਿਟੇ ਵਜੋਂ ਅੰਮ੍ਰਿਤਸਰ, ਰਾਇਕੋਟ ਅਤੇ ਲਧਿਆਣੇ ਵਿਚ ਫਾਂਸੀਆਂ ਰਾਹੀਂ ਅਤੇ ਮਾਲੇਰਕੋਟਲਾ ਵਿਖੇ ਤੋਪਾਂ ਨਾਲ ਉੜਾ ਕੇ ਨਾਮਧਾਰੀ ਸਿੰਘ ਸ਼ਹੀਦ ਕਰ ਦਿਤੇ ਗਏ।

ਇਸ ਗੱਲ ਦਾ ਬਹਾਨਾ ਬਣਾ ਕੇ ਗੁਰੂ ਰਾਮ ਸਿੰਘ ਜੀ ਨੂੰ ਮੁਖੀ ਸੂਬਿਆਂ ਸਹਿਤ ੧੭ ਜਨਵਰੀ ੧੮੭੨ ਦੀ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਤੋਂ ਗ੍ਰਿਫਤਾਰ ਕਰਕੇ ੧੮ ਦੀ ਸਵੇਰ ਨੂੰ ਤੜਕੇ ੪ ਵਜੇ ਇਕ ਵਿਸ਼ੇਸ਼ ਰੇਲ ਗੱਡੀ ਰਾਹੀਂ ਅਲਾਹਬਾਦ ਪਹੁੰਚਾ ਦਿਤਾ ਗਿਆ। ਜਿਥੇ ਕਿਲੇ ਵਿਚ ਦੋ ਮਹੀਨੇ ਕੁਝ ਦਿਨ ਕੈਦ ਰਖਣ ਬਾਅਦ ਰੇਲ ਰਾਹੀਂ ਕਲਕਤੇ ਭੇਜ ਕੇ ਅਗੋਂ ਸਮੁੰਦਰੀ ਜਹਾਜ਼ ਰਾਹੀਂ ਬਰਮਾ ਦੇ ਮਸ਼ਹੂਰ ਸ਼ਹਿਰ ਰੰਗੂਨ ਭੇਜਿਆ ਗਿਆ। ਜਿਥੇ ਪਹਿਲਾਂ ਤਾਂ ਸੈਂਟਰਲ ਜੇਹਲ ਦੇ ਇਕ ਖਾਸ ਥਾਂ ਤੇ ਰਖਿਆ ਗਿਆ ਬਾਅਦ ਵਿਚ ਡਾਕਖਾਨੇ ਦੇ ਉਸ ਬੰਗਲੇ ਵਿਚ ਕੈਦ ਕੀਤਾ ਗਿਆ ਜਿਥੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਰੱਖਿਆ ਗਿਆ ਸੀ। ਕੁਝ ਚਿਰ ਤਾਂ ਨਾਮਧਾਰੀਆਂ ਨੂੰ ਆਪ ਬਾਰੇ ਕੁਝ ਪਤਾ ਨਾ ਲਗਾ। ਅੰਤ ਉਹਨਾਂ ਸੂਹ ਕਢ ਲਈ ਅਤੇ ਸਮੁੰਦਰ ਦੀਆਂ ਤਕਲੀਫ਼ਾਂ ਝਾਘ ਕੇ ਉਹਨਾਂ ਮੁੜ ਆਪਣੇ ਗੁਰੂ ਨਾਲ ਸੰਪਰਕ ਕਾਇਮ ਕਰ ਲਿਆ। ਇਸ ਸਮੇਂ ਵੀ ਆਪ ਦੇਸ਼ ਵਿਚਲੀਆਂ ਸਰਗਰਮੀਆਂ ਦੀ ਜਾਣਕਾਰੀ ਰਖਦੇ ਰਹੇ ਅਤੇ ਆਪਣੀਆਂ ਚਿਠੀਆਂ ਵਿਚ ਲੋਕਾਂ ਨੂੰ ਉਤਸ਼ਾਹ ਕਾਇਮ ਰਖਣ ਲਈ ਲਿਖਦੇ ਰਹੇ। ਇਸ ਗੱਲ ਤੋਂ ਸਰਕਾਰ ਅੰਗਰੇਜ਼ੀ ਨੇ ਖਿੱਝ ਕੇ ਸਤੰਬਰ ੧੮੮੦ ਨੂੰ ਬਰਮਾ ਦੇ ਹੋਰ ਸਥਾਨ ਮਰਗੋਈ ਵਿਖੇ ਪਹੁੰਚਾ ਦਿਤਾ। ਇਥੇ ਵੀ ਸਰਕਾਰ ਉਹਨਾਂ ਦਾ ਆਪਣੇ ਲੋਕਾਂ ਨਾਲੋਂ ਸੰਪਰਕ ਤੋੜ ਨਾ ਸਕੀ ਅਤੇ ਭੈਣੀ ਸਾਹਿਬ ਤੋਂ ਰੂਸੀ ਅਧਿਕਾਰੀਆਂ ਨਾਲ ਹੋਈ ਗੱਲਬਾਤ ਦੀ ਰੀਪੋਰਟ ਉਥੇ ਪੁਜਦੀ ਰਹੀ।

ਇਸ ਬਾਅਦ ਸਰਕਾਰ ਨੇ ਐਲਾਨ ਕੀਤਾ ਕਿ ਆਪ ੨੯



Sri Satguru Jagjit Singh Ji Elibrary NamdhariElibrary@gmail.com

ਦਸੰਬਰ ੧੮੮੫ ਨੂੰ ਮਰਗੋਈ ਵਿਖੇ ਸੁਰਗਵਾਸ ਹੋ ਗਏ ਹਨ ਪਰ ਉਹ ਗੁਰੂ ਜੀ ਦੇ ਵਾਰਸਾਂ ਦੀ ਇਸ ਬਾਰੇ ਕੋਈ ਤਸੱਲੀ ਨਾ ਕਰਵਾ ਸਕੇ ਅਤੇ ਅੱਜ ਤੱਕ ਨਾਮਧਾਰੀਆਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਉਹ ਜੀਵਤ ਹਨ।

ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਦਾ ਮੁਲਾਂਕਣ ਸੰਨ ੧੮੭੧ ਵਿਚ ਛਪੀ ਸਰਕਾਰੀ ਰਿਪੋਰਟ ਵਿਚ ਮਿਸਟਰ ਜੇ. ਡਬਲਯੂ. ਮੈਕਨਬ ਕਮਿਸ਼ਨਰ ਅੰਬਾਲਾ ਨੇ ਇਵੇਂ ਕੀਤਾ ਹੈ।

"ਰਾਮ ਸਿੰਘ ਚਲਾਕ ਆਦਮੀਆਂ ਦੀ ਕਠਪੁਤਲੀ ਨਹੀਂ ਹੈ। ਜਿਸ ਨੇ ਉਸ ਦਾ ਦਰਸ਼ਨ ਕੀਤਾ ਹੈ। ਗੱਲਾਂ ਕੀਤੀਆਂ ਹਨ ਉਹ ਉਸ ਦੀ ਬੁੱਧੀ ਦੀ ਸਥਿਰਤਾ ਅਤੇ ਆਚਰਣ ਦੀ ਅਡੋਲਤਾ ਨੂੰ ਵੇਖਣ ਬਿਨਾਂ ਨਹੀਂ ਰਹਿਆ ਹੋਵੇਗਾ। ਆਪਣੇ ਉਤੇ ਕਾਬੂ ਪਾਉਣ ਵਾਲੇ ਇਹ ਵੱਡੇ ਗੁਣ ਕਿਸੇ ਸਾਧਾਰਣ ਆਗੂ ਵਿਚ ਨਹੀਂ ਹੋ ਸਕਦੇ ॥"

ਉਸ ਸਮੇਂ ਸਰਕਾਰੀ ਕਰਮਚਾਰੀਆਂ ਵਿਚ ਗੁਰੂ ਰਾਮ ਸਿੰਘ ਬਾਰੇ ਵੰਡੇ ਗਏ ਟਰੈਕਟ ਵਿਚ ਇਹ ਗੱਲਾਂ ਦਰਜ ਹਨ।

"ਉਹ ਕੂਕੇ, ਉਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ, ਚੋਰੀ ਯਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਿਖੇਧੀ ਕਰਦੇ ਹਨ। ਉਹ ਤਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਸਿਖ ਪੰਥ ਨੂੰ ਭ੍ਰਿਸ਼ਟ ਕਰ ਦਿਤਾ ਹੈ"

ਆਪ ਜੀ ਨੇ ਇਹ ਨਿਰਣਾ ਕਢਿਆ ਹੋਇਆ ਸੀ ਕਿ ਉਹਨਾਂ ਚਿਰ ਕੋਈ ਵੀ ਜਾਤੀ ਕੌਮ ਜਾਂ ਦੇਸ਼ ਤਰੱਕੀ ਨਹੀਂ ਕਰ ਸਕਦਾ ਜਿਨ੍ਹਾਂ ਚਿਰ ਉਸ ਦੀਆਂ ਔਰਤਾਂ ਦਾਸ ਹਨ। ਇਸ ਵਾਸਤੇ ਇਸਤਰੀ ਜਾਤੀ ਵਾਸਤੇ ਆਪ ਨੇ ਬਹੁਤ ਉਦਾਰਤਾ ਵਖਾ ਕੇ ਇਸ ਦੇ ਬੰਦ ਖਲਾਸ ਲਈ ਜਤਨ ਕੀਤੇ। ਉਸ ਸਮੇਂ ਜੰਮਦੀਆਂ ਕੁੜੀਆਂ ਮਾਰ ਦੇਣ ਦਾ ਰਿਵਾਜ ਸੀ, ਬਾਲ ਵਿਆਹਾਂ ਦੀ ਰੀਤ ਪ੍ਰਚਲਤ ਸੀ ਆਪ ਨੇ ਇਹ ਗੱਲਾਂ ਵਿਵਰਜਤ ਕੀਤੀਆਂ ਅਤੇ ਅਪਣੇ ਇਕ ਹੁਕਮਨਾਮੇ ਵਿਚ ਲਿਖਿਆ।

"ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ, ਨਾ ਬੱਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੇਂ ਨਾ ਬੜਣ ਦੇਣਾ।"

ਇਸੇ ਤਰ੍ਹਾਂ ਇਕ ਹੋਰ ਥਾਂ ਆਪ ਲਿਖਦੇ ਹਨ।

ਜੋ ਕੋਈ ਬੱਟਾ ਕਰੂਗਾ ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸ ਦੇ ਨਾਲ ਨਹੀਂ ਬਰਤਣਾ।

ਛੋਟੀ ਉਮਰ ਦੇ ਵਿਆਹਾਂ ਨੂੰ ਬੰਦ ਕਰਨ ਸਬੰਧੀ ਆਪ ਦੇ ਇਕ ਹੁਕਮਨਾਮੇ ਵਿਚ ਦਰਜ ਹੈ।

"ਸਾਰੇ ਬਹੀਰ ਨੂੰ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘੱਟ ਕੋਈ ਕੁੜੀ ਨਾ ਬਿਆਹੇ। ਦਾਰੂ ਮਾਸ ਨਹੀਂ ਖਾਣਾ। ਖੌਫ ਰਖਣਾ ਗੁਰੂ ਦਾ ਹਰਦਮ।

ਲੜਕੀਆਂ ਨੂੰ ਵਿਦਿਆ ਪੜਾਉਣ ਦਾ ਆਪ ਦਾ ਤਾਗੀਦੀ ਹੁਕਮ ਸੀ ਸਗੋਂ ਵਿਦਿਆ ਤਾਂ ਆਪ ਹਰ ਪ੍ਰਾਣੀ ਮਾਤਰ ਲਈ ਜ਼ਰੂਰੀ ਸਮਝਦੇ ਸਨ।

ਆਪ ਨੇ ਲਿਖਤੀ ਤੌਰ ਤੇ ਤਾਕੀਦ ਕੀਤੀ।

"ਸਾਰੀ ਸੰਗਤ ਨੂੰ ਇਹ ਹੁਕਮ ਸੁਣਾ ਦੇਣਾ। ਬਾਣੀ ਕੰਠ ਕਰਨ ਸਰਬ ਬੁੱਢੇ, ਬਾਲੇ, ਮਾਈ ਬੀਬੀ। ਪਿਛਲੀ ਰਾਤ ਇਸ਼ਨਾਨ ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ।"

ਬੀਬੀ ਨੰਦਾ ਲੜਕੀਆਂ ਨੂੰ, ਬਹੂਆਂ ਨੂੰ ਭੀ ਅੱਖਰ ਪੜ੍ਹਾ ਦੇਣੇ, ਗੁਰਮਖੀ, ਬਾਣੀ ਕੰਠ ਕਰਾਇ ਦੇਣੀ।

ਉਸ ਸਮੇਂ ਵਿਚ ਛਪੀ ਇਕ ਛੋਟੀ ਪੁਸਤਕ Brieg account of Kuka sect ਵਿਚ ਲਿਖਿਆ ਹੈ।

ਉਹ ਸਿੱਖਾਂ ਵਿਚੋਂ ਜ਼ਾਤ ਪਾਤ ਦਾ ਭਰਮ ਮਿਟਾਂਦਾ ਹੈ। ਸਭ ਜ਼ਾਤਾਂ ਵਿਚ ਪ੍ਰਸਪਰ ਖੁਲ੍ਹੀਆ ਵਿਆਹ ਸ਼ਾਦੀਆਂ ਦਾ ਪਰਚਾਰ ਕਰਦਾ ਹੈ। ਵਿਧਵਾ ਵਿਆਹ ਦੀ ਆਗਿਆ ਦੇਂਦਾ ਹੈ। ਸ਼ਰਾਬ ਤੇ ਨਸ਼ਿਆਂ ਤੋਂ ਵਰਜਦਾ ਹੈ।......

ਸ: ਕਪੂਰ ਸਿੰਘ ਅਨੁਸਾਰ ਉਹਨਾਂ ਦਾ ਇਹ ਪਰਚਾਰ ਹੀ ਕਿ ਇਸਤਰੀ ਅਤੇ ਮਰਦ ਸਮਾਜ ਵਿਚ ਬਰਾਬਰ ਦੇ ਹਕਦਾਰ ਹਨ, ਉਹਨਾਂ ਨੂੰ ਸੰਸਾਰ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦੇਂਦਾ ਹੈ।

ਕੁਰੀਤੀਆਂ ਦੇ ਬੋਝ ਤੋਂ ਹੌਲਿਆਂ ਕਰਕੇ ਆਤਮਕ ਤੌਰ ਤੇ ਬਲਵਾਨ ਕਰਕੇ ਉਹਨਾਂ ਦੇਸ਼ ਵਾਸੀਆਂ ਨੂੰ ਆਜ਼ਾਦੀ ਵਾਸਤੇ ਪ੍ਰੇਰਿਆ ਅਤੇ ਅੰਗਰੇਜ਼ ਸਰਕਾਰ ਵਲੋਂ ਚਲਾਏ ਅਦਾਰਿਆਂ ਦਾ ਬਾਈਕਾਟ ਕਰ ਕੇ ਸਰਕਾਰ ਨਾਲ ਨਾ ਮਿਲਵਰਤਨ ਦੇ ਪ੍ਰੋਗਰਾਮ ਨੂੰ ਜ਼ੋਰਦਾਰ ਤਰੀਕੇ ਨਾਲ ਚਲਾਇਆ। ਇਥੋਂ ਤਕ ਕੇ ਕਚਹਿਰੀਆਂ, ਡਾਕਖਾਨਿਆਂ, ਅੰਗਰੇਜ਼ੀ ਸਕੂਲਾਂ ਅਤੇ ਰੇਲਾਂ ਦੀ ਵਰਤੋਂ ਦਾ ਵੀ ਤਿਆਗ ਕੀਤਾ ਅਤੇ ਇਸ ਦੇ ਮੁਕਾਬਲੇ ਵਿਚ ਪੰਚਾਇਤਾਂ ਵਿਚ

(ਬਾਕੀ ਸਫਾ ੧੫ ਤੇ)



Sri Satguru Jagjit Singh Ji Elibrary NamdhariElibrary@gmail.com

# ਫਗਣ ਖੇਡਾਂਗੇ ਹੋਲੀ

ਜਗਦੀਸ਼ ਸਿੰਘ

ਹੋਲੀ ਦਾ ਤਿਉਹਾਰ ਭਾਰਤ ਵਿਚ ਖੁਸ਼ੀਆਂ ਤੇ ਚਾਵਾਂ ਮਲਹਾਰਾਂ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਭਾਵੇਂ ਮਧ ਭਾਰਤ ਦੇ ਪ੍ਰਾਂਤਾਂ ਵਿਚ ਤਾਂ ਇਹ ਆਪਣੇ ਜੋਬਨ ਤੇ ਹੁੰਦਾ ਹੈ। ਪਰ ਪੰਜਾਬ ਵਿਚ ਵੀ ਇਸ ਦਾ ਆਪਣਾ ਮਹੱਤਵ ਹੈ। ਫੱਗਣ ਦੀ ਪੂਰਨਮਾਸ਼ੀ ਨੂੰ ਆਉਣ ਵਾਲਾ ਇਹ ਤਿਉਹਾਰ ਪੂਰਾ ਹਫਤਾ ਮਨਾਇਆ ਜਾਂਦਾ ਹੈ। ਅਤੇ ਇਸੇ ਕਰ ਕੇ ਫਗਣ (ਜਾਂ ਫਾਗ) ਅਤੇ ਹੋਲੀ ਇਕ ਮਿਕ ਹੋ ਗਏ ਹਨ। ਰੁੱਤਾਂ ਦੀ ਸਿਰਤਾਜ ਬਸੰਤ ਰੁੱਤ ਵੀ ਇਸ ਸਮੇਂ ਜੋਬਨ ਤੇ ਹੁੰਦੀ ਹੈ। ਧਰਤੀ ਮਣਮੋਹਣਾ ਰੂਪ ਵਟਾਉਂਦੀ ਹੈ। ਪੰਜਾਬੀ ਲੋਕ ਗੀਤ ਵਿਚ ਇਸ ਮਹੀਨੇ ਬਾਰੇ ਕਿਹਾ ਹੈ—

ਫੱਗਣ ਮਹੀਨੇ ਮੀਂਹ ਪੈ ਜਾਂਦਾ,
ਲਗਦਾ ਕਰੀਰੀਂ ਬਾਟਾ।
ਸਰ੍ਹੋਂ ਨੂੰ ਤਾਂ ਫੁੱਲ ਲੱਗ ਜਾਂਦੇ,
ਛੋਲਿਆਂ ਨੂੰ ਪਵੇ ਪਟਾਕਾ।
ਸ਼ੌਕ ਨਾਲ ਜੱਟ ਪਾਉਂਦੇ ਗਿੱਧਾ,
ਰੱਬ ਸਭਨਾਂ ਦਾ ਰਾਖਾ,
ਬਸੰਤੀ ਫੁੱਲਾ ਵੇ, ਆ ਕੇ ਦੇ ਜਾ ਝਾਕਾ।

ਪੰਜਾਬੀ ਦਾ ਇਕ ਹੋਰ ਲੋਕ ਗੀਤ ਸਰ੍ਹੋਂ ਦੇ ਭਰੇ ਬੀਜੇ ਖੇਤਾਂ ਅਤੇ ਹੋਲੀ ਦਾ ਜ਼ਿਕਰ ਇੰਜ ਕਰਦਾ ਹੈ—

ਫੱਗਣ ਦੇ ਮਹੀਨੇ ਸਰ੍ਹੋਂ ਖੇਤੀ ਫੁੱਲੀ ਏ।
ਹੋਲੀ ਦੀ ਬਹਾਰ ਵੀ ਤਾਂ ਧਰਤੀ ਤੇ ਡੁੱਲੀ ਏ।

ਫੱਗਣ ਮਹੀਨਾ ਹੋਲੀ ਤੇ ਰੰਗ ਲਿਆਉਂਦਾ ਹੈ ਤੇ ਜਿਨ੍ਹਾਂ ਦੇ ਪਿਆਰੇ ਘਰ ਹੁੰਦੇ ਹਨ ਉਹ ਮਨਾਉਂਦੇ ਹਨ—

ਫੱਗਣ ਮਹੀਨੇ ਵੇ ਲਾਲ, ਹੋਲੀ ਰੰਗ ਲਿਆਈ,
ਜਿਨ੍ਹਾਂ ਘਰ ਲਾਲ ਆਏ ਰੱਜ ਕੇ ਮਨਾਈ।

ਅਤੇ

ਫੱਗਣ ਖੇਡਾਂਗੇ ਹੋਲੀ, ਚੰਨਾ ਘਰੇ ਵੇ ਰਹੀਂ।
ਰੁੱਖਾ ਸੁੱਖਾ ਖਾ ਕੇ ਲਾਲ, ਘਰੇ ਵੇ ਰਹੀਂ।

ਦਸਮ ਗਰੰਥ ਵਿਚ ਸ੍ਰੀ ਕ੍ਰਿਸ਼ਨ ਜੀ ਦੁਆਰਾ ਹੋਲੀ ਖੇਡਣ ਦਾ ਜ਼ਿਕਰ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ ਕਿ ਮਾਘ ਪਿਛੋਂ ਫੱਗਣ ਵਿਚ ਹੋਲੀ ਆਉਣ ਤੇ ਕਿਵੇਂ ਕ੍ਰਿਸ਼ਨ ਜੀ ਗੋਪੀਆਂ ਨਾਲ ਹੋਲੀ ਖੇਡਦੇ, ਗੀਤ ਗਾਉਂਦੇ ਅਤੇ ਧਮਾਰ ਤਾਲ ਤੇ ਨਾਚ ਕਰਦੇ ਹਨ—

ਮਾਘ ਬਤੀਤਿ ਭਏ ਰੁਤ ਫਾਗੁਨ,
ਆਇ ਗਈ ਸਭ ਖੇਲਤ ਹੋਰੀ,
ਗਾਵਤ ਗੀਤ ਬਜਾਵਤ ਤਾਲ,
ਕਹੈ ਮੁਖ ਤੇ ਭਰੂਆ ਮਿਲ ਜੋਰੀ,
ਡਾਰਤ ਹੈ ਅਲਿਤਾ ਬਨਿਤਾ,
ਛਟਿਕਾ ਸੰਗ ਮਾਰਤ ਬੈਸਨ ਥੋਰੀ,
ਖੇਲਤ ਸਾਮ ਧਮਾਰ ਅਨੂਪ,
ਮਹਾ ਮਿਲਿ ਸੁੰਦਰਿ ਸਾਂਵਲ ਗੋਰੀ।

ਇਹ ਹੋਲੀ ਦਾ ਤਿਉਹਾਰ ਜੁਗਾਂ ਤੋਂ ਖੁਸ਼ੀਆਂ ਖੇੜਿਆਂ ਹਾਸਿਆਂ ਤੇ ਠੱਠੇ ਮਖੌਲਾਂ ਦੇ ਤਿਉਹਾਰ ਵਜੋਂ ਚਲਿਆ ਆ ਰਿਹਾ ਹੈ ਜਿਸ ਦਿਨ ਲੋਕ ਨਸਲ ਜਾਤ ਦੇ ਭਿੰਨ ਭੇਦ ਭੁੱਲ ਕੇ ਇਕ ਮਿਕ ਹੋ ਖੁਸ਼ੀਆਂ ਮਨਾਉਂਦੇ ਹਨ। ਸਿਖ ਗੁਰੂ ਸਾਹਿਬਾਨ ਨੇ ਇਸ ਤਿਉਹਾਰ ਨੂੰ ਭਾਵੇਂ ਅਧਿਆਤਮਕ ਰੰਗ ਦਿਤਾ ਪਰ ਇਹ ਪ੍ਰਤੀਕ ਖੁਸ਼ੀਆਂ ਅਨੰਦ ਅਤੇ ਮੰਗਲਾਚਾਰ ਦਾ ਹੀ ਰਿਹਾ। ਗੁਰੂ ਅਰਜਨ ਦੇਵ ਵੀ ਬਸੰਤ ਰਾਗ ਵਿਚ ਲਿਖਦੇ ਹਨ—

ਗੁਰੁ ਸੇਵਉ ਕਰਿ ਨਮਸਕਾਰ ॥
ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥
ਚਿੰਤ ਲਥੀ ਭੇਟੇ ਗੋਬਿੰਦ ॥ ੧ ॥

ਆਜੁ ਹਮਾਰੈ ਗ੍ਰਿਹਿ ਬਸੰਤ ॥
ਗੁਨ ਗਾਏ ਪ੍ਰਭ ਤੁਮ ਬੇਅੰਤ ॥ ੧ । ਰਹਾਉ



Sri Satguru Jagjit Singh Ji Elibrary NamdhariElibrary@gmail.com

ਆਜੁ ਹਮਾਰੈ ਬਨੇ ਫਾਗ ॥
ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥ ੨ ॥

ਮਨੁ ਤਨੁ ਮਉਲਿਓ ਅਤਿ ਅਨੂਪ ॥
ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥
ਸਦ ਬਸੰਤ ਗੁਰ ਮਿਲੇ ਦੇਵ ॥ ੩ ॥

ਬਿਰਖੁ ਜਮਿਓ ਹੈ ਪਾਰ ਜਾਤ ॥
ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥
ਜਨ ਨਾਨਕ ਹਰਿ ਹਰਿ ਹਰਿ ਧਿਆਇ ॥ ੪ ॥

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਵਿਚ ਵੀ ਹੋਲੀ ਦੇ ਤਿਉਹਾਰ ਤੇ ਸੰਗਤਾਂ ਕੇਸਰ, ਕਸਤੂਰੀ ਤੇ ਗੁਲਾਬ ਛਿੜਕ ਕੇ ਮਨਾਉਂਦੀਆਂ ਸਨ ਜਿਸ ਵਿਚ ਸਤਿਗੁਰੂ ਜੀ ਆਪ ਵੀ ਹਿੱਸਾ ਲੈਂਦੇ। ਭਾਈ ਨੰਦ ਲਾਲ ਜੀ ਦੀ ਫਾਰਸੀ ਦੀ ਇਕ ਗਜ਼ਲ ਹੈ—

'ਗੁਲੇ ਹੋਲੀ ਬਬਾਗ਼ੇ ਦਹਰ ਬੂ ਕਰਦ' ਗ਼ਜ਼ਲ ਦਾ ਭਾਵ ਹੈ ਹੋਲੀ ਦਾ ਫੁੱਲ ਖਿੜਿਆ, ਸੁਗੰਧੀ ਨਾਲ ਸਾਰਾ ਬਾਗ ਮਹਿਕ ਪਿਆ। ਮੂੰਹ (ਪ੍ਰੀਤਮ ਦਾ) ਕਲੀ ਵਾਂਗ ਖਿੜ ਗਿਆ, ਗੁਲਾਬ, ਅੰਬਰ ਕਸਤੂਰੀ ਅਤੇ ਅਬੀਰ ਸਾਰੇ ਪਾਸੇ ਮੀਂਹ ਵਾਂਗ ਵਸਣ ਲਗ ਪਏ। ਕੇਸਰ ਨਾਲ ਭਰੀ ਹੋਈ ਸੋਹਣੀ ਪਿਚਕਾਰੀ ਨੇ ਸਭ ਦੇ ਚਿੱਟੇ ਕਪੜਿਆਂ ਨੂੰ ਸੋਹਣਾ ਰੰਗ ਚੜ੍ਹਾ ਦਿਤਾ। ਸਤਿਗੁਰੂ ਨੇ ਆਪਣੇ ਹੱਥਾਂ ਨਾਲ ਗੁਲਾਲ ਉਡਾ ਕੇ ਧਰਤੀ ਤੇ ਆਕਾਸ਼ ਨੂੰ ਵੀ ਰੰਗ ਦਿਤਾ। ਉਹਨਾਂ ਦੀ ਕਿਰਪਾ ਨਾਲ ਦੋਵੇਂ ਲੋਕ ਰੰਗੇ ਗਏ ਹਨ, ਜਦੋਂ ਉਸ ਦਸ਼ਮੇਸ਼ ਪਿਆਰੇ ਨੇ ਰੰਗਿਆ ਹੋਇਆ ਚੋਲਾ ਪਾਇਆ ਤਾਂ ਜਿਸ ਨੇ ਉਹਨਾਂ ਦਾ ਦਰਸ਼ਨ ਕੀਤਾ ਸਾਰੀ ਉਮਰ ਦੀਆਂ ਆਸਾਂ ਪੂਰਨ ਕਰ ਲਈਆਂ। ਸਾਧ ਸੰਗਤ ਦੀ ਧੂੜੀ ਤੋਂ ਕੁਰਬਾਨ ਜਾਵਾਂ, ਇਹ ਹੀ ਮੇਰਾ ਦਿਲ ਚਾਹੁੰਦਾ ਹੈ।"

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕੌਮੀ ਤਿਉਹਾਰ ਨੂੰ ਕੇਵਲ ਅਨੰਦ ਹੁਲਾਸ ਦਾ ਹੀ ਤਿਉਹਾਰ ਨਾ ਰਹਿਣ ਦਿਤਾ ਸਗੋਂ ਸਮੇਂ ਦੀ ਲੋੜ ਅਨੁਸਾਰ ਰੰਗ ਖੇਡਣ ਦੇ ਨਾਲ ਨਾਲ ਜੰਗੀ ਸ਼ਸਤਰਾਂ ਦੇ ਅਭਿਆਸ ਦਾ ਦਿਨ ਅਤੇ ਯੁੱਧ ਨੀਤੀਆਂ ਦੇ ਦਾਅ ਪੇਚਾਂ ਅਤੇ ਮਸਨੂਈ ਜੰਗ ਦੇ ਕਰਤਬਾਂ ਦਾ ਦਿ ਵੀ ਨੀਯਤ ਕਰ ਦਿਤਾ ਅਤੇ ਖਾਲਸੇ ਦੇ ਬਾਕੀ ਚੀਜ਼ਾਂ ਪੁਲਿੰਗ ਵਾਚੀ ਨਾਮਕਰਨਾਂ ਜਿਵੇਂ ਬਰਛੀ ਤੋਂ ਬਰਛਾ, ਤੇ ਤੋਂ ਤੇਗਾ, ਦਾੜ੍ਹੀ ਤੋਂ ਦਾੜ੍ਹਾ ਵਾਂਗ ਹੋਲੀ ਦਾ ਹੋਲਾ ਬ ਦਿਤਾ।

ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ ਹੋਲਾ ਨ ਇੰਜ ਹੈ।

"ਬਰਛਾ ਢਾਲ ਕਟਾਰਾ, ਤੇਗਾ, ਕੜਛਾ ਦੇਗਾ ਗੋਲਾ ਹੈ
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਕੋਨਾ ਟੋਲਾ ਹੈ
ਸੁਭਟ ਸੁਚਾਲਾ ਅਰੁ ਲਖ ਬਾਹਾਂ, ਕਲਗਾ ਸਿੰਘ ਸੁਚੋਲਾ ਹੈ
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ

ਦਸ਼ਮੇਸ਼ ਜੀ ਨੇ ਚੇਤ ਵਦੀ ਇਕ ਸੰਮਤ ੧੭੫੭ ਨੂੰ ਹੋ ਦੇ ਨਾਲ ਮਹੱਲਾ ਖੇਡਣ ਦੀ ਰੀਤ ਤੋਰੀ। ਮਹੱਲਾ ਬਾਰੇ ਭਾ ਕਾਹਨ ਸਿੰਘ ਜੀ ਮਹਾਨ ਕੋਸ਼ ਵਿਚ ਲਿਖਦੇ ਹਨ।

"ਮਹਲਾ : ਸੰਗਯਾ ਜਿਸ ਥਾਂ ਨੂੰ ਫਤਹਿ ਕਰਕੇ ਉਤਰੀਏ, ਹਲੂਲ ਦੀ ਥਾਂ ਅਥਵਾ ਦੌੜਨ ਦਾ ਅਸਥਾਨ। ਗੁ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਯੁੱਧ ਵਿਦਿਆ ਵਿਚ ਨਿਪੁੰ ਕਰਨ ਲਈ ਚੇਤ ਵਦੀ ਇਕ ਨੂੰ ਮਸਨੂਈ ਜੰਗ ਦੇ ਅਭਿਆ ਦਾ ਦਿਨ ਠਹਿਰਾਇਆ, ਇਸ ਦਿਨ ਇਕ ਥਾਂ ਹਮਲੇ ਲਈ ਨੀਯਤ ਕਰਕੇ ਦੋ ਦਲ ਬਣਾਏ ਜਾਂਦੇ ਸਨ। ਜਿਨ੍ਹਾਂ ਦੇ ਸਰਦਾਰ ਚੁਣਵੇ ਸਿੰਘ ਹੋਇਆ ਕਰਦੇ ਸਨ। ਜੋ ਇਕ ਦਲ ਦਾ ਵਾਰ ਰੋਕ ਕੇ ਚਤੁਰਾਈ ਨਾਲ ਖਾਸ ਥਾਂ ਪੁਰ ਕਬਜ਼ਾ ਕਰ ਲੈਂਦਾ ਉਹ ਜਿਤਿਆ ਸਮਝਿਆ ਜਾਂਦਾ........."

ਅਨੰਦਪੁਰ ਸਾਹਿਬ ਵਿਚ ਹੁਣ ਵੀ ਹੋਲੇ ਮਹੱਲੇ ਦਾ ਤਿਉਹਾਰ ਬਹੁਤ ਧੂਮਧਾਮ ਅਤੇ ਸਜ ਧਜ ਨਾਲ ਮਨਾਇਆ ਜਾਂਦਾ ਹੈ।

ਨਾਮਧਾਰੀ ਸਮਾਜ ਵਿਚ ਵੀ ਹੋਲੇ ਦੀ ਬਹੁਤ ਮਹੱਤਤਾ ਹੈ। ਨਾਮਧਾਰੀ ਹੋਲੇ ਮਹੱਲੇ ਇਕ ਥਾਂ ਹੋਣੇ ਜ਼ਰੂਰੀ ਨਹੀਂ ਸਗੋਂ ਹਰ ਸਾਲ ਕਦੇ ਕਿਤੇ ਕਦੇ ਕਿਤੇ ਹੁੰਦੇ ਹਨ। ਭਾਵੇਂ ਕਈ ਥਾਈਂ ਇਕ ਤੋਂ ਵਧ ਵਾਰ ਲਗਾਤਾਰ ਵੀ ਹੋ ਜਾਂਦੇ ਹਨ। ਪਰ ਇਕ ਥਾਂ ਕਰਨ ਦਾ ਜ਼ਰੂਰੀ ਨਿਯਮ ਨਹੀਂ ਹੈ। ਇਸ ਹੋਲੇ ਦੇ ਨਾਲ ਨਾਲ ਹੁਣ ਗੁਰੂ ਬਾਲਕ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦਾ ਜਨਮ ਦਿਨ ਜੋੜ ਕੇ ਮੇਲੇ ਨੂੰ ਤ੍ਰਬੈਨੀ ਸਮਾਰੋਹ ਦੇ ਤੌਰ ਤੇ ਮਨਾਇਆ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

ਇਸ ਵਿਚ ਸਮੂਹਕ ਅਨੰਦ ਕਾਰਜ, ਸੰਗੀਤ ਸਮੇਲਨਾਂ, ਕਵੀ ਦਰਬਾਰਾਂ ਅਤੇ ਗੁਰਬਾਨੀ ਕੀਰਤਨ ਦੇ ਪ੍ਰੋਗਰਾਮਾਂ ਨੇ ਹੋਰ ਰੋਚਕ ਬਣਾ ਦਿਤਾ ਹੈ।

ਗੁਰੂ ਰਾਮ ਸਿੰਘ ਦੇ ਸੰਨ ੧੮੭੨ ਈ: ਵਿਚ ਪ੍ਰਦੇਸ ਜਾਣ ਕਰਕੇ ਨਾਮਧਾਰੀ ਬ੍ਰਿਹੋਂ ਸਾਹਿਤ ਦਾ ਜਨਮ ਹੋਇਆ। ਉਹਨਾਂ ਦੇ ਵਿਛੋੜੇ ਵਿਚ ਸ਼ਬਦ ਗੀਤ ਕਵਿਤਾਵਾਂ ਬਹੁਤ ਹੀ ਵਿਰਾਗਮਈ ਹਾਲਤ ਵਿਚ ਪੜ੍ਹੀਆਂ ਜਾਂਦੀਆਂ ਰਹੀਆਂ ਹਨ। ਵਿਛੋੜੇ ਅਤੇ ਬਸੰਤ-ਹੋਲੀ ਦੇ ਮੇਲ ਨੂੰ ਗੁਰਬਾਣੀ ਵਿਚ ਵੀ ਅੰਕਤ ਕੀਤਾ ਹੈ।

ਨਾਨਕ ਤਿਨਾ ਬਸੰਤੁ ਹੈ, ਜਿਨ ਘਰਿ ਵਸਿਆ ਕੰਤੁ
ਜਿਨ ਕੇ ਕੰਤ ਦਿਸਾਪੁਰੀ, ਸੇ ਅਹਿਨਿਸਿ ਫਿਰਹਿ ਜਲੰਤ
(ਮ: ੨ ਸੂਹੀ ਕੀ ਵਾਰ)

ਪੰਜਾਬੀ ਦੇ ਲੋਕ ਗੀਤਾਂ ਦੀ ਮੁਟਿਆਰ ਇਹਨਾਂ ਹੀ ਭਾਵਾਂ ਨੂੰ ਪ੍ਰਗਟ ਕਰਦੀ ਹੈ।

ਫੱਗਣ ਦੇ ਮਹੀਨੇ ਨੀ ਮਾਂ ਆਈ ਰੰਗਾਂ ਵਾਲੀ ਹੋਲੀ
ਕੀ ਕਰਾਂ ਕੇਸਰ ਨੀ ਮਾਂ ਸੁੱਕੀ ਮੇਰੀ ਚੋਲੀ
ਤੁਧ ਬਿਨ ਡਾਢੇ ਰੱਬ ਜੀ, ਮੇਰਾ ਭੇਰ ਨਿਮਾਣਾ
ਨੀ ਮਾਏ ਨੱਢਾ ਨਾਦਾਨ, ਕਦੋਂ ਹੋਵੇਗਾ ਸਿਆਣਾ

ਕ੍ਰਿਸ਼ਨ ਦੀਵਾਨੀ ਮੀਰਾਂ ਨੇ ਜਿਥੇ ਕਿਹਾ ਕਿ "ਫਾਗੁਨ ਕੇ ਦਿਨ ਚਾਰ ਰੇ, ਹੋਰੀ ਖੇਲ ਮਨਾ ਰੇ ਉਥੇ ਪੀਆ ਦੇ ਵਿਛੋੜੇ ਵਿਚ ਵਿਆਕੁਲਤਾ ਨੂੰ ਕਈਆਂ ਭਜਨਾਂ ਵਿਚ ਅੰਕਤ ਕਰਦੀ ਹੈ, ਜਿਵੇਂ :—

ਹੋਰੀ ਪੀਆ ਬਿਨ ਲਾਗਾ ਰੀ ਖਾਰੀ
ਸੂਨੋਂ ਗਾਂਵ ਦੇਸ ਸਭ ਸੂਨੋਂ, ਸੂਨੀ ਸੇਜ ਅਟਾਰੀ
ਸੂਨੀਂ ਬਿਰਹਨ ਪਿਬ ਬਿਨ ਡੋਲੇਂ ਤੱਜ ਗਿਆ ਪੀਵ ਪਿਆਰੀ
ਬਿਰਹਾ ਦੁਖ ਭਾਰੀ
ਦੇਸ਼ ਬਿਦੇਸ਼ਾਂ ਨਾ ਜਾਵਾਂ, ਮ੍ਹਾਰੋ ਅਣੇਸਾ ਭਾਰੀ
ਗਣਤਾਂ ਗਣਤਾਂ ਘਿਸ ਗਯਾਂ ਰੇਖਾਂ, ਆਂਗਰਿਯਾਂ ਰੀ ਸਾਰੀ
ਆਯਾ ਣਾ ਰੀ ਮੁਰਾਰੀ
ਬਾਜਓਂ ਝਾਂਜ ਮ੍ਰਿਦੰਗ ਮੁਰਲੀਆਂ ਬਾਜਿਆਂ ਕਰ ਇਕਤਾਰੀ।
ਆਯਾਂ ਬਸੰਤ ਪੀਆ ਘਰ ਨਾ ਰੀਂ, ਮ੍ਹਾਰੀ ਪੀੜ੍ਹਾ ਭਾਰੀ।
ਸਯਾਮ ਕਯਾਂਰੀ ਬਿਸਾਰੀ।
ਠਾਂਡੀ ਅਰਜ ਕਰਾਂ ਗਿਰਧਾਰੀ, ਰਾਖਯਾਂ ਲਾਜ ਹਮਾਰੀ।
ਮੀਰਾ ਰੇ ਪ੍ਰਭੂ ਮਿਲਜਯੋ ਮਾਧੋ, ਜਨਮ ਜਨਮ ਰੀ ਕਵਾਂਰੀ।
ਮਣੇ ਲਾਗੀ ਸਰਨ ਤਾਰੀ।

ਨਾਮਧਾਰੀ ਕਵੀ ਨਿਹਾਲ ਸਿੰਘ ਏਸੇ ਵੇਗ ਵਿਚ ਗੁਰੂ ਰਾਮ ਸਿੰਘ ਨੂੰ ਅਰਜੋਈ ਕਰਦਾ ਹੈ।

ਫੱਗਣ ਫੇਰ ਕਦੀਂ ਆਵੀਂ, ਮੁਖ ਆਪਣਾ ਦਿਖਾਵੀਂ।
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ।
ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬਿਹਾਲ, ਖੁਲ੍ਹੇ ਗਲ ਵਿਚ ਵਾਲ।
ਫਿਰ ਥੱਕੀ ਢੂੰਡ ਭਾਲ, ਨੈਣੀ ਨੀਂਦ ਨਹੀਂ ਆਂਵਦੀ।
ਨਿਹਾਲ ਸਿੰਘ ਔਗਣਹਾਰ, ਆਇਆ ਤੇਰੇ ਦਰਬਾਰ।
ਗੁਰੂ ਭੁੱਲ ਚੁਕ ਬਖਸ਼ ਸੰਗਤ ਸੀਸ ਹੈ ਨਿਵਾਂਵਦੀ।★

---

(ਸਫਾ ੧੨ ਦੀ ਬਾਕੀ)

ਫੈਸਲੇ ਕਰਨ, ਖਦਰ ਦੇ ਕਪੜੇ ਪਾਉਣ, ਅਤੇ ਆਪਣੀ ਧਰਮਸ਼ਾਲਾਵਾਂ ਵਿਚ ਪੜਣ ਦੀ ਤਾਕੀਦ ਕੀਤੀ। ਉਹਨਾਂ ਨੇ ਸਰਕਾਰੀ ਡਾਕ ਦੇ ਮੁਕਾਬਲੇ ਆਪਣਾ ਪ੍ਰਬੰਧ ਕੀਤਾ ਜਿਸ ਦੇ ਦੋ ਮੰਤਵ ਸਨ। ਇਕ ਤਾਂ ਆਪਣਾ ਸੁਨੇਹਾ ਪਹੁੰਚਾਣਾ ਅਤੇ ਦੂਸਰਾ ਆਪਣੇ ਸੁਨੇਹਿਆਂ ਨੂੰ ਹਕੂਮਤ ਤੋਂ ਲੁਕਾ ਕੇ ਰਖਣਾ।

ਇਤਿਹਾਸਕਾਰਾਂ ਦਾ ਖਿਆਲ ਹੈ ਕਿ ਮਹਾਤਮਾ ਗਾਂਧੀ ਨੇ ਨਾ ਮਿਲਵਰਤਣ ਅਤੇ ਸੁਦੇਸ਼ੀ ਦਾ ਵਿਚਾਰ ਸਤਿਗੁਰੂ ਰਾਮ ਸਿੰਘ ਤੋਂ ਹੀ ਲਿਆ ਸੀ। ਡਾ: ਰਾਜਿੰਦਰ ਪ੍ਰਸ਼ਾਦ ਜੀ ਨੇ ਆਪਣੇ ਇਕ ਲੇਖ ਵਿਚ ਲਿਖਿਆ ਸੀ।

"ਗੁਰੂ ਰਾਮ ਸਿੰਘ ਸੁਤੰਤਰਤਾ ਨੂੰ ਵੀ ਧਰਮ ਦਾ ਆਵਸ਼ਕ ਅੰਗ ਸਮਝਦੇ ਸਨ ਅਤੇ ਨਾਮਧਾਰੀਆਂ ਦਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਸੀ। ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਏਡੇ ਜ਼ੋਰ ਨਾਲ ਚਲਾਇਆ ਉਸ ਨੂੰ ਗੁਰੂ ਰਾਮ ਸਿੰਘ ਨੇ ਪੰਜਾਹ ਸਾਲ ਪਹਿਲਾਂ ਹੀ ਨਾਮਧਾਰੀਆਂ ਵਿਚ ਪ੍ਰਚਲਤ ਕੀਤਾ ਸੀ।"

ਗੁਰੂ ਰਾਮ ਸਿੰਘ ਨੇ ਪੱਛਮੀ ਸਮਾਨ, ਪਛਮੀ ਤਹਿਜ਼ੀਬ ਵੇਸ ਭੂਸ਼ਾ ਸਭਿਆਚਾਰ ਦਾ ਤਿਆਗ ਕਰ ਕੇ ਆਪਣੇ ਸਭਿਆਚਾਰ ਆਪਣੇ ਸਾਂਸਕ੍ਰਿਤਕ ਵਿਰਸੇ ਨਾਲ ਪ੍ਰੇਮ ਦਾ ਉਪਦੇਸ਼ ਦਿਤਾ। ਅਜ ਵੀ ਉਹਨਾਂ ਦੀ ਸਿਖਿਆ ਦੇਸ਼ ਦੇ ਕਲਿਆਣ ਦਾ ਮਾਰਗ ਦਸ ਰਹੀ ਹੈ।

(ਅਕਾਸ਼ਬਾਣੀ ਕੇਂਦਰ ਜਲੰਧਰ
ਦੇ ਧਨਵਾਦ ਸਹਿਤ)



Sri Satguru Jagjit Singh Ji Elibrary NamdhariElibrary@gmail.com



ਸਤਿਗੁਰੂ ਪ੍ਰਤਾਪ ਸਿੰਘ

# ਇਕ ਹੋਲੇ ਦੀ ਯਾਦ

**—ਸ. ਸ. ਅਮੋਲ**

ਪ੍ਰਿੰ: ਸ. ਸ. ਅਮੋਲ ਪੰਜਾਬੀ ਦੇ ਉਘੇ ਲੇਖਕ ਹਨ। ਪੰਜਾਬੀ ਅਧਿਆਪਨ, ਪੱਤਰਕਾਰੀ ਅਤੇ ਸਾਹਿਤਕਾਰੀ ਨੂੰ ਆਪ ਦਾ ਸਮੁਚਾ ਜੀਵਨ ਸਮਰਪਤ ਰਿਹਾ ਹੈ। ਅਜੇ ਪਿਛਲੇ ਦਿਨੀਂ ਹੀ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਆਪਣੀ ਸਿਲ-ਵਰ ਜੁਬਲੀ ਸਮੇਂ ਇਹਨਾਂ ਨੂੰ ਸਨਮਾਨਿਤ ਕੀਤਾ ਹੈ। ਇਹ ਲੇਖ ਆਪ ਨੇ ਅੱਜ ਤੋਂ ਲਗਭਗ ਅਧੀ ਸਦੀ ਪਹਿਲਾਂ ਦੀ ਭੈਣੀ ਸਾਹਿਬ ਦੀ ਯਾਤਰਾ ਸਬੰਧੀ ਲਿਖਿਆ ਸੀ। ਇਸ ਇਤਿਹਾਸਕ ਮਹੱਤਤਾ ਵਾਲੇ ਲੇਖ ਨੂੰ ਇਥੇ ਮੁੜ-ਪ੍ਰਕਾਸ਼ਨ ਦੇ ਕਈ ਕਾਰਨ ਹਨ। ਇਕ ਤਾਂ ਇਸ ਵਿਚ ਉਸ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜ਼ਿਕਰ ਹੈ ਜਿਨਾਂ ਦਾ ਪ੍ਰਕਾਸ਼ ਦਿਨ ਹੋਲੇ ਦੇ ਦਿਨੀਂ ਹੁੰਦਾ ਹੈ। ਦੂਸਰਾ ਇਸ ਵਿਚ ਪੁਰਾਣੇ ਨਾਮਧਾਰੀ ਹੋਲੇ ਮਹੱਲੇ ਅਤੇ ਭੈਣੀ ਸਾਹਿਬ ਦਾ ਦ੍ਰਿਸ਼ ਹੈ। ਤੀਸਰੇ ਇਸ ਸਮਾਗਮ ਤੇ ਪੰਜਾਬੀ ਦੇ ਪ੍ਰਸਿਧ ਪੁਰਾਣੇ ਲੇਖ: ਚੰਨਣ ਸਿੰਘ ਜੇਠੂਵਾਲੀਆ, ਮੁਨਸ਼ਾ ਸਿੰਘ ਦੁਖੀ, ਧਨੀ ਰਾ ਚਾਤ੍ਰਿਕ, ਦੇਵਿੰਦਰ ਸਤਿਆਰਥੀ ਅਤੇ ਲੇਖਕ ਪੁਜੇ ਹੋ ਸਨ। ਇਸ ਤੋਂ ਇਲਾਵਾ ਮਾਸਟਰ ਤਾਰਾ ਸਿੰਘ, ਲਾ ਸਿੰਘ ਕਮਲਾ ਅਕਾਲੀ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਮਿਲਣੀ ਅਤੇ ਪ੍ਰਸਪ ਸਬੰਧਾਂ ਦੀ ਝਾਕੀ ਮਿਲਦੀ ਹੈ। ਅਮੋਲ ਜੀ ਉਸ ਵੇ ਪੰਜਾਬੀ ਪੱਤਰ 'ਲਿਖਾਰੀ' ਕਢਦੇ ਸਨ : 'ਸਤਿਜੁਗ' ਦੇ ਇ ਪੁਰਾਣੇ ਅੰਕ ਚੋਂ ਧਨਵਾਦ ਸਾਹਿਤ ਇਹ ਲੇਖ ਪ੍ਰਕਾਸ਼ ਕਰ ਰਹੇ ਹਾਂ।

—ਸੰਪਾਦ



ਲੇਖਕ

ਜਾਪਦਾ ਹੈ ਕਿ ਪੰਜਾਬੀ ਬੋਲੀ ਵਿਚ ਹੀ ਇਹ ਵਾਧ ਹੈ ਕਿ ਇਕ ਲਫ਼ਜ਼ ਦੇ ਕਈ ਕਈ ਅਰਥ ਹੋ ਜਾਂਦੇ ਹਨ ਤੇ ਕੁਝ ਜਾਪਦਾ ਹੈ ਕਿ ਮੇਰਾ ਰੱਬ ਭੀ ਗਿਆਨੀ ਪਾਸ ਹੈ। ਜਾ ਉਸਨੇ ਮੈਨੂੰ ਬਣਾਇਆ ਤਾਂ ਬੜਾ ਮਿਹਰਬਾਨ ਹੋ ਕੇ ਪੁੱਛਣ ਲਗਾ, ਦੱਸ ਤੈਨੂੰ ਕੀ ਦਿਆਂ। ਮੇਰੇ ਦਿਲ ਵਿਚ ਆਇਆ ਕਿ ਵਕੀਲ ਬਣੀਏ। ਤਾਂ ਉਹ ਕਹਿਣ ਲਗਾ, "ਚੰਗਾ ਤੈਨੂੰ ਵਕੀਲ ਬਣਾਇਆ।" ਮੈਨੂੰ ਹੁਣ ਪਤਾ ਲਗਾ ਹੈ ਖਵਰੇ ਅਰਥ ਹੋਰ ਕੱਢ ਕੇ ਉਸ ਮੈਨੂੰ ਕਚਹਿਰੀ ਦਾ ਵਕੀਲ ਤਾਂ



Sri Satguru Jagjit Singh Ji Elibrary NamdhariElibrary@gmail.com

ਨਹੀਂ ਬਣਾਦਿਆ। ਹਾਂ ਬਹਿਸਣ ਤੇ ਦਲੀਲਾਂ ਦੇਣ ਦੀ ਆਦਤ ਪਾ ਕੇ ਦਿਲਾਂ ਦਾ ਵਕੀਲ ਜ਼ਰੂਰ ਬਣਾ ਛਡਿਆ ਸੂ। ਫਿਰ ਮੈਂ ਕਿਹਾ ਕਿ ਮੈਨੂੰ "ਕੇਸ" ਬਹੁਤ ਸਾਰੇ ਦੇ ਦੇਈਂ। ਮੇਰਾ ਮਤਲਬ ਸੀ ਕਿ ਮੁਕਦਮੇ ਬਹੁਤੇ ਮਿਲਣ ਪਰ ਰੱਬ ਨੇ ਮੈਨੂੰ ਵਾਲ ਹੀ ਮਣਾ ਮੂੰਹੀਂ ਦੇ ਛੱਡੇ। ਫਿਰ ਉਹ ਪੁਛਣ ਲੱਗਾ। 'ਹੋਰ ਕੁਝ ਮੰਗ'। ਮੈਂ ਸੋਚੀਂ ਪੈ ਗਿਆ, ਮੈਨੂੰ ਭਗਤ ਨਾਮਦੇਵ ਦੀ ਗਲ ਯਾਦ ਆ ਗਈ। ਵਿਚਾਰੇ ਨੇ ਹੂਟੇ ਲੈਣ ਲਈ ਘੋੜੀ ਮੰਗੀ ਸੀ ਪਰ ਢੁਕਣ ਵਾਲੀ ਵਛੇਰੀ ਮਿਲੀ ਸੀ। ਸੋ ਮੈਂ ਸੋਚ ਸੋਚ ਕੇ ਸਾਥੀਆਂ ਦੀ ਭੁਖ ਤੇ ਪ੍ਰੇਮ ਦੀ ਉਮੰਗ ਵਿਚ 'ਪੱਕੇ ਰੰਗ' ਦੀ ਮੰਗ ਕੀਤੀ ਤਾਂ ਮੈਨੂੰ ਕਾਲਾ ਰੰਗ ਮਿਲ ਗਿਆ ਤੇ ਉਹ ਭੀ ਅਜੇਹਾ ਪੱਕਾ ਕਿ ਸਭ ਦੁਨੀਆਂ ਦੀਆਂ ਕਰੀਮਾਂ ਤੇ ਪਾਊਡਰ ਤੇ ਸਾਬਣ ਰਲ ਕੇ ਉਸ ਨੂੰ ਖੁੰਬ ਨਹੀਂ ਚਾੜ੍ਹ ਸਕੇ।

ਭਾਈ ਗੁਰਦਾਸ ਨੇ ਠੀਕ ਹੀ ਲਿਖਿਆ ਹੈ, 'ਜੇ ਗੁਰ ਭਰਮਾਏ ਸਾਂਗ ਕਰ, ਕਿਆ ਸਿਖ ਵਿਚਾਰਾ'। ਭਾਵੇਂ ਮੈਨੂੰ ਬਥੇਰੇ ਹੱਥ ਲੱਗ ਚੁਕੇ ਸਨ। ਫਿਰ ਵੀ ਮੈਂ ਭੁੱਲ ਗਿਆ ਤੇ ਕੁਝ ਅੱਕ ਕੇ ਪਰੇ ਰੱਬ ਨੂੰ ਮੁਸਕੜੀਆਂ ਕੱਢਦਾ ਵੇਖ ਕੇ ਉਤੋਂ ਉਤੋਂ ਕੁਝ ਹੱਸ ਕੇ ਕਿਹਾ, ਫਿਰ 'ਸਾਧੂ-ਸੰਗ' ਹੀ ਦੇ ਦਿਓ।' ਉਹ ਹਸਦਾ ਹਸਦਾ ਆਖਣ ਲੱਗਾ 'ਹਾਂ ਬੱਚਾ ਤੂੰ ਸਾਧੂਆਂ ਕੋਲੋਂ ਬਹੁਤ ਸੰਗਿਆ ਕਰੇਂਗਾ।' ਮੇਰੀ ਲਾਚਾਰੀ ਨੂੰ ਵੇਖ ਉਹ ਖਿੜ ਖਿੜ ਹੱਸ ਪਿਆ। ਮੈਂ ਘਾਬਰੇ ਹੋਏ ਨੇ ਕਿਹਾ, 'ਹੱਛਾ ਫਿਰ ਕੁਝ ਆਪਣੀ ਪ੍ਰੀਤ ਹੀ ਚਾ ਦਿਓ ਨਾ।' ਪਤਾ ਨਹੀਂ ਰੱਬ ਨੂੰ ਏਨੇ ਠੱਠੇ ਕਿਥੋਂ ਸੁਝ ਗਏ ਸਨ। ਉਸ ਮੇਰੀ ਆਖੀਰਲੀ ਨਾਂਹ ਨੂੰ ਮੰਨ ਲਿਆ। ਖਵਰੇ ਇਹੋ ਕਾਰਨ ਹੈ ਕਿ ਮੇਰੇ ਦਿਲ ਵਿਚ ਨਾ ਕਦੇ ਸਾਧੂਆਂ ਸੰਤਾਂ ਨੂੰ ਮਿਲਣ ਦਾ ਚਾਅ ਉਪਜਿਆ ਹੈ ਤੇ ਨਾ ਰਬ ਦੇ ਸਰੀਰ ਦੇ ਦਰਸ਼ਨ ਦੇ ਵਛੋੜੇ ਨੇ ਕਲਪਾਇਆ ਹੈ। ਕਿਉਂਕਿ ਰੱਬ ਨੇ ਮੈਨੂੰ ਹਸਦਿਆਂ ਹਸਦਿਆਂ ਦੋਸਤ ਬਣਾ ਕੇ ਤੋਰਿਆ ਸੀ। ਇਸ ਲਈ ਮੈਂ ਸਦਾ ਹੱਸਣ ਤੇ ਖੇਡਣ ਵਾਲਿਆਂ ਦੇ ਸਾਥ ਦਾ ਹੀ ਭੁਖਾ ਰਹਿੰਦਾ ਹਾਂ। ਬਹੁਤੇ ਵੱਡੇ ਤੇ ਗੰਭੀਰ ਤੇ ਉੱਚੇ ਤੇ ਵਖਰੇ ਰਹਿਣ ਵਾਲਿਆਂ ਕੋਲੋਂ ਮੈਨੂੰ ਡਰ ਤੇ ਸੰਗ ਹੀ ਆਉਂਦੀ ਰਹਿੰਦੀ ਹੈ। ਜੇ ਭਲਾ ਮੈਂ ਉਨ੍ਹਾ ਕੋਲ ਚਲਾ ਹੀ ਜਾਵਾਂ ਤਾਂ ਮੈਂ ਕੇਵਲ ਇਹੀ ਵੇਖ ਸਕਦਾ ਹਾਂ ਕਿ ਉਨ੍ਹਾਂ ਦੇ ਅੰਦਰ ਉਹ ਹਸਦਾ ਹਸਦਾ ਰਬ ਕਿੰਨਾ ਕੁ ਹੈ, ਤੇ ਉਹ ਐਡਾ ਉੱਚਾ ਹੁੰਦਿਆਂ ਹੋਇਆਂ ਮੇਰੇ ਵਰਗੇ ਬਣ ਕੇ ਮੇਰੇ ਵਿਚ ਸਮਾਉਣ ਦੀ ਤਾਕਤ ਰਖਣ ਵਾਲਾ ਮਾਲਕ ਕਿੰਨਾ ਕੁ ਹੈ। ਰੋਂਦਾ ਰੋਂਦਾ, ਰੋਹਬ ਵਾਲਾ ਤੇ ਵਡਾ ਵਡਾ, ਵਖਰਾ ਵਖਰਾ ਰੱਬ ਮੈਂ ਤੱਕਿਆ ਹੀ ਨਹੀਂ। ਇਸ ਲਈ ਉਹ ਜੇ ਉਹਨਾਂ ਦੇ ਅੰਦਰ ਹੋਵੇ ਵੀ ਤਾਂ ਮੈਂ ਸਿਞਾਣ ਨਹੀਂ ਸਕਦਾ।

ਇਹੀ ਮੇਰੀ ਪਾਰਖੂ ਸ਼ਕਤੀ ਹੈ। ਇਨ੍ਹਾਂ ਹੀ ਵਟਿਆਂ ਨਾਲ ਮੈਂ ਵੱਡੀਆਂ ਹਸਤੀਆਂ ਨੂੰ ਤੋਲਦਾ ਹਾਂ। ਕੋਈ ਬੜੀ ਗੱਲ ਨਹੀਂ ਮੇਰੇ ਵੱਟਿਆਂ ਨਾਲੋਂ ਚੀਜ਼ਾਂ ਭਾਰੀਆਂ ਹੋਣ। ਪਰ ਮੈਂ, ਕਰਾਂ ਕੀ? ਮੇਰੇ ਕੋਲ ਹੋਏ ਹੀ ਇਹੋ। ਹਾਂ, ਇਹ ਹੋ ਸਕਦਾ ਹੈ ਕਿ ਕਿਸੇ ਹਸਤੀ ਨੂੰ ਮੈਂ ਇਨ੍ਹਾਂ ਜਿੰਨਾ, ਕਿਸੇ ਨੂੰ ਦੂਣਾ ਤੇ ਕਿਸੇ ਨੂੰ ਵੀਹ ਗੁਣਾਂ ਅਟਕਲ ਪੱਚੂ ਕਹਿ ਦਿਆਂ। ਰੂਹਾਂ ਦੇ ਹਿਸੇ ਕਰ ਕਰ ਤੋਲਣੇ ਅਸੰਭਵ ਨੇ, ਨਹੀਂ ਤਾਂ ਖਬਰੇ ਪੂਰਾ ਹੀ ਲੇਖਾ ਕੱਢ ਦੇਂਦਾ।

ਅਜ ਮੈਂ ਆਪਣੇ ਇਕ ਅਜਿਹੇ ਹੀ ਤਜਰਬੇ ਦਾ ਜ਼ਿਕਰ ਪਾਠਕਾਂ ਨਾਲ ਕਰਨਾ ਹੈ। 'ਚਕਰਵਰਤੀ' ਜੀ ਦੇ ਸਾਹਿਤਕ ਸੁਭਾਅ ਨੇ ਮੈਨੂੰ ਇਹਨਾਂ ਦੇ ਵਧੇਰੇ ਨੇੜੇ ਲਿਆਂਦਾ। ਨਾਮਧਾਰੀਆਂ ਬਾਬਤ ਮੇਰੇ ਦਿਲ ਵਿਚ ਪਏ ਕਈ ਭੁਲੇਖਿਆਂ ਨੂੰ ਇਨ੍ਹਾ ਦੇ ਮਿਠੇ ਸੁਭਾਅ ਨੇ ਉਂਝ ਹੀ ਦੂਰ ਕਰ ਛਡਿਆ ਤੇ ਕੁਝ ਲਗਨ ਜਿਹੀ ਹੋਈ ਕਿ ਕਦੇ ਭੈਣੀ ਸਾਹਿਬ ਚਲ ਕੇ ਇਨ੍ਹਾ ਦਾ ਸਤਸੰਗ ਵੇਖੀਏ। ਉਸ ਲਗਨ ਨੂੰ ਉਤਸ਼ਾਹ 'ਚਕਰਵਰਤੀ ਜੀ' ਦੇ ਸੱਦੇ ਨੇ ਦੇ ਦਿਤਾ। ਵਧੇਰੇ ਖਿੱਚ ਇਹ ਹੋ ਗਈ ਕਿ ਮੇਰੇ ਸਨਮਾਨ ਯੋਗ ਮਿੱਤਰ ਸ: ਚੰਨਣ ਸਿੰਘ ਜੇਠੂਵਾਲੀਏ, ਦੁਖੀ ਜੀ, ਚਾਤ੍ਰਿਕ ਜੀ ਤੇ ਸਤਿਆਰਥੀ ਜੀ ਭੀ ਜਾ ਰਹੇ ਸਨ। ਅਸੀਂ ਪੰਜੇ ਗੱਡੀ ਚੜ੍ਹ ਬੈਠੇ। ਦੁਖੀ ਜੀ ਦੀਆਂ ਕਵਿਤਾਵਾਂ, ਚਾਤ੍ਰਿਕ ਜੀ ਦੇ ਗੀਤਾਂ ਤੇ ਸਤਿਆਰਥੀ ਜੀ ਦੇ ਨਵੇਂ ਚੁਟਕਲਿਆਂ ਤੇ ਗੀਤਾਂ ਨੇ ਤੇ ਸ. ਚੰਨਣ ਸਿੰਘ ਜੀ ਦੀਆਂ ਸਿਆਣੀਆਂ ਵਿਚਾਰਾਂ ਤੇ ਪੜਚੋਲਾਂ ਨ ਗੱਡੀ ਨੂੰ ਭੀ ਕੁਝ ਤੇਜ਼ ਚਲਾ ਛਡਿਆ। ਪਤਾ ਤਾਂ ਹੀ ਲੱਗਾ ਜਾਂ ਗੱਡੀ ਲੁਧਿਆਣੇ ਪੁਜ ਗਈ। ਜੰਕਸ਼ਨ ਦੇ ਫੋਟੋ ਨੇ ਕਹਿ ਦਿਤਾ ਕਿ ਤੁਹਾਡੇ ਪੈਸੇ ਤੇ ਹੂਟਾ ਮੁਕ ਗਿਆ। ਅਸੀਂ ਸਾਰੇ ਬਾਹਰ ਆਏ ਤਾਂ ਸਟੇਸ਼ਨ ਦੀ ਡਿਉਢੀ ਦੇ ਅੰਦਰ ਇਕ 'ਮੋਟਰ ਕਾਰ' ਖਲੋਤੀ ਸੀ। ਉਸ ਕੋਲ ਖੜੇ ਗੁਰਮੁਖ ਦੀ ਗੁਰਮੁਖੀ ਦਸਤਾਰ ਨੇ ਸਾਨੂੰ ਦਸ ਦਿਤਾ ਕਿ ਇਹ ਮੋਟਰਕਾਰ ਸਾਨੂੰ ਲੈਣ ਲਈ ਹੀ ਉਚੇਚੀ ਆਈ ਹੈ। ਇਹ ਗਲ ਮੈਂ ਇਥੇ ਦੋ ਗਲਾਂ ਦਸਣ ਲਈ ਦਸ ਰਿਹਾ ਹਾਂ। ਇਕ ਆਪਣੀ ਸ਼ਾਨ ਤੇ ਦੂਜੀ ਪ੍ਰਾਹੁਣਿਆਂ ਦੀ ਆਉ ਭਗਤ ਦੀ ਉਮੰਗ, ਜੋ ਨਾਮਧਾਰੀ ਦਰਬਾਰ ਦੀ ਇਕ ਖਾਸ ਖੂਬੀ ਮੈਨੂੰ ਨਜ਼ਰ



Sri Satguru Jagjit Singh Ji Elibrary NamdhariElibrary@gmail.com

ਆਈ ਸੀ। ਇਹ ਹੋਲੇ ਮਹੱਲੇ ਦਾ ਦਿਨ ਸੀ। ਦਸ ਹਜ਼ਾਰ ਤੋਂ ਉਪਰ ਸੰਗਤਾਂ ਭੈਣੀ ਸਾਹਿਬ ਇਕੱਠੀਆਂ ਹੋਈਆਂ ਸਨ। ਉਨ੍ਹਾ ਦੇ ਲੰਗਰ, ਆਰਾਮ, ਦੀਵਾਨ ਆਦਿ ਦੇ ਸਾਰੇ ਰੁਝੇਵਿਆਂ ਦੇ ਵਿਚ ਇਹ ਫਿਕਰ ਰਹਿਣਾ ਤੇ ਕੇਵਲ ਉਨ੍ਹਾਂ ਵਾਸਤੇ ਜਿਨ੍ਹਾਂ ਕਚੀ ਜਹੀ 'ਹਾਂ' ਆਉਣ ਲਈ ਕੀਤੀ ਹੋਵੇ। "ਜੋ ਦੀਸੈ ਗੁਰ ਸਿਖੜਾ ਤਿਸ ਨਿਵ ਨਿਵ ਲਾਗਉ ਪਾਇ ਜੀਉ" ਦੇ ਅਸੂਲ ਦੀ ਬਹੁਤ ਵਧੇ ਹੋਏ ਅਰਥਾਂ ਤਕ ਪਾਲਣਾ ਹੈ। ਇਸ ਨਿਕੀ ਜਿਹੀ ਗਲ ਨੇ (ਜੇ ਇਸ ਨੂੰ ਨਿਕੀ ਜਿਹੀ ਕਿਹਾ ਜਾ ਸਕਦਾ ਹੈ) ਮੇਰਾ ਮਨ ਖਰੀਦ ਲਿਆ।

ਮੋਟਰ ਨੇ ਸਾਨੂੰ ਅੱਧੇ ਘੰਟੇ ਦੇ ਵਿਚ ਵਿਚ ਹੀ ਭੈਣੀ ਸਾਹਿਬ ਦੇ ਕੋਲ ਜਾ ਪੁਚਾਇਆ। ਕਈ ਤੰਬੂ ਬਾਹਰ ਲਗੇ ਹੋਏ ਸਨ। ਲਾਰੀਆਂ ਤੇ ਮੋਟਰਾਂ, ਟਾਂਗੇ ਤੇ ਯੱਕੇ, ਵੇਖਦਿਆਂ ਹੀ ਅਟਾ ਸਟਾ ਲਗ ਜ਼ਾਂਦਾ ਸੀ ਕਿ ਇਥੇ ਤਾਂ ਜੰਗਲ ਵਿਚ ਮੰਗਲ ਲਗਾ ਹੋਇਆ ਹੈ।

ਏਥੇ ਮੇਰੇ ਪਾਸ ਵੇਲਾ ਨਹੀਂ ਕਿ ਪਾਠਕਾਂ ਨੂੰ ਭੈਣੀ ਸਾਹਿਬ ਤੇ ਉਸ ਗੁਰਮੁਖੀ ਮੇਲੇ ਦੇ ਪੂਰੇ ਦਰਸ਼ਨ ਕਰਾਂ ਸਕਾਂ। ਸਚਮੁਚ ਕਹਿਬੇ ਕੌ ਸੋਭਾ ਨਹੀਂ ਦੇਖੀ ਹੀ ਪਰਵਾਨ ਵਾਲੀ ਗੱਲ ਹੈ। ਹਰ ਚੀਜ਼ ਬੜੀ ਸਾਦੀ, ਬੜੀ ਸਸਤੀ, ਪਰ ਬੜੀ ਸਾਫ ਤੇ ਸੋਹਣੀ ਤੇ ਡੂੰਘੀ ਨਜ਼ਰ ਆਉਂਦੀ ਸੀ। ਕਿਸੇ ਪਿਆਰ ਵਾਲੇ ਹਥਾਂ ਨਾਲ ਬਣੀਆਂ ਕੁਟੀਆਂ, ਭਜਨ ਕਰਨ ਵਾਲੇ ਕੋਠੇ,ਟਸਰ ਦੇ ਕਾਰਖਾਨੇ ਦੀਆਂ ਖੱਡੀਆਂ ਤੇ ਇਮਾਰਤ। ਛਾਪਾਖਾਨਾ, ਅਖਬਾਰ ਸਤਿਜੁਗ ਦਾ ਦਫਤਰ, ਵਿਦਿਆਲਾ ਤੇ ਉਸ ਦੇ ਉਤੇ ਚਿਤਰਸ਼ਾਲਾ, ਲੰਗਰ ਤੇ ਮਹਾਰਾਜ ਦਾ ਨਿਵਾਸ ਅਸਥਾਨ, ਸਭਨਾ ਕਚਿਆਂ ਤੇ ਪੁਰਾਣਿਆਂ ਪਰ ਸਾਫ ਲਿਸ਼ਕਦੇ ਕੋਠਿਆਂ ਵਿਚੋਂ ਪਿਆਰ, ਸ਼ਰਧਾ ਤੇ ਰੀਝ ਦੀ ਉਹੀ ਲਪਟ ਤੇ ਰਸੀਲੀ ਮਸਤੀ ਫੁਟਦੀ ਭਾਸਦੀ ਸੀ ਜੋ ਉਥੇ ਫਿਰ ਰਹੇ ਗੁਰਮੁਖਾਂ ਦੇ ਗਲ ਪਏ ਖਦਰ ਦੀਆਂ ਤੰਦਾਂ ਵਿਚ ਸੂਤਰ ਕਤਦਿਆਂ ਘਰਾਂ ਦੀਆਂ ਸੁਵਾਣੀਆਂ ਨੇ ਭਰੀ ਹੋਈ ਸੀ। ਕੋਈ ਚਿਹਰਾ ਮੁਰਝਾਇਆ ਹੋਇਆ ਨਹੀਂ ਸੀ। ਕੋਈ ਸ਼ੱਕੀ ਨਜ਼ਰਾਂ ਨਹੀਂ ਸਨ। ਕੋਈ ਘਿਰਣਾ ਤੇ ਆਕੜ ਭਰਿਆ ਵਖੇਵਾਂ ਨਹੀਂ ਸੀ। ਸੇਠ ਗੁਰਮੁਖ ਸਿੰਘ ਜੀ ਜਿਹੇ ਕ੍ਰੋੜਾਂਪਤੀ ਤੇ ਉਹਨਾਂ ਦੇ ਟੱਬਰ ਤੇ ਜਵਾਈ, ਚਕਰਵਰਤੀ ਜੀ ਤੇ ਆਲਮ ਜਹੇ ਵਿਦਵਾਨ, ਵਿਦਿਆਲੇ ਦੇ ਅਧਿਆਪਕ ਜੀ ਜਿਹੇ ਗੁਣੀ ਤੇ ਚਿੱਤ੍ਰਕਾਰ, ਸਾਧਾਰਣ ਪੇਂਡੂ ਸਿਖਾਂ ਨਾਲ ਇਕਮਿਕ ਹੋਏ ਦਿਸਦੇ ਸਨ। ਹਰ ਇਕ ਲਈ ਦੂਸਰਾ 'ਸੰਤ ਜੀ ਮਹਾਰਾਜ' ਸੀ। ਹਰ ਇਕ ਦਾ ਸੀਸ ਦੂਸਰੇ ਦੇ ਚਰਨਾਂ ਤੇ ਝੁਕਣ ਲਈ ਤਿਆਰ ਸੀ। ਚਿਹਰੇ ਤੇ ਸਾਦਗੀ ਤੇ ਸਵੱਛਤਾ ਸੀ। ਸਰੀਰਾਂ ਵਿਚ ਖੂਨ ਸੀ, ਬੁਲ੍ਹਾਂ ਵਿਚ ਕੁਝ ਫੁਰਕਦਾ ਸੀ ਤੇ ਚਾਲ ਵਿਚ ਮਸਤੀ ਪ੍ਰੇਮ ਤੇ ਅਮਿਟ ਚਾਅ ਸੀ।

ਸਾਨੂੰ ਵਿਦਿਆਲੇ ਦੀ ਉਤਲੀ ਛਤੇ ਚਿਤਰਸ਼ਾਲਾ ਵਿਚ ਨਿਵਾਸ ਦਿਤਾ ਗਿਆ : ਡਾਢੇ ਸਾਫ ਬਿਸਤਰੇ ਤੇ ਮੰਜੇ ਸਾਨੂੰ ਮਿਲ ਗਏ ਤੇ ਖਾਲਸ ਘਿਉ ਦੀਆਂ ਜਲੇਬੀਆਂ ਤੇ ਦੁੱਧ ਨਾਲ ਅਸਾਂ ਲੋਢਾ ਵੇਲਾ ਕੀਤਾ। ਪੁਰਾਣੇ ਰਿਸ਼ੀ ਬਾਲਕਾਂ ਵਾਂਗ ਵਿਦਿਆਲੇ ਦੇ ਬਾਲਕਾਂ ਲਈ ਖੁਰਾਕ ਡਾਢੀ ਸਾਦੀ ਪਰ ਸਾਫ ਸੀ। ਸਭ ਨੇ ਖਾਲਸ ਖਦਰ ਦੇ ਚੋਲੇ ਪਾਏ ਹੋਏ ਸਨ। ਉਨ੍ਹਾਂ ਬਚਿਆਂ ਦੇ ਨਾਲ ਹੀ ਮਹਾਰਾਜ ਪਰਤਾਪ ਸਿੰਘ ਜੀ ਦੇ ਦੋ ਲਾਲ ਭੀ ਸਨ। ਉਹ ਭੀ ਬਾਕੀ ਬਚਿਆਂ ਵਾਂਗ ਹੀ ਰਹਿੰਦੇ, ਖੇਡਦੇ ਤੇ ਸਿਖਦੇ ਹਨ। ਸਾਨੂੰ ਵਿਦਿਆਲੇ ਵਿਚ ਬੱਚਿਆਂ ਦਾ ਕੀਰਤਨ ਸੁਣਨ ਲਈ ਸੱਦਾ ਦਿਤਾ ਗਿਆ। ਵਾਹ ! ਵਾਹ !! ਕੁਝ ਗਲੇ ਸਾਫ, ਖਾਲਸ ਘਿਓ ਤੇ ਦੁਧ ਵਰਤਣ ਵਾਲੇ ਤੇ ਖਟੇ ਵਾਲੇ ਆਲੂ ਛੋਲਿਆਂ ਤੋਂ ਬਚੇ ਹੋਏ, ਕੁਝ ਸਾਜ਼ ਤਾਰਾਂ ਵਾਲੇ, ਕੁਝ ਸਿਖਾੜੇ ਹੋਏ ਕਮਾਲ ਉਸਤਾਦ ਦੇ ਡਾਢਾ ਹੀ ਰੱਸ ਬੱਝਾ। ਗੁਰਬਾਣੀ ਦਾ ਇਕ ਇਕ ਅੱਖਰ ਸਾਫ ਸਮਝ ਪਿਆ ਔਂਦਾ ਸੀ। ਚੁਤਾਰਾ ਭੀ ਸੁਣਿਆ, ਠਾਹ ਤੋਂ ਦੁਗਣਾਂ ਤਿਗਣਾਂ ਵੀ ਚਲੀਆਂ, ਗਲੇ ਭੀ ਫਿਰੇ, ਤਾਨਾਂ ਭੀ ਹੋਈਆਂ, ਅਲਾਪ ਭੀ ਹੋਏ, ਇਥੋਂ ਤਕ ਕੇ ਦਿਮਾਗ ਨੂੰ ਇਹ ਸੋਚਣ ਦੀ ਵਿਹਲ ਹੀ ਨਾ ਮਿਲੀ ਕਿ ਉਹ ਕਿਸੇ ਭਾਰੀ ਰਾਗ ਤੇ ਕੀਰਤਨ ਸਭਾ ਵਿਚ ਬੈਠਾ ਹੈ ਜਾਂ ਫਿਰ ਕੱਚੇ ਕੋਠੇ ਵਿਚ ਭੁੰਜੇ ਹੀ ਇਕ ਸਫ ਉਤੇ ਜਾਂ ਖਵਰੇ ਦਰੀ ਉਤੇ। ਸਤਿਆਰਥੀ ਜੀ ਤਾਂ ਝੂਮ ਹੀ ਪਏ। ਦੁਖੀ ਜੀ ਕਈ ਵਾਰੀ ਅਭੋਲ ਗੌਣ ਭੀ ਲੱਗ ਜਾਂਦੇ ਸਨ। ਸ. ਚੰਨਣ ਸਿੰਘ ਜੀ ਤੇ ਮੈਂ ਬਥੇਰੀਆਂ ਗਲਤੀਆਂ ਲੱਭਣ ਦੇ ਜਤਨ ਵਿਚ ਰਹੇ ਹੋਵਾਂਗੇ ਪਰ ਸਾਨੂੰ ਹਾਰੇ ਜਵਾਰੀਏ ਵਾਂਗ ਇਸ ਗਲੋਂ ਦੋਵੇਂ ਹੱਥ ਝਾੜਨੇ ਹੀ ਪਏ। ਚਾਤ੍ਰਿਕ ਜੀ ਦਾ ਸਰੀਰ ਤਾਂ ਉਥੇ ਹੀ ਸੀ ਪਰ ਉਹ ਆਪ ਉਥੇ ਨਹੀਂ ਹੀ ਹੋਣੇ ਨਹੀਂ ਤਾਂ ਮੈਨੂੰ ਕੋਈ ਗੱਲ ਉਨ੍ਹਾਂ ਬਾਰੇ ਜ਼ਰੂਰ ਹੀ ਯਾਦ ਰਹਿੰਦੀ। ਫਿਰ ਬਚਿਆਂ ਕੋਲੋਂ ਗੁਰਬਾਣੀ ਦਾ ਪਾਠ ਸੁਣਿਆ। ਲਿਖਾਰੀ ਅਖਬਾਰ ਦੇ ਪ੍ਰਸਿਧ ਪੜਚੋਲੀਏ ਨੇ ਗੁਟਕਾ ਆਪਣੇ ਹੱਥ ਲਿਆ ਤੇ ਖੂਬ ਚੋਕੰਨੇ ਹੋ ਕੇ ਸੁਣਨ ਲਗ ਪਿਆ : ਇਕ ਦੋ ਚਾਰ ਛੇ ਬੱਚਿਆਂ ਨੇ ਵੱਖ ਵੱਖ ਬਾਣੀਆਂ ਦਾ ਜ਼ਬਾਨੀ ਪਾਠ ਕੀਤਾ ਪਰ ਪੜਚੋਲੀਆ ਜੀ ਇਕ ਲਗ ਕੰਨੇ ਦੀ ਭੀ ਭੁਲ ਨਾ ਫੜ ਸਕੇ। ਇਸ ਮਿਹਨਤ ਤੇ ਸੁਧ ਪਾਠ ਦੇ ਧਿਆਨ ਨੇ



Sri Satguru Jagjit Singh Ji Elibrary NamdhariElibrary@gmail.com

ਤਾਂ ਸ. ਚੰਨਣ ਸਿੰਘ ਜੀ ਤੋਂ ਭੀ ਵਾਹ ਵਾਹ ਲੈ ਲਈ। ਸਤਿਆਰਥੀ ਜੀ ਤੇ ਹੋਰ ਸਾਥੀਆਂ ਦਾ ਕਹਿਣਾ ਕੀ ਹੈ ? ਉਹ ਤਾਂ ਅਗੇ ਹੀ ਮਿਫਤ ਸਲਾਹ ਦੇ ਰੰਗ ਵਿਚ ਵਸਣ ਵਾਲੇ ਸਨ। ਪੜਚੋਲੀਏ ਜੀ ਨੂੰ ਬੜੀ ਨਰਾਸਤਾ ਹੋਈ ਜੋ ਪੜਚੋਲ ਲਈ ਕੁਝ ਨਾ ਲੱਭਾ। ਫਿਰ ਉਹਨਾਂ ਬੱਚਿਆਂ ਦਾ ਇਕ ਮਹਾਵਾਰ ਰਸਾਲਾ ਡਿੱਠਾ ਜੋ ਉਹ ਹਥੀਂ ਹੀ ਡਾਢਾ ਖੁਸ਼ਖਤ ਕਰਕੇ ਲਿਖਦੇ ਸਨ ਤੇ ਆਪੇ ਹੀ ਐਡਿਟ ਕਰਦੇ ਸਨ।

ਕੁਝ ਚਿਰ ਖੇਤਾਂ ਦੀ ਸੈਰ ਕਰਕੇ ਅਸੀਂ ਦੀਵਾਨ ਵਿਚ ਆਏ। ਇਹ ਇਕ ਖੁਲੀ ਵਲਗਣ ਸੀ। ਛੱਤ ਦੀ ਥਾਂ ਅਸਮਾਨ ਸੀ। ਹਾਂ ਪਰਬੰਧ ਤੇ ਸੌਖ ਲਈ ਐਤਕੀਂ ਸਾਲ ਹੀ ਆਲੇ ਦੁਆਲੇ ਆਦਮ ਕੱਦ ਉੱਚੀ ਕੰਧ ਬਣੀ ਸੀ। ਕਰੜੇ ਸਿਆਲਾਂ ਵਿਚ ਭੀ ਅੰਮ੍ਰਿਤ ਵੇਲੇ ਚਾਰ ਵਜੇ ਤੇ ਸ਼ਾਮ ਦੇ ਦੀਵਾਨ ਤਾਰਿਆਂ ਦੀ ਛਾਂ ਵਿਚ ਹੀ ਲਗਦੇ ਹਨ। ਮਹਾਰਾਜ ਜੀ ਖੁਲ੍ਹਾਂ ਦੇ ਚਾਹਵਾਨ ਹਨ। ਇਨ੍ਹਾਂ ਰਸਮੀਂ ਕੈਦਾਂ ਤੋਂ ਬਾਹਰ ਹੀ ਦੀਵਾਨ ਲਾਉਂਦੇ ਹਨ। ਸਾਰਾ ਥਾਂ ਖੱਚਾ ਖੱਚ ਭਰਿਆ ਪਿਆ ਸੀ। ਤੇ ਅਜੇ ਬਹੁਤ ਸਾਰੀ ਦੁਨੀਆਂ ਕੰਧਾਂ ਤੋਂ ਬਾਹਰ ਖਲੋਤੀ ਸੀ। ਅੰਦਰ ਅੱਧ ਤੋਂ ਵਧੇਰੇ ਮਾਈਆਂ ਸਨ। ਸੰਗਤ ਦੇ ਵਿਚ ਹੀ ਮਹਾਰਾਜ ਬੈਠੇ ਸਨ। ਲੋਕ ਮੱਥੇ ਟੇਕ ਟੇਕ ਬੈਠਦੇ ਜਾਂਦੇ ਸਨ। ਕੋਈ ਰੌਲਾ ਨਹੀਂ ਸੀ। ਰਾਗੀ ਕੀਰਤਨ ਕਰ ਰਹੇ ਸਨ। ਤੇ ਕਈ ਮਸਤਾਨਿਆਂ ਨੂੰ ਮਸਤੀ ਵਿਚ ਸੁਤਰ ਪਿਆ ਹੋਇਆ ਸੀ।

ਅਸੀਂ ਭੀ ਵਾਰੀ ਨਾਲ ਮਹਾਰਾਜ ਤਕ ਪਹੁੰਚੇ। ਚਕਰਵਰਤੀ ਜੀ ਨੇ ਸਾਨੂੰ ਪਹਿਲੇ ਹੀ ਦਸ ਦਿਤਾ ਸੀ ਕਿ ਸਾਡੇ ਲਈ ਕੋਈ ਪਾਬੰਦੀ ਨਹੀਂ। ਮੈਂ ਅਜੇ ਮਨ ਨਾਲ ਘੋਲ ਹੀ ਕਰ ਰਿਹਾ ਸਾਂ ਕਿ ਮੈਂ ਤੱਕਿਆਂ ਕਿ ਮਹਾਰਾਜ ਜੀ ਆਪ ਹੀ ਸਾਡੇ ਸਨਮਾਣ ਵਿਚ ਖਲੋਤੇ ਹਨ ਤੇ ਫੇਰ ਡਾਢੇ ਖਿੜੇ ਮੱਥੇ ਸਾਨੂੰ ਨਿਵਾਜਿਆ। ਫਿਰ ਹੱਥ ਮਿਲਾਏ। 'ਜੀਉ ਆਇਆ' ਨੂੰ ਆਖਿਆ 'ਧੰਨ ਭਾਗ' ਕਿਹਾ ਤੇ ਆਪਣੇ ਲਾਗੇ ਥਾਂ ਦਿਤੀ। ਫਿਰ ਆਪ ਨੇ ਪੁਛਿਆ "ਰਾਹ ਵਿਚ ਕੋਈ ਤਕਲੀਫ ਤਾਂ ਨਹੀਂ ਹੋਈ"। ਫਿਰ ਇਹ ਭੀ ਕਿਹਾ, "ਮੈਂ ਹਾਜ਼ਰ ਹੋਣਾ ਸੀ ਤੁਹਾਡੇ ਡੇਰੇ ਪਰ ਇਧਰੋਂ ਦੀਵਾਨ ਦਾ ਵਕਤ ਹੋ ਗਿਆ ਸੀ। ਤੁਸਾਂ ਬੜੀ ਮਿਹਰ ਕੀਤੀ ਜੋ ਸਾਨੂੰ ਜੰਗਲ ਵਿਚ ਆ ਨਿਵਾਜਿਆ ਜੇ।

ਬਾਣੀ ਦਾ ਕੀਰਤਨ ਸੀ। ਸਭ ਚੁਪ ਚਾਪ ਸੁਣ ਰਹੇ ਸਨ। ਨਵੀਆਂ ਸੰਗਤਾਂ ਆ ਰਹੀਆਂ ਸਨ। ਭੇਟਾ ਚੜ੍ਹ ਰਹੀਆਂ ਸਨ। ਨਾਲੋਂ ਨਾਲ ਵੰਡੀਆਂ ਜਾ ਰਹੀਆਂ ਸਨ ਜਾਂ ਖਜ਼ਾਨੇ ਵਿਚ ਭੇਜੀਆਂ ਜਾ ਰਹੀਆਂ ਸਨ।

ਮਹਾਰਾਜ ਦੀ ਗੁਰਮਖੀ ਭਰਵੀਂ ਦਾੜ੍ਹੀ, ਸੁਣੱਖਾ ਭਾਰਾ ਚਿਹਰਾ, ਸਡੌਲ ਸਰੀਰ ਤੇ ਹੱਸੂ ਹੱਸੂ ਕਰਦਾ ਮੁਖੜਾ ਬਦੋ ਬਦੀ ਪਿਆਰ ਖਿੱਚੀ ਜਾਂਦਾ ਸੀ। ਦਿਲ ਕਿੰਨਾ ਖੁਲ੍ਹਾ ਹੈ। ਇਕ ਸਿੱਖ ਨੇ ਆ ਕੇ ਮੱਥਾ ਟੇਕਿਆ। ਉਸ ਦਾ ਚਿਹਰਾ ਕੁਝ ਉਦਾਸ ਸੀ। ਮਹਾਰਾਜ ਜੀ! 'ਕਿਉਂ ਭਾਈ ਪਿਆਰਿਆ ਉਦਾਸ ਕਿਉਂ ਏਂ'। 'ਸ਼ਾਦੀ ਕਰਨੀ ਏ ਮਾਇਆ ਕੋਈ ਨਹੀਂ"। ਮਹਾਰਾਜ ਜੀ। ਇਸ ਗੁਰਸਿਖ ਨੂੰ ੫੦੦/- ਰੁਪੈ ਦੇ ਦਿਓ।

ਦੀਵਾਨ ਸਮਾਪਤ ਹੋਇਆ ਤੇ ਹੁਣ ਮੁਕਦਮਿਆਂ ਤੇ ਬੇਨਤੀਆਂ ਦਾ ਵੇਲਾ ਆਇਆਂ। ਸਭ ਮੁਕਦਮੇ ਕਰਨ ਵਾਲਿਆਂ ਨੇ ਆਪਣੇ ਨਾਂ ਲਿਖ ਕੇ ਦੇ ਦਿਤੇ। ਕੋਈ ਕੋਰਟ ਫੀਸ ਨਾ ਲਗਾ। ਕੋਈ ਲੰਮੀਆਂ ਤਰੀਕਾਂ ਤੇ ਅਰਜ਼ੀ ਨਵੀਸਾਂ ਦੇ ਬਿਲ ਨਾ ਤਾਰਨੇ ਪਏ। ਵਾਜਾਂ ਪੈਣੀਆਂ ਸ਼ੁਰੂ ਹੋਈਆਂ। ਲਗ ਭਗ ਜਿਹੜਾ ਭੀ ਆਇਆ ਮਹਾਰਾਜ ਜੀ ਨੇ ਉਸ ਦਾ ਪਿੰਡ ਦੇ ਹੋਰ ਸਤਿਸੰਗੀਆਂ ਦੀ ਸੁੱਖ ਸਾਂਦ ਨਾਂ ਲੈ ਲੈ ਕੇ ਪੁਛੀ। ਇੰਨੀ ਲੰਮੀ ਯਾਦ, ਤੇ ਇਉਂ ਜ਼ਾਤੀ ਸਬੰਧ ਤੇ ਜ਼ਾਤੀ ਪੁਛ ਗਿੱਛ ਅਪਣਤ ਦਾ ਪੂਰਾ ਅਸਰ ਕਰਦੀ ਹੈ। ਸਭ ਦੀਆਂ ਫਰਿਆਦਾਂ ਤੇ ਜਵਾਬ ਸੰਖੇਪ ਤੌਰ ਤੇ ਸੁਣੇ ਜਾਂਦੇ ਸਨ ਤੇ ਮਿੰਟ ਦੇ ਅੰਦਰ ਅੰਦਰ ਹੁਕਮ ਜਾਂ ਫੈਸਲਾ ਸੁਣਾ ਦਿਤਾ ਜਾਂਦਾ ਸੀ। ਜੋ ਦੋਵੇਂ ਧਿਰਾਂ ਸਿਰ ਮੱਥੇ ਤੇ ਮੰਨਦੀਆਂ ਸਨ। ਇਨ੍ਹਾਂ ਫੈਸਲਿਆਂ ਵਿਚ ਦੰਡ ਨਹੀਂ ਸਨ। ਸਗੋਂ ਰਾਜ਼ੀ ਨਾਵੇਂ ਤੇ ਦਿਲ ਦੀਆਂ ਸਫਾਈਆਂ ਸਨ।

ਮੈਂ ਮਹਾਰਾਜ ਜੀ ਦੇ ਵਧੇਰੇ ਕੋਲ ਹੋ ਬੈਠਾ ਸਾਂ। ਹਰ ਫੈਸਲੇ ਨੂੰ ਪੂਰੀ ਗਹੁ ਨਾਲ ਵਿਚਾਰ ਰਿਹਾ ਸਾਂ ਤੇ ਉਨ੍ਹਾਂ ਦੀ ਫੁਰਤੀ ਤੇ ਫਿਰ ਡੂੰਘਾਈ ਤੇ ਅਸਲੀਅਤ ਤੱਕ ਪੁਜਣ ਦੀ ਸ਼ਕਤੀ ਨੂੰ ਵੇਖ ਵੇਖ ਉਂਗਲਾਂ ਟੁਕਦਾ ਸਾਂ। ਦੋ ਕੁ ਘੰਟੇ ਵਿਚ ੧੦੦ ਤੋਂ ਉਪਰ ਫੈਸਲੇ ਹੋ ਗਏ। ਅਤੇ ਸਭੇ ਫੈਸਲੇ ਦੋਹਾਂ ਸਿਰਾਂ ਲਈ ਅਜਿਹੇ ਸੁਖਾਉਂਦੇ ਸਨ ਕਿ ਕਿਸੇ ਨੂੰ ਬੁੜ ਬੁੜ ਕਰਨ ਜਾਂ ਅਪੀਲ ਕਰਨ ਦੀ ਗੁੰਜਾਇਸ਼ ਨਹੀਂ ਸੀ। ਇਕ ਦੋ ਫੈਸਲੇ ਦਾ ਇਥੇ ਜ਼ਿਕਰ ਕੁ ਥਾਂ ਨਹੀਂ ਹੋਵੇਗਾ।

(੧) ਇਕ ਨੇ ਸ਼ਕਾਇਤ ਕੀਤੀ ਕਿ ਫਲਾਣਾ ਸਿੰਘ ਮੇਰਾ ੨੦੦/- ਰੁਪਿਆ ਨਹੀਂ ਦਿੰਦਾ। ਕਰਜ਼ਾਈ ਨੂੰ ਅਵਾਜ਼ ਪਈ। ਪੁਛਿਆ ਗਿਆ ਤੂੰ ਏਸਦਾ ੨੦੦/- ਠੀਕ ਦੇਣਾ ਹੈ ? ਹਾਂ ਜੀ ਪਰ ਕੋਲ ਨਹੀਂ, ਮੈਂ ਅਗੇ ਹੌਲੀ ਹੌਲੀ



Sri Satguru Jagjit Singh Ji Elibrary NamdhariElibrary@gmail.com

ਕਰਕੇ ੧੦੦/- ਰੁ: ਕਿਰਤ ਕਰਕੇ ਲਾਹਿਆ । ਏਹ ਭੀ ਦੇ ਦਿਆਂਗਾ" । ਪਰ ਤੂੰ ਕਰਜ਼ਾਈ ਕਿਵੇਂ ਹੋ ਗਿਆ। ਗੁਰੂ ਕਾ ਸਿਖ ਤਾਂ ਕਰਜ਼ਾਈ ਹੋ ਹੀ ਨਹੀਂ ਸਕਦਾ। ਕਿਉਂ ਜੋ ਉਸਦਾ ਜੀਵਨ ਸਾਦਾ ਹੁੰਦਾ ਹੈ। ਤੇ ਫਜ਼ੂਲ ਰਸਮਾਂ ਤੇ ਵਾਧੂ ਉਜਾੜਾ ਨਾਮਧਾਰੀਆਂ ਵਿਚ ਹੁੰਦਾ ਹੀ ਨਹੀਂ। 'ਮਹਾਰਾਜ ਇਹ ਕਰਜ਼ਾ ਮੇਰੇ ਪਿਓ ਦਾ ਹੈ ਉਹ ਸਿੱਖ ਨਹੀਂ ਸੀ।'

'ਚੰਗਾ ਖਜ਼ਾਨਚੀ ਜੀ, ੨੦੦/- ਸ਼ਿਕਾਇਤ ਕਰਨ ਵਾਲੇ ਨੂੰ ਦੇ ਦਿਉ।' ਸ਼ਕਾਇਤ ਕਰਨ ਵਾਲਾ 'ਨਾ ਮਹਾਰਾਜ ਮੈਂ ਗੁਰੂ ਕੇ ਖਜ਼ਾਨਿਉਂ ਨਹੀਂ ਲੈਂਦਾ। ਅਹਿ ਲਓ ਪ੍ਰੋਨੋਟ ਆਪਣੀ ਹਥੀਂ ਇਸ ਦੀ ਮੁਕਤੀ ਕਰ ਦਿਉ। ਮੈਂ ਕਰਜ਼ਾ ਛੱਡਿਆ।'

'ਮਹਾਰਾਜ ਜੀ ਮੈਂ ਆਪਣੀ ਲੜਕੀ ਸਿੰਘ ਨੂੰ ਵਿਆਹੀ ਸੀ। ਉਹ ਹੁਣ ਮਾਸ ਸ਼ਰਾਬ ਵਰਤਣ ਲੱਗ ਪਿਆ ਹੈ। ਮੈਂ ਸਮਝਾਉਣ ਦੀ ਬਹੁਤ ਵਾਹ ਲਾਈ ਹੈ। ਮੇਰੀ ਧੀ ਬੜੀ ਤੰਗ ਹੈ।' ਬੀਬੀ ਹਾਜ਼ਰ ਹੋਈ। ਹਾਂ ਬਾਬਿਆ, ਮੈਨੂੰ ਜਿਵੇਂ ਹੁਕਮ ਦੇਵੋਗਾਂ ਮੈਂ ਕਰਾਂਗੀ। ਪਰ ਮੇਰਾ ਧਰਮ ਜਾਂਦਾ ਹੈ। ਮੈਨੂੰ ਤਾਂ ਚੌਕੇ ਦੀ ਭੀ ਸੁੱਚ ਨਾ ਰਹੀ। ਉਸ ਇਲਾਕੇ ਦੇ ਸੂਬੇ ਨੂੰ ਬੀਬੀ ਤੇ ਉਸਦੇ ਪਿਤਾ ਦੇ ਕਥਨ ਦੀ ਸਚਾਈ ਪੁੱਛੀ ਗਈ। ਬੀਬੀ ਦੇ ਸਹੁਰੇ ਪਿੰਡ ਵਾਲੇ ਸੂਬੇ ਨੂੰ ਮੁੰਡੇ ਦੇ ਚਾਲ ਚਲਣ ਦੀ ਪੁੱਛ ਹੋਈ। ਜਦ ਬਿਆਨ ਦੀ ਸਚਾਈ ਪਰਖੀ ਗਈ ਤਾਂ ਹੁਕਮ ਹੋ ਗਿਆ ਕਿ ਬੀਬੀ ਪੇਕੇ ਘਰ ਆ ਰਹੇ। ਤਿੰਨ ਮਹੀਨੇ ਵਿਚ ਉਹ ਆਪਣੇ ਆਪ ਨੂੰ ਸੁਧਾਰ ਲਵੇ ਤਾਂ ਸੰਗਤ ਵਿਚ ਆ ਕੇ ਭੁਲ ਬਖਸ਼ਾਏ ਤਾਂ ਵਾਹ ਵਾਹ ਨਹੀਂ ਤਾਂ ਬੀਬੀ ਦੀ ਹੋਰ ਸ਼ਾਦੀ ਕਰ ਦਿਉ।

ਇਹ ਮੁਕੱਦਮੇਂ ਸੁਣਦਿਆਂ ਹੀ ਮੈਨੂੰ ਪਤਾ ਲਗ ਗਿਆ ਕਿ ਨਾਮਧਾਰੀਆਂ ਵਿਚ ਪਰਦੇ ਫਜ਼ੂਲ ਖਰਚੀ ਤੇ ਆਕੜ ਉੱਕਾ ਹੀ ਨਹੀਂ। ਕੁਝ ਚਿਰ ਪਿਛੋਂ ਮੈਨੂੰ ਇਹ ਭੀ ਪਤਾ ਲੱਗਾ ਕਿ ਮਹਾਰਾਜ ਜੀ ਸਵਮਬਰ ਦੀ ਰਸਮ ਨੂੰ ਭੀ ਸੁਰਜੀਤ ਕਰਨ ਵਾਲੇ ਹਨ। ਬੇਨਤੀਆਂ ਵਿਚ ਵਧੇਰੇ ਇਹੀ ਮੰਗ ਸੀ ਕਿ ਸਾਡੇ ਘਰ ਪਰਸ਼ਾਦ ਛਕੋ ਤੇ ਸਾਡੇ ਪਿੰਡ ਦਰਸ਼ਨ ਦਿਉ। ਪ੍ਰੋਗਰਾਮ ਉਸ ਵਾਸਤੇ ਬਨਾਉਣ ਦੀ ਜ਼ਿੰਮੇਂਵਾਰੀ ਸੂਬਿਆਂ ਦੇ ਜ਼ੁੰਮੇ ਲਾਈ ਗਈ। ਇਸ ਦੇ ਬਾਅਦ ਚਕ੍ਰਵਰਤੀ ਜੀ ਨੇ ਸਾਡੀ ਜਾਣ ਪਛਾਣ ਕਰਾਈ ਤੇ ਸਾਨੂੰ ਉਸ ਭਰੀ ਸਭਾ ਵਿਚ ਕੁਝ ਬੋਲਣ ਲਈ ਕਿਹਾ ਗਿਆ। ਕੋਈ ਗੀਤਾਂ ਬਾਬਤ ਬੋਲਿਆ ਕੋਈ ਪੰਜਾਬੀ ਬਾਬਤ ਤੇ ਕੋਈ ਕੁਝ ਬੋਲਿਆ। ਮੈਂ ਹੈਰਾਨ ਸਾਂ ਕਿ ਉਸ ਸਾਧ-ਸੰਗ ਨੇ ਏ ਸ਼ਾਂਤੀ ਤੇ ਸਬਰ ਨਾਲ ਸਾਡੇ ਖਿਆਲ ਭੀ ਸੁਣ ਲਏ ਕਈ ਹਾਲਤਾਂ ਵਿਚ ਉਨੇ ਪਵਿਤਰ ਤੇ ਸੁੱਚੇ ਨਹੀਂ ਸ: ਪ੍ਰਬੰਧ ਅਤੇ ਚੁਪ ਹੈਰਾਨੀ ਭਰੀ ਸੀ। ਦੀਵਾਨ ਸਮਾ ਹੋਇਆ।

ਮੋਟਰ ਖਰਾਬ ਹੋ ਜਾਣ ਕਰਕੇ ਅਚਣਚੇਤ ਅਨੰਦਪ ਮੁੜਦੇ ਹੋਏ, ਮਾ: ਤਾਰਾ ਸਿੰਘ ਜੀ ਕਮਲਾ ਅਕਾਲੀ ਜੀ ਮੁਸਾਫਿਰ ਜੀ ਰਾਤੀਂ ਅਚਣਚੇਤ ੧ ਵਜੇ ਉਥੇ ਆ ਪ ਉਨ੍ਹਾਂ ਨੂੰ ਭੀ ਪੂਰਾ ਆਰਾਮ ਦਿਤਾ ਗਿਆ। ਸਵੇਰੇ ਦੇ ਅ ਦੀ ਵਾਰ ਦੇ ਦੀਵਾਨ ਵਿਚ ਉਨ੍ਹਾਂ ਦੀਆਂ ਕਾਲੀਆਂ ਨੇ ਚਿੱਟੀਆਂ ਪੱਗਾਂ ਦੀ ਸ਼ੋਭਾ ਦੂਣੀ ਕਰ ਦਿਤੀ ਹੋਈ ਜਿਵੇਂ ਸਵੇਰਸਾਰ ਚਿੜੀ ਦਾ ਚੂਕਣਾ ਸਵੇਰ ਦੀ ਚੁੱ ਵਧਾ ਦੇਂਦਾ ਹੈ। ਆਸਾ ਦੀ ਵਾਰ ਦੇ ਕੀਰਤਨ ਵਿ ਮਹਾਰਾਜ ਨੇ ਆਪ ਇਕ ਸ਼ਬਦ ਗਾਇਨ ਕੀਤਾ। ਉਨ੍ਹਾਂ ਦੇ ਬੱਚਿਆਂ ਨੇ। ਉਨ੍ਹਾਂ ਦੇ ਗਾਇਨ ਤੋਂ ਤੇ ਰਾਫ ਨਾਲ ਤਾਰ ਆਦਿ ਦੇਣ ਤੋਂ ਮੈਨੂੰ ਸਾਫ ਪਤਾ ਲਗ ਗਿ ਸੀ ਕਿ ਮਹਾਰਾਜ ਜੀ ਜਿਥੇ ਸ਼ਸਤ੍ਰ ਵਿਦਿਆ ਤੇ ਸ਼ਿ ਵਿਦਿਆ ਤੇ ਘੋੜੇ ਉਨ੍ਹਾਂ ਦੇ ਇਲਾਜ ਦੇ ਚੰਗੇ ਜਾਣੂ ਉਥੇ ਰਾਗ ਵਿਦਿਆ ਆਦਿ ਕੋਮਲ ਹੁਨਰਾਂ ਦੇ ਅ ਸ਼ੌਕੀਨ ਹੀ ਨਹੀਂ, ਸਗੋਂ ਮਾਹਰ ਹਨ। ਦੀਵਾਨ ਵਿਚ ਦੋ ਅਨੰਦ ਕਾਰਜ ਹੁੰਦੇ ਡਿਠੇ। ਉਸ ਤੋਂ ਪਿਛੋਂ ਇਹ ਲੀਡਰ ਸਾਹਿਬ ਕੋਈ ਪੰਜ ਪੰਜ ਮਿੰਟ ਬੋਲੇ ਤੇ ਦੀਵਾਨ ਸਮਾਪਤੀ ਹੋਈ।

ਲੀਡਰਾਂ ਦੀ ਵਦਾਇਗੀ ਦੇ ਸਮੇਂ ਦਾ ਜ਼ਿਕਰ ਕਰਨਾ ਲੇਖ ਨੂੰ ਅਧੂਰਾ ਛੱਡਣ ਵਾਲੀ ਗੱਲ ਹੋਵੇਗੀ। ਬੈਠਕ ਵਿਚ ਉਹ ਲੀਡਰ ਮੈਂ, ਮਹਾਰਾਜ ਜੀ ਤੇ ਚਕ੍ਰਵ ਜੀ ਬੈਠੇ ਸਾਂ। ਮੇਰੇ ਸਾਥੀ ਆਪਣੇ ਡੇਰੇ ਹੀ ਸਨ। ਸਾਂਦ ਪੁਛੀ ਗਈ। ਤੇ ਦੋਸਤਾਂ ਵਾਂਗ ਗੱਲਾਂ ਛਿੜ ਪਈ ਮਹਾਰਾਜ ਜੀ ਖਿੜ ਖਿੜ ਕੇ ਹਸਦੇ ਸਨ। ਦੋਸਤਾਂ ਵ ਹੱਥ ਮਿਲਾਂਦੇ ਸਨ ਤੇ ਦਾਹੜੀਆਂ ਸਿਧੀਆਂ ਸਾਫ ਗੱਲਾਂ ਕ ਸਨ। ਉਸ ਵੇਲੇ ਮੈਂ ਤੇ ਬਾਕੀ ਸਜਣ ਭੁਲੇ ਹੋਏ ਸਨ ਉਹ ਕਿਸੇ 'ਗੁਰੂ' ਜਾਂ "ਪੀਰ" ਜਾਂ ਪੰਜ ਲੱਖ ਸਿਖ ਲੀਡਰ ਨਾਲ ਗੱਲਾਂ ਕਰ ਰਹੇ ਹਨ। ਮਹਾਰਾਜ ਜੀ ਆਪਣੀਆਂ ਗੱਲਾਂ ਵਿਚ ਕਈ ਫਾਰਸੀ ਦੇ ਸ਼ਾਇਰਾਂ ਦੇ ਸ਼ੇ ਸਹਿਜ ਸੁਭਾ ਸੁਣਾ ਦਿਤੇ। ਕਈ ਹਵਾਲੇ ਦਿਤੇ ਜੋ ਲਗ ਸਭ ਲਈ ਨਵੇਂ ਸਨ। ਗੱਲਾਂ ਗੱਲਾਂ ਤੋਂ ਇਹ ਭੀ ਪ



Sri Satguru Jagjit Singh Ji Elibrary NamdhariElibrary@gmail.com

ਲੱਗਾ ਕਿ ਉਹ ਉਨ੍ਹਾਂ ਲੀਡਰਾਂ ਨੂੰ ਅਗੇ ਭੀ ਇਵੇਂ ਹੀ ਦੋਸਤਾਂ ਵਾਂਗ ਮਿਲਦੇ ਹਨ ।

ਹੁਣ ਉਨ੍ਹਾਂ ਤਿੰਨਾਂ ਲੀਡਰਾਂ ਦੇ ਅਗੇ ੨੫/- ੨੫/- ਰੁ: ਤੇ ਇਕਇਕ ਟੱਸਰੀ ਦਸਤਾਰਾ ਨਜ਼ਰ ਭੇਟਾ ਰੱਖੀ ਗਈ ਤੇ ਨਾਲ ਹੱਥ ਜੋੜੇ ਗਏ । ਤੇਨ੍ਹਾਂ ਬੜੀ ਮੁਸ਼ਕਲ ਨਾਲ ਰੁਪੈ ਮੋੜੇ ਤੇ ਦਸਤਾਰੇ ਪਰਵਾਨ ਕੀਤੇ । ਮਹਾਰਾਜ ਜੀ ਜੱਫੀਆਂ ਪਾ ਕੇ ਤੇ ਹੱਸ ਹੱਸ ਕੇ ਉਨ੍ਹਾਂ ਨੂੰ ਮਿਲੇ ਅੰਤ ਆਪ ਪੈਦਲ ਉਨ੍ਹਾਂ ਦੀ ਮੋਟਰ ਤਕ ਛੱਡਣ ਆਏ । ਮੋਟਰ ਤੁਰਨ ਵੇਲੇ ਫਿਰ ਫਤਹਿ ਬੁਲਾਈ ਅਤੇ ਲੰਗਰ ਵਿਚ ਗਏ ।

ਮੇਰਾ ਜੀ ਕੀਤਾ ਕਿ ਮੈਂ ਲੰਗਰ ਦਾ ਜ਼ਿਕਰ ਕਰਕੇ ਹੀ ਪਾਠਕਾਂ ਤੋਂ ਛੁਟੀ ਲਵਾਂ । ਨਾਲੇ ਇਹ ਭੀ ਤਾਂ ਅਨਿਆਂ ਹੀ ਹੋਵੇਗਾ ਜੇ ਪਾਠਕਾਂ ਨੂੰ ਭੁਖਿਆਂ ਹੀ ਇਨੀਆਂ ਗੱਲਾਂ ਸੁਣਾ ਕੇ ਛੁਟੀ ਦਿਆਂ । (ਅਸੀਂ ਲੰਗਰ ਵਿਚ ਗਏ) ਦੋ ਬਿਰਧ ਮਾਈਆਂ, ਜੋ ਮਹਾਰਾਜ ਦੀਆਂ ਮਾਤਾਵਾਂ ਅਖਵਾਉਣ ਦਾ ਮਾਣ ਰਖਦੀਆਂ ਸਨ, ਲੰਗਰ ਵਿਚ ਇਉਂ ਸੇਵਾ ਕਰ ਰਹੀਆਂ ਸਨ, ਸਭ ਨੂੰ ਸਭ ਦੀ ਲੋੜ ਵਾਲੀ ਚੀਜ਼ ਪਚਾਉਣੀ ਉਨ੍ਹਾਂ ਦੇ ਜ਼ਿੰਮੇ ਹੈ । ਇਉਂ ਜਾਪਦਾ ਹੈ ਕਿ ਮਾਣ ਦੀ ਕਣੀ ਉਨ੍ਹਾਂ ਦੇ ਲਾਗੇ ਹੀ ਨਹੀਂ ਪੁਜੀ। ਲੰਗਰ ਵਿਚ ਸਾਨੂੰ ਮਿਠੇ ਚੋਲ, ਕੜਾਹ ਪ੍ਰਸ਼ਾਦ, ਦੋ ਸਬਜ਼ੀਆਂ ਤੇ ਇਕ ਦਾਲ ਤੇ ਸੋਹਣੇ ਫੁਲਕੇ ਸਣੇ ਫਲਾਂ ਦੇ ਦਿਤੇ ਗਏ ਸਨ । ਵੇਖਣ ਤੋਂ ਪਤਾ ਲਗਦਾ ਸੀ ਕਿ ਸਾਰੀ ਸੰਗਤ ਲਈ ਇਹੀ ਕੁਝ ਬਣਿਆ ਹੈ ।

ਸਾਨੂੰ ਭੀ ਉਸੇ ਤਰੀਕੇ ਨਾਲ ਵਿਦਾ ਕੀਤਾ ਗਿਆ । ਪਹਿਲੀ ਮੋਟਰ ਕਾਰ ਨਾਲੋਂ ਭੀ ਵਧੀਆਂ ਮੋਟਰ ਕਾਰ ਸਾਨੂੰ ਸਟੇਸ਼ਨ ਤੇ ਛੱਡ ਗਈ ।

ਪਤਾ ਨਹੀਂ ਉਦੋਂ ਦੀ ਕੀ ਖਿੱਚ ਹੈ ਕਿ ਮੈਨੂੰ ਜਦ ਭੀ ਮੋਕਾ ਮਿਲੇ ਮੈਂ ਮਹਾਰਾਜ ਦੇ ਦਰਸ਼ਨਾਂ ਲਈ ਤੁਰ ਪੈਂਦਾ ਹਾਂ । ਮੈਂ ਨਾਮਧਾਰੀਆ ਤਾਂ ਨਹੀਂ ਬਣਿਆਂ। ਨਾ ਹੀ ਸ਼ਾਇਦ ਕਦੇ ਬਣ ਸਕਾਂ । ਪਰ ਮਹਾਰਾਜ ਦੀ ਜ਼ਾਤ ਨਾਲ ਮੈਨੂੰ ਜ਼ਾਤੀ ਪਿਆਰ ਹੈ । ਇਕ ਵੇਰ ਵਿਸਾਖੀ ਉਤੇ ਮੈਂ ਉਨ੍ਹਾਂ ਦੇ ਦਰਬਾਰ ਵਿਚ ਗਿਆ । ਪਿਆਰ ਭੇਟ ਲਈ ਮੈਂ ਲਿਖਾਰੀ ਦੀ ਇਕ ਪੁਰਾਣੀ ਫਾਈਲ ਦੀ ਸੁਨਹਿਰੀ ਜਿਲਦ ਲੈ ਗਿਆ । ਜਾ ਕੇ ਭੇਟਾ ਕੀਤੀ ਤੇ ਕਿਹਾ : 'ਮਾਫ ਕਰਨਾ ਅਜ ਰਾਤੀਂ ਹੀ ਪਤਾ ਲਗਾ ਸੀ ਤੇ ਸਵੇਰੇ ਹੀ ਘਰੋਂ ਤੁਰਿਆ ਹਾਂ । ਕੋਈ ਹੋਰ ਭੇਟਾ ਲੱਭੀ ਨਹੀਂ । ਇਹੋ ਹੀ ਕਬੂਲ ਕਰਨੀ ।"

ਤਾਂ ਆਪ ਨੇ ਪਿਆਰ ਨਾਲ ਮੇਰਾ ਹੱਥ ਘੁਟਿਆ ਸੀ ਤੇ ਗਲਵਕੜੀ ਵਿਚ ਲੈਂਦਿਆਂ ਹੋਇਆ ਕਿਹਾ ਸੀ, "ਚੀਜ਼ ਭਾਵੇਂ ਕੋਈ ਹੋਵੇ, ਆਪਾਂ ਚੀਜ਼ ਤਾਂ ਨਹੀਂ ਵੇਖਣੀ, ਵੇਖਣਾ ਤਾਂ ਇਹ ਹੈ ਕਿ ਉਸ ਦੇ ਲਿਆਉਣ ਵਿਚ ਕਿੰਨਾਂ ਪਿਆਰ ਹੈ । ਅਮੋਲ ਜੀ ਪਿਆਰ, ਉਹ ਤੁਸਾਂ ਮੈਨੂੰ ਦਿੱਤਾ ਹੈ । ਚਾਹੇ ਕਿਸੇ ਰੂਪ ਵਿਚ, ਉਹ ਸਤਿਕਾਰ ਯੋਗ ਹੈ ।"

ਅੱਜ ਤਿੰਨ ਸਾਲ ਹੋ ਗਏ ਹਨ ਇਸ ਗੱਲ ਨੂੰ, ਪਰ ਲਫਜ਼ ਅਜੇ ਤਕ ਭੀ ਮੇਰੇ ਕੰਨਾਂ ਵਿਚ ਮਿੱਠੀ ਗੂੰਜ ਦੇ ਕੇ ਮੇਰੀਆਂ ਅੱਖਾਂ ਵਿਚ ਮਸਤੀ ਦੀ ਇਕ ਲਹਿਰ ਲੈ ਆਉਂਦੇ ਹਨ । ਮੈਂ ਚਾਹੁੰਦਾ ਹਾਂ ਕਿ ਮੈਨੂੰ ਇਹ ਲਫਜ਼ ਸਦਾ ਯਾਦ ਰਹਿਣ ਜਿਵੇਂ ਅੱਜ ਹਨ । ★






Sri Satguru Jagjit Singh Ji Elibrary NamdhariElibrary@gmail.com

# ਨਿੱਕੀ ਜਿਹੀ ਪਰ ਵੱਡੀ ਗੱਲ

**—ਪ੍ਰੀਤਮ ਸਿੰਘ ਕਵੀ**

ਥੋੜੇ ਦਿਨ ਪਹਿਲਾਂ ਦੀ ਗੱਲ ਹੈ। ਆਪਣੇ ਨੌਜੁਆਨ ਦੋਸਤ ਨਾਲ ਨਵੀਂ ਦਿੱਲੀ ਦੇ ਨਵ-ਉਸਰੇ ਹੋਟਲ ਸਿਧਾਰਥ ਦੇ ਨਿਕਾਸ ਦੁਆਰ ਚੋਂ ਬਾਹਰ ਆਉਣ ਹੀ ਲਗਾ ਸਾਂ ਕਿ ਇਕ ਕੋਮਲ ਤੇ ਸੁਰੀਲੀ ਨਾਰੀ ਆਵਾਜ਼ ਨੇ ਮੈਨੂੰ ਰੋਕ ਲਿਆ।

"ਸ਼੍ਰੀ ਮਾਨ ਜੀ, ਕ੍ਰਿਪਾ ਕਰਕੇ, ਮੇਰੀ ਦੁਕਾਨ ਤਕ ਚਲਣਾ। ਮੈਂ ਤਾਂ ਗ਼ਲਤੀ ਹੀ ਕਰ ਗਈ ਸਾਂ!" ਪਤਲੋ ਜਿਹੀ ਸੁਖਾਵੇਂ ਨਕਸ਼ਾਂ ਵਾਲੀ ਮੁਟਿਆਰ ਤੇਜ਼ ਤੇਜ਼, ਸਾਡੀ ਅਗਵਾਈ ਕਰਦੀ ਹੋਈ ਤੁਰ ਪਈ।

ਅਸੀਂ ਅਜੇ ਨਿਰਣਾ ਨਹੀਂ ਸਾਂ ਕਰ ਸਕੇ ਕਿ ਉਸ ਤੋਂ ਗ਼ਲਤੀ ਕੀ ਹੋ ਗਈ ਹੋਵੇ! ਉਹਦੀ ਪੁਸ਼ਪ-ਦੁਕਾਨ ਪਾਸ ਜਾ ਪੁੱਜੇ।

ਉਸਨੇ ਦੋ ਡਾਲੀਆਂ ਨਰਗਸ ਦੇ ਫੁੱਲਾਂ ਦੀਆਂ ਮੇਰੇ ਹੱਥ ਫੜਾਂਦਿਆਂ ਸ਼ਹਿਦ ਗੁੱਧੇ ਬੋਲਾਂ ਵਿਚ ਕਿਹਾ; "ਮੈਨੂੰ ਤਾਂ ਪਛਤਾਵਾ ਹੀ ਲਗ ਗਿਆ ਸੀ ਕਿ ਮੈਂ ਨਰਗਸ ਦੇ ਫੁੱਲਾਂ ਨੂੰ ਅੱਖੀਆਂ ਨਾਲ ਤੁਲਨਾ ਦੇਣ ਵਾਲੇ ਵਿਅਕਤੀ ਨੂੰ ਤੁਹਫ਼ਾ ਦੇਣੋਂ ਕਿਵੇਂ ਭੁਲ ਗਈ! ਫੁੱਲਾਂ ਦਾ ਪ੍ਰਸ਼ੰਸਕ ਮੇਰੇ ਪਾਸੋਂ ਖਾਲੀ ਹਥੀਂ ਚਲਾ ਗਿਆ!"

ਇਸ ਤੋਂ ਪਹਿਲੋਂ ਗੱਲ ਏਨੀ ਕੁ ਹੀ ਸੀ ਕਿ ਮੇਰਾ ਨੌਜਵਾਨ ਸਾਥੀ ਆਪਣੇ ਉਸਤਾਦ ਵਾਸਤੇ ਭੇਜੇ ਗੁਲਦਸਤੇ ਦਾ ਬਿਲ ਅਦਾ ਕਰਨ ਚੈੱਕ ਦੇਣ ਇਸ ਫਲਾਵਰ ਸ਼ਾਪ (ਫੁਲ ਹੱਟੀ) ਤੇ ਗਿਆ ਸੀ। ਕਾਊਂਟਰ ਉਤੇ ਵਧੀਆ, ਛੋਟੇ ਛੋਟੇ ਜਲ-ਗਮਲਿਆਂ ਵਿਚ ਰਖੀਆਂ ਵਿਵਧ ਫੁ… ਦੀਆਂ ਡਾਲੀਆਂ ਵਿਚ ਗੁਆਚੀ ਉਸ ਲੜਕੀ ਨੇ ਮੈ… ਆਪਣੇ ਨਾਲ ਦੇ ਨੂੰ ਫੁੱਲਾਂ ਦੀ ਜਾਣਕਾਰੀ ਦਿੰਦਿਆਂ ਸੁ… ਲਿਆ। ਨਰਗਸ ਵਲ ਤਕਾਕੇ ਮੈਂ ਕਿਹਾ ਸੀ; "ਨਰਗਸ ਫੁਲਾਂ ਨੂੰ ਸੁਹਣੀਆਂ ਅੱਖਾਂ ਨਾਲ ਉਪਮਾਇਆ ਜਾਂਦਾ ਹੈ… ਚਿਟੀਆਂ ਪੰਖੜੀਆਂ ਵਿਚ ਇਹ ਪੀਲੀ ਕੌਲੀ ਅੱਖਾਂ ਵਿਚ ਪ੍ਰੇਮ ਪਿਆਸ ਨੂੰ ਦਰਸਾਂਦੀ ਹੈ ਤੇ ਪੁਤਲੀ ਦੀ ਗੋਲਾਈ ਵੀ।" ਬੀਬੀ ਨੇ ਕਿਹਾ ਸੀ; "ਜ਼ਰਾ ਇਹਦੀ ਸੁਗੰਧੀ ਲੈਣੀ, ਕਿੰਨੀ ਮੋਹਕ ਹੈ।"

ਸਿਆਣੀ ਮੁਟਿਆਰ ਦਾ ਤੁਹਫ਼ਾ ਦੇਣੋਂ ਭੁਲ ਜਾ… ਤਾਂ ਕੋਈ ਵੱਡੀ ਗੱਲ ਨਹੀਂ ਸੀ। ਪਰ ਉਹਦਾ ਪ… ਪਰਸੰਸਕ ਵਲ ਏਨੀ ਪਹੁੰਚ ਕਿ ਦੁਕਾਨ ਛਡਕੇ ਉਸ ਨੂੰ … ਲਿਆਉਣਾ, ਇਹ ਉਸਦੀ ਕਦਰਦਾਨੀ ਅਤੇ ਸੁਖਾਵਤ… ਉਪਜੀ ਕਿਰਿਆ ਸੀ।

ਕਿੱਸਾ ਇਕ ਹੋਰ ਯਾਦ ਆ ਗਿਆ। ਦੇਸ਼ ਭ… ਦੁਆਬੇ ਦੀ ਧਰਤੀ ਚੋਂ ਲੰਘ ਰਿਹਾ ਸਾਂ। ਇਕ ਖੂਹ… ਪਾਸ ਕੜਾਹੇ ਵਿਚ ਬੁੜ ਬੁੜੇ ਗੜ੍ਹਕਦੀ ਪੱਤ ਦੀ ਵਾਸ਼… ਆਈ। ਸਬਬ ਨਾਲ ਡੰਡੀ ਖੂਹ ਉਤੋਂ ਹੋ ਕੇ ਗੁਜ਼ਰਦੀ ਸ… ਨਾਲ ਹੀ ਗੰਡ ਦੇ ਕੋਲ ਪਈਆਂ ਗੁੜ ਪੇਸੀਆਂ ਵੇਖ… ਆਦਤਨ ਜੱਟ ਨੂੰ ਕਹਿ ਬੈਠਾ; "ਵਾਹ, ਕਿਆ ਪੇਸੀਆਂ ਨਿਰੇ ਪਤਾਸੇ ਲਗਦੇ ਹਨ।"

ਪਰ ਗੁੜ-ਗੰਡਾਂ ਦਾ ਮਾਲਕ ਝੂਠੀ ਜਿਹੀ ਹਾ… ਹੱਸਕੇ ਦੂਜੇ ਪਾਸੇ ਮੂੰਹ ਫੇਰ ਆਪਣੇ ਕੰਮੀ ਲਗ ਗਿਆ।

ਸਾਬਕ ਹੀ ਮੈਨੂੰ ਆਪਣੇ ਸਾਬਕਾ ਇਲਾਕੇ ਲਾਹੌਰ… ਕਿਸਾਨ ਚੇਤੇ ਆ ਗਏ। ਜੇ ਏਨੀ ਕੁ ਗੱਲ ਮੈਂ ਉਥੇ ਕਿ… ਗੁੜ੍ਹੈਲ ਤੇ ਕਹੀ ਹੁੰਦੀ ਤਾਂ ਜਵਾਬ ਮਿਲਦਾ; "ਸਰਦਾ… ਜ਼ਰਾ ਚਖ ਕੇ ਤਾਂ ਵੇਖ! ਐਵੇਂ ਹੀ ਨ ਰਾਰੀਂਡਾਂ… ਪੁਲ ਬੰਨ੍ਹ!" ਤੇ ਉਹ ਮੇਰੇ ਸਾਫੇ ਦੇ ਲੜ ੧੦-੧੨ ਰੋੜੀ… ਬੰਨ੍ਹ ਦਿੰਦਾ ਤਾਕਿ ਮੈਂ ਘਰਦਿਆਂ ਨੂੰ ਵੀ ਪਤਾਸਿਆਂ ਵਰ… ਗੁੜ ਦਾ ਸੁਆਦ ਚਖਾ ਦਿਆਂ।

ਨਿੱਕੀ ਜਿਹੀ ਇਸ ਗੱਲ ਵਿਚ ਦੋ ਵੱਡੀਆਂ ਗੱਲਾਂ … ਗਈਆਂ: ਇਕ ਕਿ ਤੁਸੀਂ ਪ੍ਰਸੰਸਕ ਦੇ ਕਦਰਦਾਨ … ਭਾਵ ਪ੍ਰਸੰਸਾ ਨੂੰ ਸਮਝਦੇ ਹੋ। ਦੂਜੇ ਕਿ ਤੁਸੀਂ ਸ… ਸੁਭਾਉ ਦੇ ਹੋ। ਤੁਹਾਡੀ ਕਿਰਤ ਦਾ ਤਾਰੀਫ਼ਕਾਰ ਖਾਲੀ ਹੱ… ਨਹੀਂ ਜਾਵੇਗਾ।



Sri Satguru Jagjit Singh Ji Elibrary NamdhariElibrary@gmail.com

ਚਰਿਤਰ ਵਿਚ ਉਤਾਰੀ ਏਨੀ ਕੁ ਗੱਲ ਕਿ ਤੁਸੀਂ ਪ੍ਰਸ਼ੰਸਾ ਕਰ ਸਕਦੇ ਹੋ ਤੇ ਪ੍ਰਸੰਸਕ ਦੇ ਕਦਰਦਾਨ ਹੋ ਤੁਹਾਡੇ ਲਈ ਅਨੇਕਾਂ ਦੋਸਤੀਆਂ ਤੇ ਚੰਗੇ ਅਵਸਰਾਂ ਦੇ ਦਰ ਖੋਲ੍ਹ ਦਿੰਦੀ ਹੈ।

ਸ਼ਰਨਾਰਥੀ ਬਣ, ਕਾਨਪੁਰ ਵਿਚ ਗਏ ਇਕ ਸੱਜਣ ਨੇ ਅਪਣਾ ਅਨੁਭਵ ਦੱਸਿਆ। ਕਿਸੇ ਘਰ ਦੀ ਡਿਉਢੀ ਵਿਚ ਤਾਨਪੂਰਾ ਤੇ ਪੁਸਤਕਾਂ ਦਾ ਸੰਗ੍ਰਹਿ ਵੇਖ ਉਸਦੇ ਸਵਾਮੀ ਨੂੰ ਉਸ ਆਖਿਆ : ਕਮਾਲ ਹੈ, ਕਾਨਪੁਰ ਜੁੱਤੀਆਂ ਦੇ ਸ਼ਹਿਰ ਵਿਚ, ਤੁਹਾਡੇ ਪਾਸ ਪੁਸਤਕਾਂ ਤੇ ਸੰਗੀਤ ! ਕਿੰਨੇ ਵੱਡ ਭਾਗੇ ਹੋ !

ਅਤੇ ਉਸ ਜੱਜ ਪਰਵਾਰ ਦਾ ਉਹ, ਏਨੀ ਗੱਲੋਂ ਹੀ ਸਦਾ ਉਡੀਕਿਆ ਜਾਣ ਵਾਲਾ ਮਿੱਤਰ ਬਣ ਗਿਆ।

ਇਹ ਅਹਿਸਾਸ ਕਿ ਸਾਨੂੰ ਕੋਈ ਸਮਝਣ ਵਾਲਾ ਮਿਲ ਪਿਆ ਹੈ, ਇਕ ਬਹੁਤ ਵੱਡੀ ਤਸੱਲੀ ਹੈ। ਖਾਸ ਕਰ ਉਦੋਂ ਤਾਂ ਤੁਹਾਡੀ ਕੀਤੀ ਹੋਈ ਪ੍ਰਸ਼ੰਸਾ ਕਈ ਮੁਅਜਜ਼ੇ ਕਰ ਵਖਾਂਦੀ ਹੈ ਜਦੋਂ ਕਿਸੇ ਨੂੰ ਉਕਾ ਨਕਦਰਿਆਂ ਨਾਲ ਵਾਸਤਾ ਪਿਆ ਰਹਿੰਦਾ ਹੋਵੇ । ਇਕ ਇਸਤਰੀ ਪਾਸ ਜਦੋਂ ਮੈਂ ਉਸਦੇ ਸੁਹਣੇ ਦਿਸਦੇ ਪਤੀ ਦੀ ਪ੍ਰਸੰਸਾ ਕੀਤੀ ਤਾਂ ਉਸਨੇ ਸੜੇ ਹੋਏ ਦਿਲ ਨਾਲ ਕਿਹਾ : ਉਸਦੇ ਸੁਹਣੇ ਮੂੰਹ ਵਲ ਵੇਖ ਕੇ ਭੁਲ ਗਏ ਓ। ਕਦੇ ਵੇਖੋ ਇਕ ਵੀ ਕਲਾ ਮਈ ਕੀਤੀ ਤਬਦੀਲੀ ਉਹਦੇ ਤੇ ਕਿੰਨਾ ਭੈੜਾ ਪ੍ਰਭਾਵ ਪਾਂਦੀ ਹੈ। ਜਦੋਂ ਵੀ ਮੈਂ ਕੁਛ ਨਵਾਂ-ਨਵਾਂ ਕਰਦੀ ਹਾਂ ਤਾਂ ਉਹ ਲੂਹ ਧਰਨ ਵਾਲੀ ਗੱਲ ਕਰਦਾ ਹੈ !

ਇਸ ਦਾ ਮਤਲਬ ਇਹ ਹੈ ਕਿ ਜੇ ਅਸੀਂ ਕਿਸੇ ਚੰਗੀ ਦੀ ਗੱਲ ਤੇ ਨੋਟਿਸ ਨਹੀਂ ਲੈਂਦੇ ਤਦ ਵੀ ਇਕ ਚੰਗਾ ਮੌਕਾ ਖੁੰਝਾਂਦੇ ਹਾਂ ਤੇ ਜੇ ਸਾਨੂੰ ਕੋਈ ਸੁੰਦਰ ਕਿਰਤ ਉਂਜ ਹੀ ਚਿੜਾਣ ਲਈ ਉਕਸਾਂਦੀ ਹੈ ਤਾਂ ਅਸੀਂ ਸਿਆਣਿਆਂ ਦੀ ਗਿਣਤੀ ਵਿਚ ਆਉਣ ਵਾਲੇ ਨਹੀਂ ।

ਮਰਦਾਂ ਦਾ ਦੂਜੀ ਥਾਵੇਂ 'ਅੜ' ਜਾਣਾ, ਕੁੜੀਆਂ ਦਾ ਪਰੇ ਨਾਲ ਨੇਹੁ-ਮੁਹਬਤ ਹੋ ਜਾਣਾ, ਇਹ ਕਦਰਦਾਨੀ ਵਿਚੋਂ ਹੀ ਉਪਜਦੇ ਹਨ। ਜਿਥੇ ਇਕ, ਦੂਜੇ ਪ੍ਰਤੀ ਅਵੇਸਲਾ ਹੋਂਦਾ ਹੈ ਉਥੇ ਦੂਜਾ, ਤੀਜੇ ਦੀ ਇੰਤਜ਼ਾਰ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਇਕ ਵਾਰ ਆਖਿਆ ਸੀ : "ਹਉ ਬਲਿ ਹਾਰੀ ਤਿਨ ਕਉ ਸਿਫਤਿ ਜਿਨ੍ਹਾਂ ਦੈ ਵਾਤਿ।" ਅਰਥਾਤ ਮੈਂ ਉਨ੍ਹਾਂ ਲੋਕਾਂ ਦੇ ਕੁਰਬਾਨ ਜਾਂਦਾ ਹਾਂ ਜਿਨ੍ਹਾਂ ਦੇ ਮੁਖ ਤੇ ਪ੍ਰਸ਼ੰਸਾ ਰਹਿੰਦੀ ਹੈ । ਇਹ ਰੱਬ ਦੀ ਸਿਫਤ-ਸਲਾਹ ਹੋਵੇ ਤਦ ਵੀ ਲੋਕਾਂ ਤਕ ਪੁਜ ਜਾਂਦੀ ਹੈ, ਜੋ ਲੋਕਾਂ ਦੀ ਪ੍ਰਸ਼ੰਸਾ ਹੋਵੇ ਤਾਂ ਵੀ ਅਕਾਲ ਪੁਰਖ ਦੀ ਹੋ ਜਾਂਦੀ ਹੈ।

ਹੋਟਲ ਸਿਧਾਰਥ ਵਿਚ ਮੇਰੇ ਨਾਲ ਦੇ ਸਾਥੀ ਨੇ ਦੱਸਿਆ ਕਿ ਉਸਦਾ ਉਸਤਾਦ ਉਸਨੂੰ ਬੜੇ ਪਿਆਰ ਤੇ ਧਿਆਨ ਨਾਲ, ਆਪ ਕਹਿ ਕੇ ਸੰਗੀਤ ਦਾ ਨਵਾਂ ਸਬਕ ਦਿੰਦਾ ਹੈ ਕਿਉਂਕਿ ਉਹ (ਮੇਰਾ ਸਾਥੀ) ਉਸਨੂੰ ਸਰਬ ਸ੍ਰੇਸ਼ਟ ਤਾਂ ਮੰਨਦਾ ਹੀ ਹੈ, ਆਪਣੇ ਉਸਤਾਦ ਦੀ ਹਰ ਖੂਬਸੂਰਤੀ ਦਾ ਪ੍ਰਸ਼ੰਸਕ ਵੀ ਹੈ।

ਵਤੀਰੇ ਦੀ ਸੁੰਦਰਤਾ ਸਦਾ ਹੀ ਸਾਨੂੰ ਜਿੱਤ ਲੈਂਦੀ ਹੈ। ਜਿਉਂ ਜਿਉਂ ਇਸ ਸੁੰਦਰਤਾ ਦੇ ਫੁਲ ਚੁਣ-ਚੁਣ ਕੇ ਅਪਣਾ ਗੁਲਦਸਤਾ ਸਜਾਈ ਜਾਂਦੇ ਹਾਂ ਸਾਡੀ ਆਪਣੀ ਸ਼ਕਤੀ ਪ੍ਰਭਾਵਸ਼ਾਲੀ ਤੇ ਅਜਿੱਤ ਹੁੰਦੀ ਚਲੀ ਜਾਂਦੀ ਹੈ। ਤੁਸਾਂ ਕਈ ਵਾਰ ਵੇਖੇ ਹੋਣਗੇ ਸ਼ਕਲੋਂ ਸੂਰਤੋਂ ਸੁਹਣੇ ਤੁਹਾਡੀ ਨਫ਼ਰਤ ਦਾ ਪਾਤਰ ਬਣ ਜਾਂਦੇ ਹਨ। ਏਸ ਲਈ ਨਹੀਂ ਕਿ ਤੁਹਾਨੂੰ ਘਿਰਣਾ ਕਰਨ ਦੀ ਆਦਤ ਹੈ। ਨਹੀਂ, ਸਗੋਂ ਏਸ ਲਈ ਕਿ ਉਹ ਹੀ ਅਜਿਹਾ ਵਾਤਾਵਰਣ ਬਣਾਈ ਰਖਦੇ ਹਨ ਕਿ ਕੋਈ ਚੰਗੀ ਗੱਲ ਉਨ੍ਹਾਂ ਦੇ ਨੇੜੇ ਫਟਕ ਨਹੀਂ ਸਕਦੀ ਇਸ ਦੇ ਉਲਟ ਵੇਖਣ ਨੂੰ ਏਨਾ ਨਾ-ਸੁਹਣੇ ਵੀ ਏਨੇ ਚੰਗੇ ਦਿਲਾਂ ਦੇ ਮਾਲਕ ਹੁੰਦੇ ਹਨ ਕਿ ਉਨ੍ਹਾਂ ਦੇ ਕੋਲ ਬਹਿਕੇ, ਉਨ੍ਹਾਂ ਨਾਲ ਗੱਲਾ ਕਰਕੇ ਸੁਖ-ਸੁਖ, ਤੇ ਸੁਆਦ-ਸੁਆਦ ਜਿਹਾ ਆਉਂਦਾ ਹੈ।

ਮੈਂ ਇਕ ਸਾਂਵਲੀ ਤੇ ਜੁੱਸਿਓਂ ਮਰੇੜੀ ਕੁੜੀ ਨੂੰ ਜਾਣਦਾ ਹਾਂ ਜਿਸਦੀਆਂ ਦੋ ਸੱਸਾਂ, ਛੇ ਨਣਾਨਾਂ ਤੇ ਅੱਠ ਦਿਉਰ ਜੇਠ ਹਨ ਪਰ ਉਸਨੇ ਨਮਰਤਾ, ਮਿੱਠਤ ਤੇ ਕਦਰ-ਦਾਨੀ ਦੇ ਗੁਣਾਂ ਪੱਖੋਂ ਸਾਰੇ ਪਰਵਾਰ ਵਿਚ ਏਨੀ ਸਤਿਕਾਰ ਮਈ ਥਾਂ ਬਣਾ ਲਈ ਹੈ ਕਿ ਜਿਵੇਂ ਉਹ ਹੀ ਘਰ ਦੀ ਸਰਦਾਰ ਹੋਵੇ । ਹਰ ਕੋਈ ਆਪਣੀ 'ਬਚਨੀ' ਨੂੰ ਉਡੀਕਦਾ ਹੈ । ✱



Sri Satguru Jagjit Singh Ji Elibrary NamdhariElibrary@gmail.com

ਅਧਿਆਤਮਕ ਲੇਖ

# ਸਕਾਮ ਭਗਤੀ

—ਆਚਾਰੀਆ ਵਿਨੋਭਾ ਭਾਵੇ

ਭਗਵਾਨ ਨੇ ਭਗਤ ਦੀਆਂ ਤਿੰਨ ਕਿਸਮਾਂ ਦਸੀਆਂ ਹਨ (੧) ਸਕਾਮ ਭਗਤੀ ਕਰਨ ਵਾਲਾ (੨) ਨਿਸ਼ਕਾਮ ਪਰ ਇਕਾਂਗੀ ਭਗਤੀ ਕਰਨ ਵਾਲਾ (੩) ਗਿਆਨੀ ਅਰਥਾਤ ਸੰਪੂਰਨ ਭਗਤੀ ਕਰਨ ਵਾਲਾ।

ਨਿਸ਼ਕਾਮ ਪਰ ਇਕਾਂਗੀ ਭਗਤੀ ਕਰਨ ਵਾਲਿਆਂ ਦੀਆਂ ਤਿੰਨ ਕਿਸਮਾਂ ਹਨ।

(ੳ) ਆਰਤ (ਅ) ਜਗਿਆਸੂ (ੲ) ਅਰਥਾਰਥੀ।

ਤਾਂ ਸਕਾਮ ਭਗਤ ਦਾ ਅਰਥ ਕੀ ਹੈ ?

ਕੁਝ ਇਛਿਆ ਮਨ ਵਿਚ ਰੱਖ ਕੇ ਭਗਵਾਨ ਪਾਸ ਜਾਣ ਵਾਲਾ।

ਮੈਂ ਉਸ ਦੀ ਇਹ ਕਹਿ ਕੇ ਨਿੰਦਿਆ ਨਹੀਂ ਕਰਾਂਗਾ ਕਿ ਇਹ ਭਗਤੀ ਨਵੇਂ ਪ੍ਰਕਾਰ ਦੀ ਹੈ। ਕਈ ਲੋਕ ਸਾਂਝੇ ਸੇਵਾ ਖੇਤਰ ਵਿਚ ਇਸ ਲਈ ਕੁਦਦੇ ਹਨ ਕਿ ਮਾਣ ਸਨਮਾਨ ਮਿਲੇ। ਇਸ ਵਿਚ ਹਾਨੀ ਕੀ ਹੈ ? ਤੁਸੀਂ ਉਸ ਨੂੰ ਮਾਣ ਦਿਓ। ਉਨ੍ਹਾਂ ਦਾ ਚੰਗੀ ਤਰ੍ਹਾਂ ਸਨਮਾਨ ਕਰੋ। ਇਸ ਸਨਮਾਨ ਨਾਲ ਕੁਝ ਵਿਗਾੜ ਨਹੀਂ ਹੋਵੇਗੀ। ਅਜਿਹਾ ਮਾਣ ਮਿਲਦੇ ਰਹਿਣ ਨਾਲ ਉਹ ਸਰਬ ਸਾਂਝੀ ਸੇਵਾ ਵਿਚ ਪੱਕੇ ਹੋ ਜਾਣਗੇ। ਫੇਰ ਉਸੇ ਕੰਮ ਵਿਚ ਉਨ੍ਹਾਂ ਨੂੰ ਅਨੰਦ ਆਉਣ ਲਗੇਗਾ। ਮਾਣ ਪਰਾਪਤੀ ਦੀ ਇੱਛਿਆ ਜੋ ਹੁੰਦੀ ਹੈ ਉਸ ਦਾ ਅਰਥ ਆਖਰ ਕੀ ਹੈ ? ਇਹੋ ਕਿ ਉਸ ਸਨਮਾਨ ਨਾਲ ਸਾਨੂੰ ਇਹ ਨਿਸ਼ਚਾ, ਵਿਸ਼ਵਾਸ ਹੋ ਜਾਂਦਾ ਹੈ ਕਿ ਜਿਹੜਾ ਕੰਮ ਅਸੀਂ ਕਰਦੇ ਹਾਂ ਉਹ ਉਤਮ ਹੈ। ਮੇਰੀ ਸੇਵਾ ਅੱਛੀ ਜਾਂ ਬੁਰੀ ਹੈ, ਇਹ ਸਮਝਣ ਲਈ ਜਿਸ ਪਾਸ ਕੋਈ ਅੰਦਰੂਨੀ ਸਾਧਨ ਨਹੀਂ ਹੈ, ਉਹ ਇਸ ਬਾਹਰੀ ਸਾਧਨ ਦਾ ਸਹਾਰਾ ਲੈਂਦਾ ਹੈ। ਮਾਂ ਨੇ ਪਿੱਠ ਠੋਕ ਕੇ ਕਿਹਾ 'ਸ਼ਾਬਾਸ਼' ਤਾਂ ਉਸ ਦਾ ਮਨ ਕਰਦਾ ਹੈ ਮਾਂ ਦਾ ਹੋਰ ਕੰਮ ਕਰੇ।

ਇਹੋ ਗੱਲ ਸਕਾਮ ਭਗਤੀ ਦੀ ਹੈ। ਸਕਾਮ ਭਗਤ ਪਰਮੇਸ਼ਰ ਪਾਸ ਜਾ ਕੇ ਕਹੇਗਾ 'ਦਿਓ'। ਸਭ ਕੁਝ ਪਰਮੇਸ਼ਰ ਤੋਂ ਮੰਗਣ ਦਾ ਝੁਕਾਉ ਹੋਣਾ ਕੋਈ ਮਾਮੂਲੀ ਗੱਲ ਨਹੀਂ, ਇਹ ਅਸਾਧਾਰਨ ਗੱਲ ਹੈ। ਗਿਆਨ ਦੇਵ ਨੇ ਨਾਮ ਦੇਵ ਤੋਂ ਪੁਛਿਆ ' ਤੀਰਥ ਯਾਤਰਾ ਨੂੰ ਚਲੋਗੇ ਨਾ ?

ਨਾਮਦੇਵ ਨੇ ਪੁਛਿਆ 'ਕਾਹਦੇ ਲਈ'

ਗਿਆਨ ਦੇਵ ਨੇ ਜਵਾਬ ਦਿਤਾ 'ਸਾਧ ਸੰਤਾਂ ਦਾ ਸਮਾਗਮ ਹੋਵੇਗਾ।'

ਨਾਮਦੇਵ ਨੇ ਕਿਹਾ ਤਾਂ ਭਗਵਾਨ ਨੂੰ ਪੁਛ ਕੇ ਆਉਂਦਾ ਹਾਂ।" ਨਾਮਦੇਵ ਮੰਦਰ ਵਿਚ ਜਾ ਕੇ ਭਗਵਾਨ ਦੇ ਸਾਹਮਣੇ ਖੜੇ ਹੋ ਗਏ। ਉਨ੍ਹਾਂ ਦੀਆਂ ਅੱਖਾਂ ਵਿਚੋਂ ਅਥਰੂ ਵਹਿਣ ਲੱਗੇ। ਭਗਵਾਨ ਦੇ ਚਰਨ ਕਮਲਾਂ ਵਲ ਉਹ ਵੇਖਦੇ ਰਹੇ। ਅੰਤ ਨੂੰ ਰੋਂਦੇ ਰੋਂਦੇ ਉਹਨਾਂ ਪੁਛਿਆ "ਪ੍ਰਭੂ ਕੀ ਮੈਂ ਜਾਵਾਂ ?" ਗਿਆਨ ਦੇਵ ਪਾਸ ਹੀ ਸਨ। ਇਸ ਨਾਮਦੇਵ ਨੂੰ ਕੀ ਤੁਸੀਂ ਪਾਗਲ ਕਹੋਗੇ ? ਅਜਿਹੇ ਲੋਕਾਂ ਦਾ ਘਾਟਾ ਨਹੀਂ ਹੈ ਜੋ ਇਸਤ੍ਰੀ ਘਰ ਵਿਚ ਨਾ ਹੋਣ ਕਰਕੇ ਰੋਂਦੇ ਹਨ। ਪਰ ਪਰਮੇਸ਼ਰ ਪਾਸ ਜਾ ਕੇ ਰੋਣ ਵਾਲਾ ਭਗਤ, ਚਾਹੇ ਸਕਾਮ ਕਿਉਂ ਨਾ ਹੋਵੇ, ਅਸਾਧਾਰਨ ਹੈ। ਹੁਣ ਇਹ ਉਸ ਦਾ ਅਗਿਆਨ ਸਮਝਣਾ ਚਾਹੀਦਾ ਹੈ ਕਿ ਜਿਹੜੀ ਵਸਤ ਸਚਮੁਚ ਮੰਗਣ ਯੋਗ ਹੈ ਉਸ ਨੂੰ ਉਹ ਨਹੀਂ ਮੰਗਦਾ ਪਰ ਇੰਨੇ ਨਾਲ ਉਸ ਦੀ ਸਕਾਮ ਭਗਤੀ ਤਿਆਗਣ ਯੋਗ ਨਹੀਂ ਮੰਨੀ ਜਾ ਸਕਦੀ।

ਇਸਤਰੀਆਂ ਸਵੇਰੇ ਉੱਠ ਕੇ ਕਈ ਤਰ੍ਹਾਂ ਦੇ ਵਰਤ ਆਦਿ ਰਖਦੀਆਂ ਹਨ। ਇਸ ਲਈ ਕਾਕੜਾ (ਸਵੇਰ ਦੀ ਆਰਤੀ ਕਰਦੀਆਂ ਹਨ। ਤੁਲਸੀ ਦੀ ਪ੍ਰਕਰਮਾ ਕਰਦੀਆਂ ਹਨ, ਕਿਸ ਲਈ ? ਮੌਤ ਪਿਛੋਂ ਪਰਮੇਸ਼ਰ ਦੀ ਕਿਰਪਾ ਹਾਸਲ ਹੋਵੇ। ਉਨ੍ਹਾਂ ਦੇ ਮਨ ਦੀ ਅਜਿਹੀ ਭੋਲੀ ਸਾਧਨਾ ਹੋ ਸਕਦੀ ਹੈ। ਪਰ ਉਸ ਦੇ ਲਈ ਉਹ ਵਰਤ, ਜਪ, ਤਪ ਆਦਿ ਆਰੰਭ ਕਰਦੀਆਂ ਹਨ। ਅਜਿਹੇ ਵਰਤਸ਼ੀਲ ਪਰਿਵਾਰ ਵਿਚ ਮਹਾਂ ਪੁਰਖਾਂ ਦਾ ਜਨਮ ਹੁੰਦਾ ਹੈ। ਤੁਲਸੀ ਦਾਸ ਦੀ ਕੁਲ ਵਿਚ ਰਾਮ ਤੀਰਥ ਉਤਪੰਨ ਹੋਏ। ਰਾਮ ਤੀਰਥ, ਫਾਰਸੀ ਭਾਸ਼ਾ ਦੇ ਗਿਆਤਾ ਸਨ। ਕਿਸੇ ਨੇ ਕਹਿ ਦਿਤਾ,



Sri Satguru Jagjit Singh Ji Elibrary NamdhariElibrary@gmail.com

'ਤੁਲਸੀ ਰਾਮ ਦੀ ਕੁਲ ਵਿਚ ਜਨਮ ਲਿਆ ਹੈ ਅਤੇ ਤੁਸੀਂ ਸੰਸਕ੍ਰਿਤ ਨਹੀਂ ਜਾਣਦੇ।" ਰਾਮ ਤੀਰਥ ਨੂੰ ਇਹ ਗਲ ਚੁੱਭ ਗਈ। ਕੁਲ ਦੀ ਇਹ ਕਿੰਨੀ ਤਾਕਤ ਹੈ? ਇਸ ਤੋਂ ਪ੍ਰੇਰਤ ਹੋ ਕੇ ਉਹ ਸੰਸਕ੍ਰਿਤ ਦੇ ਡੂੰਘੇ ਅਧਿਅਨ ਵਿਚ ਜੁੱਟ ਗਏ। ਇਸਤਰੀਆਂ ਜੋ ਭਗਤੀ ਭਾਵ ਰਖਦੀਆਂ ਹਨ ਉਹਨਾਂ ਦੀ ਹਾਸੀ ਨਹੀਂ ਉਡਾਉਣੀ ਚਾਹੀਦੀ। ਜਿਥੇ ਭਗਤੀ ਦਾ ਅਜਿਹਾ ਇਕ ਇਕ ਕਿਣਕਾ ਵੀ ਇਕੱਤਰ ਹੁੰਦਾ ਹੈ ਉਥੇ ਤੇਜਸਵੀ ਸੰਤਾਨ ਪੈਦਾ ਹੁੰਦੀ ਹੈ। ਇਸ ਲਈ ਭਗਵਾਨ ਕਹਿੰਦੇ ਹਨ "ਮੇਰਾ ਭਗਤ ਸਕਾਮ ਹੋਵੇਗਾ ਤਾਂ ਵੀ ਉਸ ਦੀ ਭਗਤੀ ਨੂੰ ਪੱਕਿਆਂ ਕਰਾਂਗਾ। ਉਸ ਦੇ ਮਨ ਵਿਚ ਗੋਲ ਮਾਲ ਨਹੀਂ ਹੋਣ ਦੇਵਾਂਗਾ। ਜੇ ਉਹ ਮੇਰੇ ਅੱਗੇ ਸੱਚੇ ਹਿਰਦੇ ਨਾਲ ਪਰਾਰਥਨਾ ਕਰੇਗਾ ਕਿ ਮੇਰਾ ਰੋਗ ਦੂਰ ਕਰ ਦਿਓ ਤਾਂ ਮੈਂ ਉਸ ਦੀ ਅਰੋਗਤਾ ਦੀ ਭਾਵਨਾ ਨੂੰ ਵਧਾ ਕੇ ਉਸ ਦਾ ਰੋਗ ਦੂਰ ਕਰ ਦਿਆਂਗਾ। ਕਿਸੇ ਵੀ ਨਮਿਤ ਕਿਉਂ ਨਾ ਹੋਵੇ, ਜੇ ਉਹ ਮੇਰੇ ਪਾਸ ਆਵੇਗਾ ਤਾਂ ਮੈਂ ਉਸ ਦੀ ਪਿਠ ਤੇ ਹੱਥ ਫੇਰ ਕੇ ਉਸ ਦੀ ਕਦਰ ਕਰਾਂਗਾ।" ਧਰੂ ਜੀ ਦੀ ਹੀ ਉਦਾਹਰਣ ਲੈ ਲਓ। ਪਿਤਾ ਜੀ ਦੀ ਗੋਦੀ ਵਿਚ ਬੈਠਣ ਨਾ ਦਿਤਾ ਗਿਆ ਤਾਂ ਉਸ ਦੀ ਮਾਂ ਨੇ ਕਿਹਾ "ਈਸ਼ਵਰ ਤੋਂ ਮਾਂਗ" ਉਹ ਉਪਾਸ਼ਨਾ ਵਿਚ ਜੁੱਟ ਗਿਆ। ਭਗਵਾਨ ਨੇ ਉਸ ਨੂੰ ਅਵੱਲ ਸਥਾਨ ਦੇ ਦਿਤਾ। ਮਨ ਜੇ ਨਿਸ਼ਕਾਮ ਨਾ ਹੋਵੇ ਤਾਂ ਵੀ ਕੀ ਹੋਇਆ? ਅਸਲ ਗਲ ਇਹ ਹੈ ਕਿ ਮਨੁੱਖ ਜਾਂਦਾ ਕਿਸ ਕੋਲ ਹੈ ਅਤੇ ਮੰਗਦਾ ਕਿਸ ਤੋਂ ਹੈ? ਸੰਸਾਰ ਦੇ ਸਾਹਮਣੇ ਹੱਥ ਨਾ ਪਸਾਰ ਕੇ ਈਸ਼ਵਰ ਨੂੰ ਮਨਾਉਣ ਦੀ ਬਿਰਤੀ ਦੀ ਮਹੱਤਤਾ ਘੱਟ ਨਹੀਂ ਗਿਣਨੀ ਚਾਹੀਦੀ।

ਧਾਰਨਾ ਕੁਝ ਵੀ ਹੋਵੇ, ਤੁਸੀਂ ਭਗਤੀ ਮੰਦਰ ਵਿਚ ਆਓ। ਸ਼ੁਰੂ ਵਿਚ ਜੋ ਕਾਮਨਾ ਲੈ ਕੇ ਆਏ ਹੋਵੋਗੇ ਤਾਂ ਵੀ ਅੱਗੇ ਜਾ ਕੇ ਨਿਸ਼ਕਾਮ ਹੋ ਜਾਵੋਗੇ। ਪਰਦਰਸ਼ਨੀਆਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੇ ਸੰਚਾਲਕ ਕਹਿੰਦੇ ਹਨ 'ਅਜੀ ਤੁਸੀਂ ਆ ਕੇ ਤਾਂ ਵੇਖੋ। ਕਿਹੋ ਜਿਹੀ ਵਧੀਆ, ਰੰਗੀਨ, ਮਹੀਨ ਖਾਦੀ ਬਨਣ ਲਗੀ ਹੈ। ਜ਼ਰਾ ਨਮੂਨੇ ਤਾਂ ਵੇਖੋ।' ਗਾਹਕ ਆਉਂਦਾ ਹੈ ਅਤੇ ਪਰਭਾਵਤ ਹੁੰਦਾ ਹੈ। ਇਹੋ ਗੱਲ ਭਗਤੀ ਦੀ ਹੈ। ਭਗਤੀ-ਮੰਦਰ ਵਿਚ ਇਕ ਵੇਰਾਂ ਪਰਵੇਸ਼ ਤਾਂ ਕਰੋ ਫੇਰ ਉਥੋਂ ਦੀ ਸੁੰਦਰਤਾ ਅਤੇ ਸਮਰੱਥਾ ਆਪਣੇ ਆਪ ਮਾਲੂਮ ਹੋ ਜਾਵੇਗੀ। ਸੁਰਗ ਜਾਂਦੇ ਹੋਏ ਧਰਮ ਰਾਜ ਨਾਲ ਅਖੀਰ ਵਿਚ ਇਕ ਕੁੱਤਾ ਹੀ ਬਾਕੀ ਰਹਿ ਗਿਆ। ਭੀਮ, ਅਰਜਨ ਸਭ ਰਸਤੇ ਵਿਚ ਗਲ ਗਏ। ਸੁਰਗ ਦੇ ਦਰਵਾਜ਼ੇ ਪਾਸ ਧਰਮਰਾਜ ਨੂੰ ਕਿਹਾ ਗਿਆ—'ਤੂੰ ਆ ਸਕਦਾ ਹੈਂ, ਪਰ ਇਹ ਕੁੱਤਾ ਨਹੀਂ ਆ ਸਕਦਾ। "ਧਰਮ ਰਾਜ ਨੇ ਕਿਹਾ—ਜੇ ਮੇਰਾ ਕੁੱਤਾ ਨਹੀਂ ਜਾ ਸਕਦਾ ਤਾਂ ਮੈਂ ਵੀ ਨਹੀਂ ਜਾ ਸਕਦਾ।" ਬਹੁਤ ਪਿਆਰਾ ਸੇਵਾ ਕਰਨ ਵਾਲਾ (ਭਾਵੇਂ ਕੁੱਤਾ ਹੀ ਕਿਉਂ ਨਾ ਹੋਵੇ) ਦੂਜੇ ਮੈਂ ਮੈਂ ਕਰਨ ਵਾਲਿਆਂ ਤੋਂ ਸਰੇਸ਼ਟ ਹੀ ਹੈ।

ਉਹ ਕੁੱਤਾ ਭੀਮ ਅਰਜਨ ਤੋਂ ਵੀ ਸਰੇਸ਼ਟ ਸਾਬਤ ਹੋਇਆ। ਪਰਮੇਸ਼ਰ ਵਲ ਜਾਣ ਵਾਲਾ ਭਲੇ ਹੀ ਇਕ ਕੀੜਾ ਹੀ ਕਿਉਂ ਨਾ ਹੋਵੇ, ਉਹ ਪਰਮੇਸ਼ਰ ਵਲ ਨਾ ਜਾਣ ਵਾਲੇ ਵੱਡੇ ਤੋਂ ਵੱਡੇ ਵਿਅਕਤੀ ਤੋਂ ਸਰੇਸ਼ਟ ਤੇ ਮਹਾਨ ਹੈ। ਮੰਦਰ ਵਿਚ ਕੱਛੂ ਤੇ ਨੰਦੀ ਬੈਲ ਦੀਆਂ ਮੂਰਤੀਆਂ ਹੁੰਦੀਆਂ ਹਨ, ਪਰ ਉਸ ਨੰਦੀ ਬੈਲ ਨੂੰ ਸਭ ਨਮਸਕਾਰ ਕਰਦੇ ਹਨ ਕਿਉਂਕਿ ਉਹ ਸਾਧਾਰਨ ਬੈਲ ਨਹੀਂ ਹੈ। ਉਹ ਭਗਵਾਨ ਦੇ ਸਾਹਮਣੇ ਰਹਿੰਦਾ ਹੈ। ਬੈਲ ਹੋਣ ਤੇ ਵੀ ਇਹ ਨਹੀਂ ਭੁਲ ਸਕਦੇ ਕਿ ਉਹ ਪਰਮੇਸ਼ਰ ਦਾ ਹੈ। ਵੱਡੇ ਵੱਡੇ ਬੁਧੀਮਾਨਾਂ ਦੀ ਨਿਸਬਤ ਉਹ ਸਰੇਸ਼ਟ ਹੈ। ਇਕ ਬਾਉਲਾ ਜੀਵ ਭੀ ਕਿਉਂ ਨਾ ਹੋਵੇ। ਉਹ ਜੇ ਭਗਵਾਨ ਦੀ ਭਗਤੀ ਕਰਦਾ ਹੈ ਤਾਂ ਉਹ ਦੁਨੀਆ ਲਈ ਪੂਰਾ ਯੋਗ ਹੋ ਜਾਂਦਾ ਹੈ।

ਇਕ ਵੇਰਾਂ ਮੈਂ ਰੇਲ ਵਿਚ ਜਾ ਰਿਹਾ ਸਾਂ। ਜਮਨਾ ਦੇ ਪੁਲ ਤੇ ਗੱਡੀ ਆਈ। ਪਾਸ ਬੈਠੇ ਆਦਮੀ ਨੇ ਖੁਸ਼ੀ ਵਿਚ ਆ ਕੇ ਉਸ ਵਿਚ ਇਕ ਧੇਲਾ ਸੁੱਟ ਦਿਤਾ। ਪਾਸ ਹੀ ਇਕ ਆਲੋਚਕ ਮਹਾਸ਼ਾ ਬੈਠੇ ਸਨ। ਕਹਿਣ ਲਗੇ ਦੇਸ਼ ਪਹਿਲਾਂ ਹੀ ਕੰਗਾਲ ਹੈ ਅਤੇ ਇਹ ਲੋਕ ਐਵੇਂ ਹੀ ਫਜ਼ੂਲ ਪੈਸੇ ਸੁਟਦੇ ਹਨ। ਮੈਂ ਕਿਹਾ—ਤੁਸੀਂ ਉਸ ਦੇ ਕਾਰਣ ਨੂੰ ਪਛਾਣਿਆ ਨਹੀਂ। ਜਿਸ ਭਾਵਨਾ ਨਾਲ ਉਸ ਨੇ ਧੇਲਾ ਪੈਸਾ ਸੁਟਿਆ ਉਸ ਦੀ ਕੀਮਤ ਦੋ ਚਾਰ ਪੈਸੇ ਹੋ ਸਕਦੀ ਹੈ ਜਾਂ ਨਹੀਂ? ਜੇ ਦੂਜੇ ਅੱਛੇ ਕੰਮ ਲਈ ਇਹ ਪੈਸੇ ਦਿਤੇ ਹੁੰਦੇ ਤਾਂ ਇਹ ਦਾਨ ਹੋਰ ਵੀ ਚੰਗਾ ਹੁੰਦਾ। ਪਰ ਇਸ ਗੱਲ ਤੇ ਵਿਚਾਰ ਪਿਛੋਂ ਕਰਾਂਗੇ। ਪਰ ਉਸ ਭਾਵਨਾਸ਼ੀਲ ਮਨੁੱਖ ਨੇ ਤਾਂ ਇਸੇ ਭਾਵਨਾ ਤੋਂ ਪਰੇਰਤ ਹੋ ਕੇ ਇਹ ਤਿਆਗ ਕੀਤਾ ਹੈ। ਕਿ ਇਹ ਨਦੀ ਕੀ ਹੈ, ਈਸ਼ਵਰ ਦੀ ਕ੍ਰਿਪਾ ਦਾ ਹੀ ਪਰਵਾਹ ਹੈ। ਇਸ ਭਾਵਨਾ ਲਈ ਤੁਹਾਡੇ ਅਰਥ ਸ਼ਾਸਤਰ ਵਿਚ ਕੀ ਕੋਈ ਥਾਂ ਹੈ? ਦੇਸ਼ ਦੀ ਇਕ ਨਦੀ ਨੂੰ ਵੇਖ ਕੇ ਉਸ ਦਾ

(ਬਾਕੀ ਦੇਖੋ ਸਫਾ ੪੦)



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

**Once Purchased Ever Purchased**

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE





Sri Satguru Jagjit Singh Ji Elibrary NamdhariElibrary@gmail.com



ਸਤਿਗੁਰੂ ਪ੍ਰਤਾਪ ਸਿੰਘ—ਆਪ ਜੀ ਦੀ ਛਤਰ ਛਾਇਆ ਹੇਠ ਪੜ ਹੋਲੇ ਹੋਏ। ਆਪ ਨਾਲ ਪ੍ਰਸਿਧ ਵਿਦਵਾਨ ਅਤੇ ਲੇਖਕ ਸੰਤ ਨਿਧਾਨ ਸਿੰਘ ਆਲਮ ਦਿਖਾਈ ਦੇ ਰਹੇ ਹਨ।

# ਨਾਮਧਾਰੀ ਹੋਲੇ ਮਹੱਲੇ

ਨਾਮਧਾਰੀ ਹੋਲੇ ਮਹੱਲੇ ਦਾ ਸ੍ਰੀ ਗਣੇਸ਼ ਰਿਕਾਰਡ ਅਨੁਸਾਰ ਸੰਨ ੧੮੬੬ ਦੇ ਹੋਲੇ ਤੇ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ (ਅਜ ਕਲ ਫਰੀਦਕੋਟ) ਤੋਂ ਪਤਾ ਲਗਦਾ ਹੈ। ਇਹ ਉਹ ਹੀ ਪਿੰਡ ਹੈ ਜਿਥੋਂ ਸੰਨ ੧੮੬੩ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅਨੰਦ ਕਾਰਜਾਂ ਦੀ ਰੀਤ ਤੋਰੀ ਸੀ।

ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ ਦੋ ਹੋਲੇ ਅਨੰਦਪੁਰ ਅਤੇ ਮਾਨਾਵਾਲੇ ਦਾ ਹੋਲਾ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਗਏ। ਮਾਨਾਵਾਲੇ ਹੋਲੇ ਵਿਚ ਸਤਿਗੁਰੂ ਜੀ ਦਾ ਹਾਥੀ ਤੇ ਜਲੂਸ ਜਾ ਰਿਹਾ ਸੀ। ਇਕ ਸਿੰਘ ਦੇ ਘੋੜੇ ਦੀ ਫੇਟ ਲਗ ਕੇ ਇਕ ਮੁਸਲਿਮ ਘੁਮਿਆਰੀ ਦਾ ਛੋਟਾ ਬੱਚਾ ਮਰ ਗਿਆ ਸੀ। ਇਸ ਗੱਲ ਦਾ ਬਹਾਨਾ ਬਣਾ ਕੇ ਅੰਗਰੇਜ਼ੀ ਹਕੂਮਤ ਦੇ ਪਿੱਠੂਆਂ ਅਤੇ ਨਾਮਧਾਰੀਆਂ ਦੇ ਦੋਖੀਆਂ ਨੇ ਸਤਿਗੁਰੂ ਜੀ ਨੂੰ ਬਦਨਾਮ ਕਰਨਾ ਅਤੇ ਕਾਨੂੰਨੀ ਜਕੜ 'ਚ ਫਸਾਉਣਾ ਚਾਹਿਆ। ਮਾਈ ਨੂੰ ਕਿਹਾ ਗਿਆ ਕਿ ਉਹ ਸਤਿਗੁਰਾਂ ਵਿਰੁਧ ਬਿਆਨ ਦੇਵੇ। ਪਰ ਸਤਿਗੁਰੂ ਜੀ ਨੇ ਉਸ ਮੋਏ ਬੱਚੇ ਨੂੰ ਪੈਰ ਲਾ ਕੇ ਆਖਿਆ ਕਿ ਉਠ ਬੱਚਾ ਕਿਉਂ ਸੁੱਤਾ ਹੈਂ। ਉਹ ਬੱਚਾ ਉਠ ਬੈਠਾ ਤੇ ਸਤਿਗੁਰੂ ਜੀ ਦੀ ਜੈ ਜੈਕਾਰ ਸਭ ਪਾਸੇ ਹੋਈ। ਸਿਆਲਕੋਟ ਇਲਾਕੇ ਦੇ ਮੁਸਲਮਾਨ ਵੀ ਸਤਿਗੁਰੂ ਜੀ ਦੇ ਇਸ ਉਪਕਾਰ ਨੂੰ ਯਾਦ ਕਰਦੇ ਹੁੰਦੇ ਸਨ ਅਤੇ ਅੱਜ ਤਕ ਹੋਲੇ ਮਹੱਲੇ ਦੇ ਦੀਵਾਨਾਂ ਵਿਚ ਇਹ ਪਰਸੰਗ ਨਾਮਧਾਰੀ ਜਥੇਦਾਰਾਂ ਦੇ ਦੀਵਾਨਾਂ ਦਾ ਵਿਸ਼ਾ ਹੁੰਦਾ ਹੈ। ਅਨੰਦਪੁਰ ਦੇ ਸੰਨ ੧੮੭੧ ਦੇ ਹੋਲੇ ਸਮੇਂ ਸਤਿਗੁਰੂ ਜੀ ੨੦ ਹਜ਼ਾਰ ਸੰਗਤਾਂ ਦੇ ਵਹੀਰ ਨਾਲ ਪੁਜੇ ਸਨ ਅਤੇ ਉਥੇ ਅੰਗਰੇਜ਼ ਸਰਕਾਰ ਨੂੰ ਬਹੁਤ ਖਤਰਾ ਸੀ। ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਨੇ ਸਤਿਗੁਰੂ ਜੀ ਨਾਲ ਮੁਲਾਕਾਤ ਕੀਤੀ ਨਾਮਧਾਰੀਆਂ ਦਾ ਡਸਿਪਲਿਨ ਵੇਖ ਕੇ ਉਹ ਬਹੁਤ ਹੈਰਾਨ ਹੋਏ ਸਨ।

ਕੁਝ ਸਮੇਂ ਵਾਸਤੇ ਅੰਗਰੇਜ਼ਾਂ ਦੀਆਂ ਸਖਤੀਆਂ ਕਰਕੇ ਇਹ ਹੋਲੇ ਮਹੱਲੇ ਬਹੁਤ ਸੰਕੋਚਵੀਂ ਹਾਜ਼ਰੀ ਵਾਲੇ ਹੋਏ ਜਾਂ ਨਾ ਹੋਏ। ਇਹ ਹੋਲੇ ਮਹੱਲੇ ਦੇ ਸਮਾਗਮ ਯਾਦਗਾਰੀ ਤੇ ਇਤਿਹਾਸਕ ਹੈਸੀਅਤ ਰਖਦੇ ਹਨ। ਇਹਨਾਂ ਹੋਲਿਆਂ ਦੇ ਸਮਾਗਮਾਂ ਸਮੇਂ ਬਹੁਤ ਅਹਿਮ ਫੈਸਲੇ ਹੁੰਦੇ ਰਹੇ। ਨਾਮਧਾਰੀ ਦਰਬਾਰ, ਨਾਮਧਾਰੀ ਵਿਦਿਅਕ ਜਥਾ ਅਤੇ ਹੋਰ ਜਥੇਬੰਦੀਆਂ ਦੀਆਂ ਜ਼ਰੂਰੀ ਇਕਤਰਤਾਵਾਂ ਹੁੰਦੀਆਂ ਹਨ। ਨਾਮਧਾਰੀਆਂ ਦੀ ਵਿਆਹ ਪ੍ਰਣਾਲੀ ਵਿਚ ਨਿਰੰਤਰ ਹੁੰਦੇ ਸੁਧਾਰਾਂ ਸਬੰਧੀ ਇਥੇ ਨਿਰਣੇ ਲਏ ਜਾਂਦੇ ਹਨ।

ਅਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਸਮਿਆਂ ਤੋਂ ਲੈ ਕੇ ਅਜ ਤਕ ਵੱਖ ਵੱਖ ਹੋਲਿਆਂ ਦਾ ਸੰਨ (ਈਸਵੀ) ਅਤੇ ਉਹਨਾਂ ਦੇ ਸਥਾਨ ਪ੍ਰਕਾਸ਼ਤ ਕਰ ਰਹੇ ਹਾਂ। ਇਸ ਵਿਚ ਜੇ ਕੋਈ ਗਲਤੀ ਸੂਚਿਤ ਕਰੇ ਤਾਂ ਧਨਵਾਦ ਸਹਿਤ ਦਰੁਸਤ ਕੀਤੀ ਜਾਵੇਗੀ।



Sri Satguru Jagjit Singh Ji Elibrary NamdhariElibrary@gmail.com

| ਸੰਨ | ਸਤਿਗੁਰੂ ਰਾਮ ਸਿੰਘ ਜੀ ਵੇਲੇ ਦੇ ਹੋਲੇ |
|---|---|
| ੧੮੬੬ | ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ |
| ੧੮੬੭ | ਸ੍ਰੀ ਅਨੰਦਪੁਰ ਸਾਹਿਬ |
| ੧੮੬੮ | ਸ੍ਰੀ ਭੈਣੀ ਸਾਹਿਬ |
| ੧੮੬੯ | ਪਿੰਡ ਮਾਨਾਂ ਵਾਲਾ ਜ਼ਿਲਾ ਸਿਆਲਕੋਟ (ਪੱਛਮੀ ਪੰਜਾਬ) |
| ੧੮੭੦ | ਸ੍ਰੀ ਭੈਣੀ ਸਾਹਿਬ। |
| ੧੮੭੧ | ਸ੍ਰੀ ਅਨੰਦਪੁਰ ਸਾਹਿਬ |

ਇਸ ਪਿਛੋਂ ਅੰਗਰੇਜ਼ ਸਖਤੀਆਂ ਦਾ ਦੌਰ ਸ਼ੁਰੂ ਹੋਇਆ ਅਤੇ ਨਾਮਧਾਰੀਆਂ ਦੇ ਦੀਵਾਨ ਕਾਨੂੰਨ ਬੰਦ ਕਰ ਦਿਤੇ ਗਏ। ਹੋਲਾ ਮਹੱਲਾ ਕੀ, ਸਾਧਾਰਨ ਪਰਚਾਰ ਤੇ ਵੀ ਪਾਬੰਦੀ ਲਾ ਦਿਤੀ ਗਈ। ਇਸ ਕਠਿਨ ਸਮੇਂ ਵਿਚ ਵੀ ਸੰਨ ੧੮੮੮ ਪਿੰਡ ਕੰਗੀਂ, ੧੮੮੯ ਨੂੰ ਭੋਇ ਵਾਲੀ (ਅੰਮ੍ਰਿਤਸਰ) ਵਿਚ, ਮਧੋਕੇ ਵਾਲੀ, ਹਿੰਦੂ ਚੱਕ ਤੇ ਲੋਪੋਕੇ ਆਦਿ ਵਿਚ ਨਾਮ ਮਾਤਰ ਹੋਲੇ ਹੋਏ। ੧੮੯੯ ਵਿਚ ਕੁਝ ਪਾਬੰਦੀਆਂ ਘੱਟ ਕੀਤੀਆਂ ਗਈਆਂ ਤਾਂ ਗੁਰੂ ਹਰੀ ਸਿੰਘ ਜੀ ਮਹਾਰਾਜ ਨੇ ਫਿਰ ਹੋਲੇ ਮਹੱਲੇ ਮਨਾਉਣੇ ਸ਼ੁਰੂ ਕੀਤੇ ਉਹਨਾਂ ਸੱਤ ਹੋਲੇ ਹੇਠ ਲਿਖੇ ਥਾਵਾਂ ਤੇ ਕੀਤੇ।

## ਗੁਰੂ ਹਰੀ ਸਿੰਘ ਜੀ ਦੇ ਹੋਲੇ

| | |
|---|---|
| ੧੮੯੯ | ਪਿੰਡ ਗੁਰੂ ਚੱਕ, ਜ਼ਿਲਾ ਸਿਆਲਕੋਟ |
| ੧੯੦੦ | ,, ਰੋੜੀ ਸਾਹਿਬ—ਗੁਜਰਾਂਵਾਲਾ |
| ੧੯੦੧ | ,, ਸੱਦੋਵਾਲ—ਲਾਇਲਪੁਰ |
| ੧੯੦੨ | ,, ਮਟਵੀਂ—ਗੁਜਰਾਂਵਾਲਾ |
| ੧੯੦੩ | ਪਿੰਡ ਗੁਰੂ ਚੱਕ ਜ਼ਿਲਾ ਸਿਆਲਕੋਟ |
| ੧੯੦੪ | ਪਿੰਡ ਗਿਲੀਂ ਜ਼ਿਲਾ ਸ਼ੇਖੂਪੁਰਾ |
| ੧੯੦੫ | ਸ੍ਰੀ ਭੈਣੀ ਸਾਹਿਬ |
| ੧੯੦੬ | ਮਾਨਾਂ ਵਾਲੇ (ਗੁਰੂ ਹਰੀ ਸਿੰਘ ਜੀ ਆਪ ਇਸ ਹੋਲੇ ਤੇ ਨਹੀਂ ਗਏ ਪਰ ਉਸ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿਤੇ ੧੯੦੬ ਵਿਚ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾਂ ਗਏ। |

ਅਗੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਪਣੇ ਅਹਿਦ ਵਿਚ ਪਤ ਹੋਲੇ ਮਹੱਲੇ ਦੇ ਸਮਾਗਮ ਕੀਤੇ। ਜੋ ਇਸ ਪ੍ਰਕਾਰ ਹਨ।

## ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੋਲੇ

| | |
|---|---|
| ੧੯੦੭ | ਪਿੰਡ ਨਸ਼ਹਿਰਾ ਜ਼ਿਲਾ ਗੁਜਰਾਤ |
| ੧੯੦੮ | ਪਿੰਡ ਕਿਲੋਕੇ ਜ਼ਿਲਾ ਗੁਜਰਾਂਵਾਲਾ |
| ੧੯੦੯ | ਗਿਲ ਸ਼ੇਖੂਪੁਰ |
| ੧੯੧੦ | ੪੫ ਚੱਕ ਜ਼ਿਲਾ ਸਰਗੋਧਾ |
| ੧੯੧੧ | ਲਾਹੌਰ ਸ਼ਹਿਰ |
| ੧੯੧੨ | ਸ੍ਰੀ ਅਨੰਦਪੁਰ ਸਾਹਿਬ |
| ੧੯੧੩ | ਖੂਹ ਮਾਂਗਾ ਜ਼ਿਲਾ ਲਾਹੌਰ |
| ੧੯੧੪ | ਖੋਟੇ ਜ਼ਿਲਾ ਫਿਰੋਜ਼ਪੁਰ |
| ੧੯੧੫ | ਵਲਟੋਹਾ ਜ਼ਿਲਾ ਲਾਹੌਰ |
| ੧੯੧੬ | ਗਿਲ-ਸ਼ੇਖੂਪੁਰ |
| ੧੯੧੭ | ਰੱਤਾ ਚੋਆ ਲਾਇਲਪੁਰ |
| ੧੯੧੮ | ਦੂਹੇ ਝਾੜ-ਸ਼ੇਖੂਪੁਰ |
| ੧੯੧੯ | ਸ੍ਰੀ ਆਨੰਦਪੁਰ ਸਾਹਿਬ |
| ੧੯੨੦ | ਵਰਨ (ਸ਼ੇਖੂਪੁਰਾ) |
| ੧੯੨੧ | ਮੁਕਤਸਰ |
| ੧੯੨੨ | ਰਾਵਲ ਪਿੰਡੀ |
| ੧੯੨੩ | ਢੱਟੀਆਂ (ਲਾਇਲਪੁਰ) |
| ੧੯੨੪ | ਬਿਜਲੀਵਾਲ (ਗੁਰਦਾਸਪੁਰ) |
| ੧੯੨੫ | ਸ੍ਰੀ ਅੰਮ੍ਰਿਤਸਰ ਸ਼ਹਿਰ |
| ੧੯੨੬ | ਗੁਜਰਾਂਵਾਲਾ ਸ਼ਹਿਰ |
| ੧੯੨੭ | ਨਾਰੋਵਾਲ (ਸਿਆਲਕੋਟ) |
| ੧੯੨੮ | ਵਲਟੋਹਾ (ਲਾਹੌਰ) |
| ੧੯੨੯ | ਸਿਆੜ੍ਹ (ਲੁਧਿਆਣਾ) |
| ੧੯੩੦ | ਚੂਨੀ (ਅੰਬਾਲਾ) |
| ੧੯੩੧ | ਸੰਧਵਾਂ (ਜਲੰਧਰ) |
| ੧੯੩੨ | ਸ੍ਰੀ ਭੈਣੀ ਸਾਹਿਬ |
| ੧੯੩੩ | ਸ੍ਰੀ ਭੈਣੀ ਸਾਹਿਬ |
| ੧੯੩੪ | ਸ੍ਰੀ ਭੈਣੀ ਸਾਹਿਬ |
| ੧੯੩੫ | ਸ੍ਰੀ ਭੈਣੀ ਸਾਹਿਬ |
| ੧੯੩੬ | ਸ੍ਰੀ ਭੈਣੀ ਸਾਹਿਬ |
| ੧੯੩੭ | ਸ਼ੇਖੂਪੁਰਾ ਬੇਦਾਦ (ਗੁਜਰਾਂਵਾਲਾ) |
| ੧੯੩੮ | ਸ਼ੇਖੂਪੁਰਾ ਸ਼ਹਿਰ |
| ੧੯੩੯ | ਤਲਵਾੜਾ (ਸਿਆਲਕੋਟ) |
| ੧੯੪੦ | ਸ੍ਰੀ ਭੈਣੀ ਸਾਹਿਬ |
| ੧੯੪੧ | ਸ੍ਰੀ ਭੈਣੀ ਸਾਹਿਬ। |
| ੧੯੪੨ | ਸ੍ਰੀ ਭੈਣੀ ਸਾਹਿਬ। |
| ੧੯੪੩ | ਸ੍ਰੀ ਭੈਣੀ ਸਾਹਿਬ। |



Sri Satguru Jagjit Singh Ji Elibrary NamdhariElibrary@gmail.com



ਹੋਲਾ ਮਹੱਲਾ ਦਿਲੀ—ਸੰਨ ੧੯੬੬ ਵਿਚ ਦਿਲੀ ਦੇ ਅਜਮਲ ਖਾਂ ਪਾਰਕ ਵਿਚ ਯਾਦਗਾਰੀ ਹੋਲਾ ਮਹੱਲਾ ਸਮਾਗਮ ਹੋਇਆ । ਇਸ ਹੋਲੇ ਸਮੇਂ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗਤ ਵਿਚ (ਦਿਖਾਈ ਦੇ ਰਹੇ ਹਨ ।)

੧੯੪੪ ਸ੍ਰੀ ਭੈਣੀ ਸਾਹਿਬ ।
੧੯੪੫ ਸ਼ੇਖੂਪੁਰਾ ਸ਼ਹਿਰ ।
੧੯੪੬ ਚੁਗਾਵਾਂ (ਅੰਮ੍ਰਿਤਸਰ)
੧੯੪੭ ਸ਼ੇਖੂਪੁਰਾ ਬੇਦਾਦ (ਗੁਜਰਾਂਵਾਲਾ)
੧੯੪੮ ਸੰਤ ਨਗਰ (ਹਿਸਾਰ)(ਅਜ ਕਲ ਜ਼ਿਲਾ ਸਰਸਾ)
੧੯੪੯ ,, ,, ,,
੧੯੫੦ ਬੈਂਕੋਕ (ਥਾਈਲੈਂਡ)
੧੯੫੧ ਸ੍ਰੀ ਭੈਣੀ ਸਾਹਿਬ ।
੧੯੫੨ ਮੰਡੀ (ਹਿਮਾਚਲ ਪ੍ਰਦੇਸ਼)
੧੯੫੩ ਟਾਲਾ ਸਾਹਿਬ (ਬਠਿੰਡਾ)
੧੯੫੪ ਨਕੋੜਾ (ਸਰਸਾ)
੧੯੫੫ ਸੰਤ ਨਗਰ (ਸਰਸਾ)
੧੯੫੬ ਦਿਲੀ
੧੯੫੭ ਸ੍ਰੀ ਭੈਣੀ ਸਾਹਿਬ
੧੯੫੮ ਸੰਤ ਨਗਰ (ਸਰਸਾ)
੧੯੫੯ ਸ੍ਰੀ ਜੀਵਨ ਨਗਰ

## ਸਤਿਗੁਰੂ ਜਗਜੀਤ ਸਿੰਘ ਜੀ

ਸਤਿਗੁਰੂ ਜਗਜੀਤ ਸਿੰਘ ਜੀ ੧੯੫੯ ਵਿਚ ਗੱਦੀ ਨਸ਼ੀਨ ਹੋਏ । ਆਪ ਜੀ ਦੀ ਛਤਰ ਛਾਇਆ ਹੇਠ ਬਾਈ ਹੋਲੇ ਹੋ ਚੁੱਕੇ ਹਨ ਅਤੇ ਤੇਈਵਾਂ ਯੂ. ਪੀ. ਵਿਚ ਗੋਲਾ ਗੋਕਰਨਨਾਥ ਵਿਖੇ ਹੋ ਰਿਹਾ ਹੈ । ਇਹਨਾਂ ੨੩ ਹੋਲਿਆਂ ਦੀ ਸੂਚੀ ਇਸ ਪ੍ਰਕਾਰ ਹੈ ।



Sri Satguru Jagjit Singh Ji Elibrary NamdhariElibrary@gmail.com



ਰਾਨੀਆਂ ਹੋਲਾ ੧੯੮੦ ਵਿਖੇ ਮਹਾਰਾਸ਼ਟਰ ਦੇ ਸਾਬਕਾਂ ਗਵਰਨਰ ਏਅਰ ਮਾਰਸ਼ਲ ਓ. ਪੀ. ਮਹਿਰਾ ਤਕਰੀਰ **ਕਰ** ਰਹੇ ਹਨ। ਇਸ ਸਮੇਂ ਨਾਮਧਾਰੀ ਹਾਕੀ ਟੀਮ ਦੇ ਖਿਲਾੜੀਆ ਨੂੰ ਆਪ ਨੇ ਇਨਾਮ ਤਕਸੀਨ ਕੀੜੇ ।



**ਅਨੰਦ ਕਾਰਜ** :—ਅਖੀਰਲੇ ਦਿਨ ਦਾ ਵਿਸ਼ੇਸ਼ ਆਕਰਸ਼ਨ ਹੁੰਦੇ ਹਨ। ਇਹਨਾਂ ਸਮਹੂਕ ਅਨੰਦ ਕਾਰਜਾਂ ਵਿਚ ਇਕੋ ਸਮੇਂ ਕਈ ਕਈ ਵਿਆਹ ਕੀਤੇ ਜਾਂਦੇ ਹਨ। ਸੰਨ ੧੯੮੦ : ਰਾਨੀਆਂ ਹੋਲੇ ਦਾ ਦ੍ਰਿਸ਼। ਸਾਹਮਣੇ ਵਰ ਵਧੂਆਂ ਦੀ ਕਤਾਰ ਵਿਚ ਹਵਨ ਕੁੰਡ ।



Sri Satguru Jagjit Singh Ji Elibrary NamdhariElibrary@gmail.com



—**ਸਤਿਗੁਰੂ ਜਗਜੀਤ ਸਿੰਘ**—ਨਾਮਧਾਰੀ ਪੰਥ ਦੇ ਵਰਤਮਾਨ ਸਤਿਗੁਰੂ ; ਇਹਨਾਂ ਦੀ ਛਤਰ ਛਾਇਆ ਹੇਠ ਤੇਈਵਾਂ ਹੋਲਾ ਯੂ. ਪੀ. ਵਿਚ ਹੋ ਰਿਹਾ ਹੈ। ਯੂ. ਪੀ ਵਿਚ ਇਹ ਪਹਿਲਾਂ ਹੋਲੇ ਮਹੱਲੇ ਦਾ ਸਮਾਗਮ ਹੈ।



—ਸੰਗੀਤ ਦੇ ਪ੍ਰੋਗਰਾਮ ਇਹਨਾਂ ਹੋਲਿਆਂ ਦੀ ਇਕ ਵਿਸ਼ੇਸ਼ਤਾ ਹੈ। ਉਸਤਾਦ ਵਲਾਇਤ ਖਾਂ, ਉਸਤਾਦ ਅਸਜਦ ਅਲੀ, ਉ: ਸਲਾਪਤ ਅਲੀ ਜਿਹੇ ਕਲਾਕਾਰਾਂ ਸਮੇਤ ਭਾਰਤੀ ਸੰਗੀਤ ਦੇ ਉਚ ਕੋਟੀ ਦੇ ਸੰਗੀਤਕਾਰਾਂ ਦੀ ਇਕ ਲੰਮੀ ਸੂਚੀ ਹੈ ਜੋ ਇਹਨਾਂ ਸਮਾਗਮਾਂ ਤੇ ਆਉਂਦੇ ਰਹੇ ਹਨ। ਸੰਨ ੧੯੭੯ ਦੇ ਹੋਲੇ ਸ੍ਰੀ ਭੈਣੀ ਸਾਹਿਬ ਸਮੇਂ ਪ੍ਰਸਿਧ ਪਾਕਿਸਤਾਨੀ ਕਲਾਕਾਰ ਉਸਤਾਦ ਸਲਾਪਤ ਅਲੀ (ਨਜ਼ਾਕਤ-ਸਲਾਪਤ ਜੋੜੀ) ਸਤਿਗੁਰੂ ਜਗਜੀਤ ਸਿੰਘ ਜੀ ਸਾਹਮਣੇ ਅਪਣਾ ਸ਼ਾਸਤ੍ਰੀ ਗਾਇਨ ਪੇਸ਼ ਕਰ ਰਹੇ ਹਨ।




ਹੋਲਾ ਮਹੱਲਾ ੧੯੭੯ ਸ੍ਰੀ ਭੈਣੀ ਸਾਹਿਬ : ਦੀ ਇਕ ਹੋ
ਤਸਵੀਰ ਖਾਬਿਓਂ ਸਜੇ :—ਸਤਿਗੁਰੂ ਜਗਜੀਤ ਸਿੰਘ ਜੀ
ਪ੍ਰਸਿਧ ਦਿਲਰੁਬਾ ਵਾਦਕ ਅਲਾਉਦੀਨ ਖਾਂ, ਉਸਤਾ
ਸਲਾਮਤ ਅਲੀ, ਉ: ਸਲਾਪਤ ਅਲੀ ਦਾ ਗਾਇਕ ਸਾਹਿਬ
ਜ਼ਾਦਾ, ਸ਼ਰਾਫਤ ਅਲੀ, ਅਤੇ ਵਰਿਆਮ ਸੰਪਾਦ
ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com



ਗਨੀਆਂ ਹੋਲੇ ਸਮੇਂ ਕੀਤੇ ਜਾ ਰਹੇ ਅਖੰਡ ਪਾਠਾਂ ਦਾ ਦ੍ਰਿਸ਼ ।

| | |
|---|---|
| ੧੯੬੦ | ੫੮ ਆਰ. ਬੀ.—(ਗੰਗਾ ਨਗਰ-ਰਾਜਸਥਾਨ) |
| ੧੯੬੧ | ਸ੍ਰੀ ਭੈਣੀ ਸਾਹਿਬ |
| ੧੯੬੨ | ਬਾਜਾ ਖਾਨਾ (ਬਠਿੰਡਾ) |
| ੧੯੬੩ | ਸੰਤ ਨਗਰ (ਸਰਸਾ) |
| ੧੯੬੪ | ਕਰੀ ਵਾਲਾ (ਸਰਸਾ) |
| ੧੯੬੫ | ਸਰਸਾ ਸ਼ਹਿਰ |
| ੧੯੬੬ | ਦਿਲੀ ਸ਼ਹਿਰ |
| ੧੯੬੭ | ਦਮਦਮਾ (ਸਰਸਾ) |
| ੧੯੬੮ | ਲੁਧਿਆਣਾ ਸ਼ਹਿਰ |
| ੧੯੬੯ | ਮੁਠੱਡਾ ਕਲਾਂ (ਜਲੰਧਰ) |
| ੧੯੭੦ | ਸ੍ਰੀ ਅੰਮ੍ਰਿਤਸਰ (ਸ਼ਹਿਰ) |
| ੧੯੭੧ | ਸ੍ਰੀ ਅਨੰਦਪੁਰ ਸਾਹਿਬ |
| ੧੯੭੨ | ਜਗਜੀਤ ਨਗਰ (ਸਰਸਾ) ਅਤੇ ਥਾਈਲੈਂਡ |
| ੧੯੭੩ | ਕਰੀਵਾਲਾ (ਸਰਸਾ) |
| ੧੯੭੪ | ਅਮਰਾਸਰ (ਸਰਸਾ) |
| ੧੯੭੫ | ਅਮਰਾਸਰ (ਸਰਸਾ) |
| ੧੯੭੬ | ਸ੍ਰੀ ਭੈਣੀ ਸਾਹਿਬ, |
| ੧੯੭੭ | ,, ,, ,, |
| ੧੯੭੮ | ,, ,, ,, |
| ੧੯੭੯ | ,, ,, ,, |
| ੧੯੮੦ | ਰਾਣੀਆਂ (ਸਰਸਾ) |
| ੧੯੮੧ | ਸ੍ਰੀ ਭੈਣੀ ਸਾਹਿਬ |
| ੧੯੮੨ | ਗੋਲਾ ਗੋਕਨਨਾਥ (ਯੂ. ਪੀ.) |

# ਮਾਨਾ ਵਾਲਾ ਹੋਲਾ

ਇਹ ਪਰਸੰਗ, ਲੋਕ ਕਵੀ ਸੰਤ ਹਰਨਾਮ ਸਿੰਘ ਪਿੰਡ ਬਗੁਲੀ ਦੇ ਰਚਿਤ ਸੰਤ ਖਾਲਸਾ ਵਿਚੋਂ ਲਿਆ ਗਿਆ ਹੈ। ਸੰਤ ਹਰਨਾਮ ਸਿੰਘ ਦਾ ਇਹ ਗਰੰਥ ਹਰਮਨ ਪਿਆਰਾ ਹੈ ਅਤੇ ਇਸ ਵਿਚਲੇ ਬੈਂਤ ਆਮ ਤੌਰ ਤੇ ਦੀਵਾਨਾਂ ਵਿਚ ਪ੍ਰੇਮ ਨਾਲ ਪੜ੍ਹੇ ਜਾਂਦੇ ਹਨ।

— —

ਮਾਨਾਂ ਵਾਲੇ ਦੇ ਹੋਲੇ ਦਾ ਹਾਲ ਥੋੜ੍ਹਾ
ਇਹ ਭੀ ਸੁਣੋ ਲਾ ਕੇ ਜਰਾ ਧਿਆਨ ਵੀਰੋ।
ਕਠ ਬਹੁਤ ਭਾਰੀ ਹੋਇਆ ਓਸ ਥਾਂ ਤੇ
ਭੀੜ ਭਾੜ ਦੇ ਮਚੇ ਘਮਸਾਨ ਵੀਰੋ।
ਘੋੜਿਆਂ ਉਤੇ ਥੇ ਸਿੰਘ ਸਰਦਾਰ ਸਾਥੀ
ਹਾਥੀ ਉਤੇ ਸਤਿਗੁਰ ਕਲਾਵਾਨ ਵੀਰੋ।
ਖ਼ਲਕਤ ਹੋਰ ਭਾਰੀ ਪੈਦਲ ਤਰਫ ਚਾਰੋਂ
ਸਜੀ ਬਹੁਤ ਜਲੂਸ ਦੀ ਸ਼ਾਨ ਵੀਰੋ।
ਗਿਆਨੀ ਸਿੰਘ ਦੇ ਘੋੜੇ ਦੀ ਫੇਟ ਖਾ ਕੇ
ਲੜਕਾ ਮਰ ਗਿਆ ਇਕ ਨਦਾਨ ਵੀਰੋ।
ਰੰਗ ਵਿਚ ਹੀ ਆਣਕੇ ਭੰਗ ਪਿਆ
ਭਾਣਾ ਵਰਤਿਆ ਆਨ ਭਗਵਾਨ ਵੀਰੋ।
ਸੁੰਬ ਖਾਇਕੇ ਘੋੜੇ ਦਾ ਵਿਚ ਛਾਤੀ
ਲੜਕਾ ਛੱਡ ਗਿਆ ਤੁਰਤ ਪ੍ਰਾਨ ਵੀਰੋ।
ਮਾਈ ਬਾਪ ਉਸ ਬੱਚੇ ਦੇ ਆਣ ਓਥੇ,
ਲੱਗੇ ਮਛੀਆਂ ਵਾਂਗ ਤੜਫਾਨ ਵੀਰੋ।
ਤੁਹਮਤ ਥੱਪ ਕੇ ਬੱਚੇ ਦੀ ਸਤਿਗੁਰਾਂ ਤੇ
ਨਿੰਦਕ ਲੋਕ ਲੱਗੇ ਜੱਲੀ ਪਾਨ ਵੀਰੋ।
ਕਿਸੇ ਦਸਿਆ ਜਾਇਕੇ ਸਤਿਗੁਰਾਂ ਨੂੰ
ਮੁੰਡੇ ਮਰੇ ਦਾ ਕੁਲ ਬਿਆਨ ਵੀਰੋ।
ਸਤਿਗੁਰ ਛੋੜ ਹਾਥੀ ਪਹੁੰਚੇ ਤੁਰਤ ਓਥੇ
ਮੁੰਡਾ ਪਿਆ ਸੀ ਜਹਾਂ ਬੇਜਾਨ ਵੀਰੋ।
ਉਠ ਬਚਿਆ ਸਤਿਗੁਰਾਂ ਹੁਕਮ ਕੀਤਾ
ਚਰਨ ਮੁੰਡੇ ਨੂੰ ਗੁਰੂ ਛੁਹਾਨ ਵੀਰੋ।
ਮੁੰਡਾ ਉੱਠ ਕੇ ਭਜਿਆ ਮਾਉਂ ਵੰਨੀ
ਖੜਾ ਦੇਖਦਾ ਕੁਲ ਜਹਾਨ ਵੀਰੋ।
ਮੋਇਆ ਹੋਇਆ ਜੀਵਾਲਿਆ ਸਤਿਗੁਰਾਂ ਨੇ
ਹੋ ਕੇ ਬਹੁਤ ਭਾਰੀ ਮੇਹਰਵਾਨ ਵੀਰੋ।
ਪੁਸਤਕ ਵਧਣ ਕਰਕੇ ਸਾਰਾ ਨਹੀਂ ਲਿਖਦਾ
ਇਹ ਹੈ ਬਹੁਤ ਵੱਡਾ ਦਾਸਤਾਨ ਵੀਰੋ।
ਸਾਰਾ ਲਿਖੂੰਗਾ ਫੇਰ ਹਰਨਾਮ ਸਿੰਘਾ
ਹਾਲੇ ਥੋੜਾ ਹੀ ਕਰੋ ਪਰਵਾਨ ਵੀਰੋ।



Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS





QUALITY MARKED

DEPARTMENT OF AGRICULTURE
QUALITY
MARK
PUNJAB GOVT.

ਕੁਆਲਟੀ ਮਾਰਕਡ

ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ ।



TRADE **JASPAL** MARK

Grams : HABI INDUSTRIES

Phone : 2737

***HABI INDUSTRIES (Regd.)***

10, Industrial Area,
PHAGWARA—144401.



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਕਾਨਫਰੰਸ ਜੰਮੂ

ਜੰਮੂ ਕਸ਼ਮੀਰ ਦੀ ਕਲਾ-ਸਭਿਆਚਾਰ ਅਤੇ ਭਾਸ਼ਾਵਾਂ ਦੀ ਅਕੈਡਮੀ (J & K Academy of Art culture & Languages) ਦੇ ਉੱਦਮ ਨਾਲ ੧੨-੧੩ ਫਰਵਰੀ ੧੯੮੨ ਨੂੰ ਅਕੈਡਮੀ ਵਲੋਂ ਹੀ ਜੰਮੂ-ਕਸ਼ਮੀਰ ਰਿਆਸਤ ਦੇ ਮਹਾਨ ਚਿੰਤਕ ਅਭਿਨਾਵ ਗੁਪਤਾ ਦੇ ਨਾਮ ਤੇ ਬਣੇ ਅਭਿਨਾਵ ਥੀਏਟਰ ਵਿਚ 'ਸਰਬ ਭਾਰਤ ਪੰਜਾਬੀ ਲੇਖਕ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਕਾਨਫਰੰਸ ਵਿਚ ਜੰਮੂ ਕਸ਼ਮੀਰ ਪ੍ਰਾਂਤ ਦੇ ਦੂਰ ਦੁਰਾਡੇ ਇਲਾਕਿਆਂ ਤੋਂ ਪੰਜਾਬੀ ਦੇ ਲੇਖਕ ਅਤੇ ਇਸ ਤੋਂ ਇਲਾਵਾ ਪੰਜਾਬ ਹਰਿਆਣਾ ਚੋਂ ਲੇਖਕ ਕਵੀ ਜਨ ਪੁਜੇ।

ਜੰਮੂ ਕਸ਼ਮੀਰ ਦੀ ਇਸ ਅਕੈਡਮੀ ਦਾ ਕੰਮ ਸੰਗੀਤ ਨਾਟ, ਨ੍ਰਿਤ, ਸਭਿਆਚਾਰ ਅਤੇ ਭਾਸ਼ਾਵਾਂ ਦੇ ਖੇਤਰ ਵਿਚ ਬਹੁਤ ਸ਼ਲਾਹੁਣ ਯੋਗ ਹੈ। ਪੰਜਾਬੀ ਵਿਚ ਵੀ ਅਕੈਡਮੀ ਨੇ ਅਨੇਕਾਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ ਜਿਸ ਵਿਚ ਮੁਖ ਤੌਰ ਤੇ ਰਿਆਸਤ ਦੇ ਪੰਜਾਬੀ ਲੇਖਕਾਂ ਨੂੰ ਛਾਪਿਆ ਹੈ। ਲੇਖਕਾਂ ਨੂੰ ਸਨਮਾਨਤ ਕੀਤਾ ਅਤੇ ਇਨਾਮ ਦਿਤੇ ਹਨ। ਕਸ਼ਮੀਰ ਦੇ ਕਲਾਸਕੀ ਸਾਹਿਤ ਦਾ ਪੰਜਾਬੀ ਵਿਚ ਤਰਜਮਾ ਕੀਤਾ ਹੈ। ਇਕ ਦੋ-ਮਾਸਕ ਪੱਤਰ ਸ਼ੀਰਾਜ਼ਾ ਕਢਿਆ ਜਾਂਦਾ ਹੈ ਜਿਸ ਵਿਚ ਉਚ ਪੱਧਰ ਦਾ ਸਾਹਿਤਕ ਮਸਾਲਾ ਹੁੰਦਾ ਹੈ। ਪੰਜਾਬੀ ਸੈਕਸ਼ਨ ਦੇ ਇੰਚਾਰਜ ਸ: ਅਮਰੀਕ ਸਿੰਘ ਬਹੁਤ ਮੇਹਨਤੀ ਹਨ ਅਤੇ ਅਕੈਡਮੀ ਦੇ ਸਕੱਤਰ ਸ੍ਰੀ ਮੁਹੰਮਦ ਯੂਸਫ ਟੈਂਗ ਵਿਦਵਾਨ ਸਜਨ ਹਨ।

ਇਸ ਕਾਨਫਰੰਸ ਦੀ ਸ਼ੁਰੂਆਤ ਹੀ ਸਭਿਆਚਾਰਕ ਪ੍ਰੋਗਰਾਮ ਨਾਲ ਹੋਈ। ਡੋਗਰੀ ਅਤੇ ਕਸ਼ਮੀਰੀ ਕਲਾਕਾਰਾਂ ਨੇ ਗਿਧਾ, ਗੀਤ ਅਤੇ ਪੰਜਾਬੀ ਲੋਕ ਨਾਚ ਭੰਗੜਾ ਦੀਆਂ ਆਈਟਮਾਂ ਪੇਸ਼ ਕੀਤੀਆਂ। ਪ੍ਰੋਗਰਾਮ ਤੋਂ ਦਿਸਦਾ ਸੀ ਕਿ ਕਲਾਕਾਰ ਆਪਣੇ ਫ਼ਨ ਦੇ ਮਾਹਿਰ ਸਨ ਅਤੇ ਕਲਾ ਦੀਆਂ ਬਾਰੀਕੀਆਂ ਦੀ ਸਾਧਨਾ ਕੀਤੀ ਹੋਈ ਸੀ। ਬਹੁਤ ਥੋਹੜੇ ਕਲਾਕਾਰਾਂ ਨਾਲ ਪਿਠ ਭੂਮੀ ਦੇ ਸੰਗੀਤ ਰਾਹੀਂ ਪੰਜਾਬੀ ਸਭਿਆਚਾਰ ਨੂੰ ਰੂਪਮਾਨ ਕੀਤਾ। ਸ੍ਰੀ ਜੀਵਨ ਸ਼ਰਮਾ ਵਲੋਂ ਗਾਏ ਸ਼ਿਵ ਕੁਮਾਰ ਦੇ ਦੋ ਗੀਤਾਂ (ਮਾਏ ਨੀ ਮੈਂ ਇਕ ਸ਼ਿਕਰਾ ਯਾਰ ਬਣਾਇਆ—ਮਾਏ ਨੀ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹਾ ਦੀ ਰੜਕ ਪਵੇ) ਨੇ ਸੰਮਾਂ ਬੰਨ੍ਹ ਦਿਤਾ। ਵਾਇਲਨ ਤੇ ਅਮਰਜੀਤ ਸਿੰਘ ਅਤੇ ਤਾਲ ਦੇ ਸਾਜ਼ਾਂ ਤੇ ਕਮਲ ਸ਼ਰਮਾ ਅਤੇ ਹੋਰ ਕਲਾਕਾਰਾਂ ਨੇ ਬਹੁਤ ਵਧੀਆ ਸਹਿਯੋਗ ਦਿਤਾ।

ਸਭਿਆਚਾਰ ਪ੍ਰੋਗਰਾਮ ਬਾਅਦ ਦੋ ਮਿੰਟ ਵਿਚ ਹੀ ਸਟੇਜ ਤੇ ਸੋਫੇ ਸਜਾ ਕੇ ਕਾਨਫਰੰਸ ਮੰਚ ਵਿਚ ਬਦਲ ਦਿਤਾ ਗਿਆ। ਉਦਘਾਟਨੀ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ ਬੇਗਮ ਸ਼ੇਖ ਅਬਦੁਲਾ, ਜਿਨ੍ਹਾਂ ਨੂੰ ਲੋਕ ਅਕੀਦਤ ਨਾਲ ਮਾਦਰੇ ਮਹਿਰਬਾਂ ਕਹਿੰਦੇ ਹਨ। ਉਦਘਾਟਨ ਕੀਤਾ ਰਿਆਸਤ ਦੇ ਇੰਡਸਟਰੀ ਮਨਿਸਟਰ ਜਨਾਬ ਮੋਹਨ ਕਿਸ਼ਨ ਟਿੱਕੂ ਸਾਹਿਬ ਨੇ ਇਹਨਾਂ ਨਾਲ ਮੰਚ ਤੇ ਬੈਠੇ ਪ੍ਰਿੰਸੀਪਲ ਸੁਜਾਨ ਸਿੰਘ ਅਤੇ ਅਕੈਡਮੀ ਸਕੱਤਰ ਸ੍ਰੀ ਮੁਹੰਮਦ ਯੂਸਫ ਟੈਂਗ। ਟੈਂਗ ਸਾਹਿਬ ਨੇ ਅਕੈਡਮੀ ਦੀਆਂ ਪ੍ਰਾਪਤੀਆਂ ਦਾ ਸ਼ਾਨਦਾਰ ਉਰਦੂ ਵਿਚ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਪੰਜਾਬੀ ਮੇਰੀ ਦੂਸਰੀ ਮਾਦਰੀ ਜ਼ਬਾਨ ਹੈ। ਅਕੈਡਮੀ ਨੇ ਪੰਜਾਬ ਨੂੰ ਛੱਡ ਕੇ ਸਭ ਥਾਵਾਂ ਤੋਂ ਵਧ ਪੰਜਾਬੀ ਲਈ ਕੰਮ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬੀ ਹਿੰਦੁਸਤਾਨ ਦੇ ਵੱਡੇ ਹਿੱਸੇ ਤੋਂ ਇਲਾਵਾ ਪਾਕਿਸਤਾਨ ਦੀ ਵੀ ਵੱਡੀ ਜ਼ਬਾਨ ਹੈ। ਇਸ ਨਾਤੇ ਇਹ ਸਾਂਝੇ ਪਿਆਰ ਦੇ ਰਿਸ਼ਤੇ ਦਾ ਵੀ ਪ੍ਰਮੁਖ ਸਾਧਨ ਹੈ। ਜੰਮੂ ਕਸ਼ਮੀਰ ਦੇ ਵਿਦਵਾਨ ਮੰਤਰੀ, ਸਾਬਕਾ ਜੱਜ ਸ੍ਰੀ ਐਮ.ਕੇ. ਟਿਕੂ ਸਾਹਿਬ ਨੇ ਬਹੁਤ ਆਲਮਾਨਾ ਤਕਰੀਰ ਵਿਚ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਪ੍ਰੇਮ ਪਿਆਰ ਅਤੇ ਸਦਭਾਵਨਾ ਦਾ ਮਾਹੌਲ ਤਿਆਰ ਕਰਨ। ਪ੍ਰਿੰਸੀਪਲ ਸੁਜਾਨ ਸਿੰਘ ਜੀ ਨੇ ਇਸ ਕਾਨਫਰੰਸ ਨੂੰ ਸੱਦਣ ਵਾਸਤੇ ਅਕੈਡਮੀ ਦਾ ਧਨਵਾਦ ਕੀਤਾ ਅਤੇ ਪੰਜਾਬੀ ਭਾਸ਼ਾ ਨਾਲ ਸਬੰਧਤ ਮਸਲਿਆਂ ਬਾਰੇ ਸੰਖੇਪ ਰੂਪ ਵਿਚ ਗਲਬਾਤ ਕੀਤੀ।

ਅੰਤ ਉਤੇ ਮਾਦਰੇ ਮਹਿਰਬਾਂ ਬੇਗਮ ਸ਼ੇਖ ਮੁਹੰਮਦ ਅਬਦੁਲਾ ਨੇ ਬਹੁਤ ਮਿੱਠੀ ਪੰਜਾਬੀ ਵਿਚ ਅਤੇ ਬਹੁਤ ਠਹਿਰਾਓ ਅਤੇ ਗੰਭੀਰਤਾ ਨਾਲ ਤਕਰੀਰ ਕੀਤੀ। ਉਹਨਾਂ



Sri Satguru Jagjit Singh Ji Elibrary NamdhariElibrary@gmail.com



ਜਮੂ-ਕਸ਼ਮੀਰ ਕਲਚਰਣ ਅਕੈਡਮੀ ਵਲੋਂ ਆਯੋਜਿਤ ਦੋ ਦਿਵਸੀ "ਸਰਬ ਭਾਰਤ ਪੰਜਾਬੀ ਲੇਖਕ ਕਾਨਫਰੰਸ" ਨੂੰ ਸੰਬੋਧਨ ਕਰ ਰਹੇ ਹਨ ਖਬਿਓਂ ਸੱਜੇ ਅਕੈਡਮੀ ਦੇ ਸਕੱਤਰ ਜਨਾਬ ਮੁਹੰਮਦ ਯੂਸਫ ਟੇਂਗ, ਪ੍ਰਿੰਸੀਪਲ ਸੁਜਾਨ ਸਿੰਘ, ਜੰਮੂ ਕਸ਼ਮੀਰ ਦੇ ਸਨਅਤ ਮੰਤਰੀ ਜਨਾਬ ਮੋਹਨ ਕਿਸ਼ਨ ਟਿਕੂ, ਅਤੇ ਮਾਦਰੇ ਮਿਹਰਬਾਂ ਬੇਗਮ ਸ਼ੇਖ ਮੁਹੰਮਦ ਅਬਦੁਲਾ ।

ਪੰਜਾਬੀ ਦੇ ਅਦੀਬਾਂ ਅਤੇ ਸ਼ਾਇਰਾਂ ਨੂੰ ਜੀਓ ਆਇਆਂ ਆਖਿਆ ਅਕੈਡਮੀ ਦੇ ਕੰਮ ਦੀ ਸਲਾਘਾ ਕੀਤੀ ਅਤੇ ਇਸ ਨੂੰ ਹੋਰ ਵੀ ਤਿੱਖਾ ਕਰਨ ਵਾਸਤੇ ਸਹਿਯੋਗ ਦੀ ਪੇਸ਼ਕਸ਼ ਕੀਤੀ ਇਸ ਕਾਨਫਰੰਸ ਦੀ ਕਾਮਯਾਬੀ ਦੀ ਕਾਮਨਾ ਕੀਤੀ ਅਤੇ ਲੇਖਕਾਂ ਨੂੰ ਅਪੀਲ ਕੀਤੀ ਕਿ ਕਲਮਾਂ ਵਾਲੇ ਸਮਾਜ ਵਿਚੋਂ ਨਫਰਤ ਦੀ ਅੱਗ ਨੂੰ ਦੂਰ ਕਰਨ ਲਈ ਜਤਨ ਕਰਨ। ਉਹਨਾਂ ਕਿਹਾ ਕੁਰਾਨ ਪਾਕ ਵਿਚ ਕਲਮ ਦੀ ਕਰਾਮਾਤ ਬਾਰੇ ਜ਼ਿਕਰ ਹੈ ।

ਇਸ ਅਵਸਰ ਤੇ ਪੰਜਾਬੀ ਪੁਸਤਕਾਂ ਦੀ ਇਕ ਨੁਮਾਇਸ਼ ਵੀ ਲਾਈ ਗਈ ਸੀ ਜਿਸ ਵਿਚ ਜੰਮੂ ਕਸ਼ਮੀਰ ਅਕੈਡਮੀ, ਭਾਸ਼ਾ ਵਿਭਾਗ ਪੰਜਾਬ ਅਤੇ ਨੀਊ ਏਜ ਬੁਕ-ਸੈਂਟਰ ਅੰਮ੍ਰਿਤਸਰ ਵਲੋਂ ਪੁਸਤਕਾਂ ਪ੍ਰਦਰਸ਼ਤ ਕੀਤੀਆਂ ਗਈਆਂ ਸਨ ।

### ਗੋਸ਼ਟੀਆਂ

ਉਦਘਾਟਨੀ ਸਮਾਰੋਹ ਤੋਂ ਕੁਝ ਵਕਫੇ ਬਾਅਦ ਗੋਸ਼ਟੀਆਂ ਸ਼ੁਰੂ ਹੋਈਆਂ ।

ਸ੍ਰੀ ਬਲਰਾਜ ਪੁਰੀ ਦੀ ਪ੍ਰਧਾਨਗੀ ਹੇਠ ਹੋਈ ਗੋਸ਼ਟੀ ਵਿਚ ਸਭ ਤੋਂ ਪਹਿਲਾਂ ਪੇਪਰ ਪ੍ਰੋ: ਸੇਵਾ ਸਿੰਘ ਨੇ ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੀਆਂ ਸਮਸਿਆਵਾਂ" ਬਾਰੇ ਪੜ੍ਹਿਆ । ਆਪਣੇ ਪਰਚੇ ਵਿਚ ਪ੍ਰੋ: ਸੇਵਾ ਸਿੰਘ ਜੀ ਨੇ ਹੋਰਨਾਂ ਗੱਲਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਦੀ ਘਾਟ ਬਾਰੇ ਜ਼ਿਕਰ ਕੀਤਾ । ਉਹਨਾਂ ਰਿਆਸਤ ਵਿਚ ਰੇਡੀਓ ਤੋਂ ਪੰਜਾਬੀ ਵਾਸਤੇ ਸਮਾਂ ਘਟਾਏ ਜਾਣ ਤੇ ਚਿੰਤਾ ਪ੍ਰਗਟ ਕੀਤੀ । ਉਹਨਾਂ ਕਿਹਾ ਕਿ ਆਧੁਨਿਕ ਪੰਜਾਬੀ ਸਾਹਿਤ ਰਿਆਸਤ ਵਿਚ ਕਾਫੀ ਪੈਦਾ ਹੋਇਆ ਹੈ ਅਤੇ ਰਿਆਸਤੀ ਕਲਾਕਾਰ ਪੰਜਾਬ ਵਿਚ ਵੀ ਛਪਦੇ ਹਨ । ਉਹਨਾਂ ਰਿਆਸਤ ਵਿਚ ਇਕ ਚੰਗੇ ਪੰਜਾਬੀ ਪ੍ਰੈਸ ਦੇ ਅਭਾਵ ਨੂੰ ਵੀ ਮਹਿਸੂਸ ਕੀਤਾ । ਅਕੈਡਮੀ ਵਿਚ ਪੰਜਾਬੀ ਦੇ ਵਖਰੇ ਆਜ਼ਾਦ ਵਿਭਾਗ ਦੀ ਕਾਇਮੀ ਦਾ ਸੁਝਾਅ ਦਿਤਾ ।

ਬਹਿਸ ਵਿਚ ਹਿਸਾ ਲੈਂਦਿਆਂ ਸ: ਰਘਬੀਰ ਸਿੰਘ ਮੁਕਤ ਨੇ ਕਿਹਾ ਕਿ ਰਿਆਸਤ ਵਿਚ ਮਕਾਮੀ ਬੋਲੀਆਂ ਦੀ ਪੜ੍ਹਾਈ ਖਤਮ ਹੋ ਰਹੀ ਹੈ ੯੦ਫੀ ਸਦੀ ਬੱਚੇ ਪੰਜਾਬੀ ਨਹੀਂ ਪੜ੍ਹਦੇ । ਕਿਤਾਬਾਂ ਅਖਬਾਰਾਂ ਛਾਪਣੀਆਂ ਉਪਰਲੀ ਸਤਹ ਤੱਕ ਹੀ ਰਹਿ ਜਾਂਦੀਆਂ ਹਨ ।

ਈਸ਼ਰ ਸਿੰਘ ਅਟਾਰੀ ਨੇ ਕਿਹਾ ਕਿ ਕੁਝ ਸਮਸਿਆਵਾਂ ਸਾਂਝੀਆਂ ਹਨ । ਉਹਨਾਂ ਪਾਕਿਸਤਾਨ ਵਿਚ ਪੰਜਾਬੀ ਦੇ ਫਿਰਕੂ ਰੰਗ ਬਾਰੇ ਦਸਦਿਆਂ ਕਿਹਾ ਕਿ ਪੰਜਾਬ ਦੇ ਪ੍ਰਮੁੱਖ ਸਾਹਿਤਕਾਰਾਂ ਨੂੰ ਉਥੇ ਸਥਾਨ ਨਹੀਂ ਦਿਤਾ ਜਾਂਦਾ ।

ਪ੍ਰੋ: ਗੁਰਚਰਨ ਸਿੰਘ ਗੁਲਸ਼ਨ ਨੇ ਜੋਸ਼ੀਲੀ ਤਕਰੀਰ



Sri Satguru Jagjit Singh Ji Elibrary NamdhariElibrary@gmail.com

ਵਿਚ ਪੰਜਾਬੀ ਪ੍ਰਤੀ ਸਰਕਾਰੀ ਨੀਤੀ ਅਤੇ ਅਕੈਡਮੀ ਤੇ ਸਖਤ ਨੁਕਤਾਚੀਨੀ ਕੀਤੀ। ਉਹਨਾਂ ਕਿਹਾ ਕਿਹਾ ਕਿ ਰਿਆਸਤ ਵਿਚ ਪੰਜਾਬੀ ਤਿੰਨ ਭਾਸ਼ਾਈ ਫਾਰਮੂਲੇ ਦੀ ਭੇਟ ਹੋ ਗਈ ਹੈ। ਸਰਕਾਰ ਦੀ ਭਾਸ਼ਾ ਨੀਤੀ ਪੰਜਾਬੀ ਦੀਆਂ ਜੜ੍ਹਾਂ ਕਟਣ ਵਾਲੀ ਹੈ। ਡੋਗਰੀ ਕਸ਼ਮੀਰੀ ਆਦਿ ਵਿਕਸਿਤ ਭਾਸ਼ਾਵਾਂ ਨਹੀਂ। ਪੰਜਾਬੀ ਉਹਨਾਂ ਨਾਲ ਨਰੜ ਕੇ ਮਾਰੀ ਜਾ ਰਹੀ ਹੈ। ਕਾਲਜਾਂ ਵਿਚ ਪੰਜਾਬੀ ਪੜ੍ਹਾਈ ਹੈ ਪਰ ਸਕੂਲਾਂ ਵਿਚ ਨਹੀਂ।

ਇਸ ਮੌਕੇ ਤੇ ਗੋਸ਼ਟੀ ਦੇ ਪ੍ਰਧਾਨ ਸ੍ਰੀ ਬਲਰਾਜਪੁਰੀ ਨੇ ਮਦਾਖਲਤ ਕੀਤੀ ਤੇ ਕਿਹਾ ਕਿ ਸਾਹਿਤਕ ਮੀਟਿੰਗ ਅਤੇ ਪਬਲਿਕ ਜਲਸੇ ਵਿਚ ਫਰਕ ਹੁੰਦਾ ਹੈ। ਪਾਲਿਸੀ ਤੇ ਬਹਿਸ ਕੀਤੀ ਜਾਵੇ ਨੀਅਤ ਤੇ ਸ਼ਕ ਨਾ ਕੀਤਾ ਜਾਵੇ।

ਡਾ: ਧਰਮਪਾਲ ਸਿੰਗਲ ਨੇ ਕਿਹਾ ਕਿ ਇਥੇ ਪੰਜਾਬੀ ਪਰਫੁਲਤ ਹੋਈ ਹੈ ਅਨੇਕਾਂ ਗੈਰ ਸਿਖ ਮੈਦਾਨ ਵਿਚ ਆਏ ਹਨ। ਦੇਵਨਾਗਰੀ ਜਾਂ ਸ਼ਾਹ ਮੁਖੀ ਲਿਪੀ (ਫਾਰਸੀ ਲਿਪੀ) ਵੀ ਜੇ ਪੰਜਾਬੀ ਵਾਸਤੇ ਅਪਨਾਈਆਂ ਜਾਣ ਤਾਂ ਕਈ ਗਲਾਂ ਆਪੇ ਹੀ ਹੱਲ ਹੋ ਜਾਂਦੀਆਂ ਹਨ।

ਖਾਲਦ ਹੁਸੈਨ ਨੇ ਕਿਹਾ ਕਿ ਸਰਕਾਰੀ ਸਰਪਰਸਤੀ ਨਾਲ ਕਦੇ ਕਿਸੇ ਭਾਸ਼ਾ ਨੇ ਤਰੱਕੀ ਨਹੀਂ ਕੀਤੀ। ਚੋਣਵਾਂ ਸਾਹਿਤ ਸ਼ਾਹਮੁਖੀ ਵਿਚ ਵਿਚ ਵੀ ਛਪੇ। ਸਰਹਦਾਂ ਕਈ ਵਾਰ ਬਦਲਦੀਆਂ ਹਨ ਪਰ ਜ਼ਬਾਨ ਦੀ ਸਾਂਝ ਕਾਇਮ ਰਹਿੰਦੀ ਹੈ ਸਾਨੂੰ ਅਕੈਡਮੀ ਦੇ ਨਾ-ਸ਼ੁਕਰਗੁਜ਼ਾਰ ਨਹੀਂ ਹੋਣਾ ਚਾਹੀਦਾ।

ਡਾ: ਕਰਤਾਰ ਸਿੰਘ ਸੂਰੀ ਨੇ ਬਹੁਤ ਠਰੰਮੇ ਵਾਲੀ ਤਕਰੀਰ ਵਿਚ ਕਿਹਾ ਕਿ ਪੰਜਾਬੀ ਦਾ ਸਥਾਨ ਪਹਿਲੇ ਵਾਲਾ ਬਹਾਲ ਹੋਣਾ ਚਾਹੀਦਾ ਹੈ। ਉਹਨਾਂ ਖਾਲਦ ਦੀ ਗਲ ਨੂੰ ਕਟਦਿਆਂ ਕਿਹਾ ਕਿ ਸਰਕਾਰੀ ਸੁਪਰਸਤੀ ਤੋਂ ਬਗੈਰ ਕੋਈ ਭਾਸ਼ਾ ਤਰੱਕੀ ਨਹੀਂ ਕਰ ਸਕਦੀ। ਸਰਕਾਰ ਕਿਉਂ ਨਾ ਕੁਝ ਕਰੇ? ਸ਼ਾਹ ਮੁਖੀ ਅਤੇ ਦੇਵ ਨਾਗਰੀ ਲਿਪੀ ਪ੍ਰਤਿ ਉਦਾਰ ਚਿਤ ਹੋਈਏ ਤੇ ਨਾਲ ਲੈਕੇ ਤੁਰੀਏ। ਇਸ ਸਮੇਂ ਸ: ਅਟਾਰੀ ਵਲੋਂ ਇਸ ਗਲ ਤੇ ਟੋਕਾ ਟੋਕੀ ਹੋਈ ਤਾਂ ਡਾ: ਸੂਰੀ ਨੇ ਕਿਹਾ, ਤੁਹਾਡਾ ਮਸਲਾ ਹੋਰ ਹੈ ਸਾਡਾ ਹੋਰ, ਪੰਜਾਬ 'ਚ ਜ਼ਬਾਨ ਦਾ ਕੋਈ ਮਸਲਾ ਨਹੀਂ। ਇਥੇ ਹੈ। ਮੈਂ ਡਾ: ਸਿੰਗਲ ਨਾਲ ਸਹਿਮਤ ਹਾਂ। ਜਿਸ ਭਾਸ਼ਾ ਚੋਂ ਲਫਜ਼ ਮਿਲਦੇ ਹਨ ਲਭੇ ਜਾਣ। ਜ਼ਬਾਨ ਨੂੰ ਅਮੀਰ ਬਨਾਉਣਾ ਹੋਵੇ ਤਾਂ ਦਿਲ ਵੀ ਅਮੀਰ ਹੀ ਚਾਹੀਦਾ ਹੈ।

ਅਕੈਡਮੀ ਦੇ ਸਕੱਤਰ ਸ੍ਰੀ ਮਹੰਮਦ ਯੂਸਫ ਟੈਂਗ ਨੇ ਬਹਿਸ ਵਿਚ ਬੋਲਦਿਆਂ ਕਿਹਾ ਕਿ ਅਸੀ ਇਥੇ ਪੰਜਾਬੀ ਦੇ ਦੋਸਤ ਪੈਦਾ ਕਰਨ ਲਈ ਇਕੱਠੇ ਹੋਏ ਹਾਂ। ਪੰਜਾਬੀ ਦੇ ਦੋਸਤ ਪੰਜਾਬੀ ਬੋਲਦੇ ਲੋਕਾਂ ਦੇ ਖੇਤਰ ਤੋਂ ਬਾਹਰ ਵੀ ਹਨ। ਅਜਿਹੀਆਂ ਗਲਾਂ ਨਹੀ ਕਰਨੀਆਂ ਚਾਹੀਦੀਆਂ ਕਿ ਫਲਾਣੀ ਭਾਸ਼ਾ ਵਿਚ ਸਮਰੱਥਾ ਨਹੀਂ। ਉਹਨਾਂ ਦੂਸਰੀ ਲਿਪੀ ਦੀ ਹਮਾਇਤ ਕੀਤੀ। ਨਹੀਂ ਤਾਂ ਪੂਰਬੀ-ਪਛਮੀ ਪੰਜਾਬ ਦੀਆਂ ਬੋਲੀਆਂ ਇਕ ਦੂਜੀ ਤੋਂ ਬਹੁਤ ਦੂਰ ਚਲੀਆਂ ਜਾਣਗੀਆਂ। ਉਹਨਾਂ ਕਿਹਾ ਅਕੈਡਮੀ ਜਾ ਸਰਕਾਰ ਦੀ ਨੀਯਤ ਤੇ ਸ਼ੱਕ ਨਾ ਕਰੋ। ਇਸ ਨਾਲ ਪੰਜਾਬੀ ਦਾ ਨੁਕਸਾਨ ਹੀ ਹੋਵੇਗਾ ਸਵਰੇ ਗਾ ਨਹੀ।

ਪ੍ਰਿ: ਸੁਜਾਨ ਸਿੰਘ ਜੀ ਨੇ ਕਿਹਾ ਕਿ ਸਕੂਲਾਂ ਵਿਚੋਂ ਪੰਜਾਬੀ ਹਟਾਉਣ ਦਾ ਦੁਖ ਹੋਇਆ ਹੈ ਇਹ ਗਲਤੀ ਦਰੁ-ਸਤ ਕਰਨੀ ਚਾਹੀਦੀ ਹੈ।

ਬਹਿਸ ਵਿਚ ਸ: ਹਰਦਿਆਲ ਸਿੰਘ ਰਹਿਬਰ ਨੇ ਕਿਹਾ ਕਿ ਲੋਕ ਆਪਣੇ ਬੱਚੇ ਮਾਡਰਨ ਸਕੂਲਾਂ ਵਿਚ ਪੜ੍ਹਾਉਂਦੇ ਹਨ ਤੇ ਰੈਜ਼ੂਲੇਸ਼ਨ ਕਰਦੇ ਹਨ ਪੰਜਾਬੀ ਦੇ ਹੱਕ 'ਚ। ਜਗੀਰ ਸਿੰਘ ਜਗਤਾਰ : ਪੰਜਾਬੀ ਲਈ ਦੇਵਨਾਗਰੀ ਲਿਪੀ ਪਰਵਾਨ ਨਹੀਂ, ਤਿੰਨ ਭਾਸ਼ਾਈ ਫਾਰਮੂਲੇ ਚੋਂ ਅੰਗਰੇਜ਼ੀ ਦੀ ਜ਼ਹਿਨੀ ਗੁਲਾਮੀ ਦਾ ਤਿਆਗ ਕਰੋ।

ਹਰਨਾਮ ਸਿੰਘ ਜਾਚਕ ਬਾਅਦ ਮਜਲਸ ਦੇ ਪ੍ਰਧਾਨ ਸ੍ਰੀ ਬਲਰਾਜਪੁਰੀ ਨੇ ਖਿਆਲ ਪ੍ਰਗਟ ਕੀਤਾ :—

ਪੰਜਾਬੀ ਵਿਚ ਮੁਕਾਮੀ ਰੰਗਤ ਰਹਿਣੀ ਕਮਜ਼ੋਰੀ ਦੀ ਨਿਸ਼ਾਨੀ ਨਹੀਂ। ਭਾਸ਼ਾ ਦੇ ਚਾਰ ਪੰਜ ਰੂਪ ਹੋ ਜਾਣ ਤਾਂ ਕੋਈ ਗਲ ਨਹੀਂ। ਤਾਕਤ ਗਿਣਤੀ ਨਾਲ ਨਹੀਂ ਹੁੰਦੀ ਸਗੋਂ ਮਿਆਰ ਨਾਲ ਹੁੰਦੀ ਹੈ। ਪੋਲੈਂਡ ਦੇ ਯਹੂਦੀਆਂ ਦੀ ਇਕੋ ਛੋਟੀ ਜਿਹੀ ਭਾਸ਼ਾ ਹੈ ਯੀਦੀਸ਼ ਉਸ ਦੇ ਲੇਖਕ ਨੂੰ ਨੋਬਲ ਇਨਾਮ ਮਿਲਿਆਂ ਹੈ। ਜਦੋਂ ਅਸੀਂ ਪੰਜਾਬੀ ਨੂੰ ਦੂਜੀਆਂ ਜ਼ਬਾਨਾਂ ਦੇ ਮੁਕਾਬਲੇ ਤੇ ਲਿਆਉਂਦੇ ਹਾਂ ਕਈ ਮਸਲੇ ਪੈਦਾ ਹੁੰਦੇ ਹਨ। ਪੰਜਾਬੀ ਉਰਦੂ ਦੀ ਜਗਹ ਨਹੀਂ ਲੈ ਸਕਦੀ। ਜਗਹ ਲੈਣ ਵਾਲੀ ਗੱਲ ਨਾਲ ਆਪਣੇ ਕਾਜ ਨੂੰ ਨੁਕਸਾਨ ਪਹੁੰਚਾਵਾਂਗੇ। ਅੱਜ ਡੋਗਰੀ ਪੰਜਾਬੀ ਦੀ ਉਪ ਭਾਸ਼ਾ ਨਹੀਂ। ਸੱਤਰ ਸਾਲ ਪਹਿਲਾਂ ਹੋਵੇਗੀ।

ਇਹ ਗੋਸ਼ਟੀ ਬਹੁਤ ਗਰਮਾ ਗਰਮੀ ਵਾਲੀ ਸੀ ਸਮਾਂ ਵੀ ਬਹੁਤ ਲਿਆ ਸੀ।



Sri Satguru Jagjit Singh Ji Elibrary NamdhariElibrary@gmail.com



ਬੇਗਮ ਸ਼ੇਖ ਅਬਦੁਲਾ ਪੰਜਾਬੀ ਪੁਸਤਕਾਂ ਦੀ ਨੁਮਾਇਸ਼ ਦਾ ਮੁਆਇਨਾ ਕਰਦੇ ਹੋਈ ਨਾਲ ਖੜੇ ਹਨ ਪੰਜਾਬੀ ਸੈਕਸ਼ਨ ਦੇ ਇੰਚਾਰਜ ਤੇ ਸ਼ੀਰਾਜ਼ਾਂ ਦੇ ਐਡੀਟਰ ਸ: ਅਮਰੀਕ ਸਿੰਘ ।

# "ਰਾਤਾਂ ਵੇਲੇ"

(ਤਰਲੋਕ ਮਨਸੂਰ)

ਰਾਤਾਂ ਵੇਲੇ ਮੈਂ ਕਿਸ ਦੇਸ਼ ਦੀ ਸੈਰ ਨੂੰ ਚੜ੍ਹਦਾ ਹਾਂ ?
ਚਾਰ ਚੁਫੇਰੇ ਪੁਸ਼ਪ-ਘਾਟੀਆਂ, ਨੀਲੇ ਸਾਗਰ ਤੱਰਦਾ ਹਾਂ ?
ਇਕ ਪੰਛੀ ਮੈਨੂੰ ਗੋਦ 'ਚ ਲੈਕੇ, ਵਿਚ ਅਕਾਸ਼ਾਂ ਭੌਂਦਾ ਹੈ ।
ਝੀਲ ਕਿਨਾਰੇ ਲਿਆਕੇ ਧਰਦਾ, ਕੋਲ ਬੈਠਕੇ ਗੌਂਦਾ ਹੈ ।
ਹੂਰਾਂ ਵਰਗੀ ਨਾਰ ਆਣਕੇ, ਮੁਠੀ ਚਾਪੀ ਕਰਦੀ ਹੈ ।
ਸੂਹਾ ਫੂਲ ਗੁਲਾਬ ਦਾ ਸਜਰਾ, ਤਲੀ ਮੇਰੀ ਤੇ ਧਰਦੀ ਹੈ ।
ਅੰਬਰ-ਬਾਗ ਚੋਂ ਚੁਣ ਚੁਣ ਤਾਰੇ, ਕੇਸਾਂ ਵਿਚ ਸਜਾਂਦਾ ਹਾਂ ।
ਗਗਨ-ਗੰਗਾ ਦੇ ਨੂਰੀ ਜਲ ਵਿਚ, ਮੁੜਮੁੜ ਟੁਭੀਆਂ ਲਾਂਦਾ ਹਾਂ।
ਪਿਆਰ ਮੇਰੇ ਦੀ ਖੁਸ਼ਬੂ ਖੁਸ਼ਬੂ, ਚਵੀਂ ਦਿਸ਼ਾਈ ਹੁੱਲਦੀ ਹੈ ।
ਚਾਨਣ ਚਾਨਣ ਹੋਕੇ ਕਾਇਆਂ, ਚਾਨਣ ਦੇ ਵਿਚ ਘੁੱਲਦੀ ਹੈ।
ਮੈਂ ਸੁਲਤਾਨ ਜਗਤ ਦਾ ਹੋਨਾਂ, ਪੌਣਾਂ ਪੱਖੀ ਝਲਦੀਆਂ ਨੇ ।
ਦੇਵ-ਲੋਕ ਦੀਆਂ ਪਰੀਆਂ ਆਕੇ,ਇਤਰ ਫੁਲੇਲਾਂ ਮਲਦੀਆਂ ਨੇ
ਰੰਗਾਂ ਦੀ ਬਰਸਾਤ ਹੈ ਹੁੰਦੀ, ਰਿਮ ਝਿਮ ਅਮ੍ਰਿਤ ਵਰ੍ਹਦਾ ਹੈ।
ਕੌਣ ਮੇਰੇ ਨਾਲ ਆਕੇ ਰਾਤੀ, ਇੰਜ ਕਲੋਲਾਂ ਕਰਦਾ ਹੈ ?
ਸੁਬਾਹ ਸਵੇਰੇ ਅਖਾਂ ਮਲ ਮਲ, ਪਲਕਾਂ ਨੂੰ ਝਪਕਾਂਦਾ ਹਾਂ ।
ਇਕ ਅਲਾਣੀ ਮੰਜੀ ਉਤੇ ਪਿਆ ਪਿਆ ਸੁਸਤਾਂਦਾ ਹੈ ।
ਆਟੇ ਵਾਲਾ ਖਾਲੀ ਪੀਪਾ, ਪਤਨੀ ਨਿਤ ਖੜਕਾਂਦੀ ਹੈ ।
ਰਾਤ ਮੇਰੀ ਦੇ ਸੁੰਦਰ ਸੁਪਨੇ, ਪਲ ਵਿਚ ਮਾਰ ਮੁਕਾਂਦੀ ਹੈ ।

ਦੂਸਰਾ ਪੇਪਰ ਡਾ: ਦਲਜੀਤ ਸਿੰਘ ਦਾ ਸੀ "ਪੰਜਾਬੀ ਗਲਪ ਚਿੰਤਨ ਦੀ ਪ੍ਰਾਰੰਭਕ ਜੁਗਤ" । ਇਸ ਵਿਚ ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ ਤੇ ਗਲ ਕੇਂਦਰਿਤ ਕੀਤੀ ਗਈ ਸੀ । ਇਕ ਦੋ ਬਹਿਸਕਾਰਾਂ ਨੇ ਹਿੱਸਾ ਲਿਆ । ਪਹਿਲੇ ਪਰਚੇ ਦੇ ਮੁਕਾਬਲੇ ਵਿਚ ਇਸ ਤੇ ਬਹਿਸ ਘਟ ਹੋਈ ਤੇ ੧੨ ਤਾਰੀਖ ਦੀ ਗੋਸ਼ਟੀ ਹੀ ਸਮਾਪਤੀ ਹੋਈ । ਅੱਜ ਡਾ: ਰੌਸ਼ਨ ਲਾਲ ਆਹੂਜਾ ਨੇ ਵੀ ਅਪਣਾ ਪੇਪਰ ਪੜ੍ਹਨਾ ਸੀ ਪਰ ਉਹ ਮੌਸਮ ਦੀ ਖਰਾਬੀ ਕਾਰਨ ਪੁਜ ਨਹੀਂ ਸਕੇ ਸਨ ।

੧੩ ਤਾਰੀਖ ਸਵੇਰੇ ਪਹਿਲਾਂ ਪਰਚਾ ਡਾ: ਧਰਮ ਪਾਲ ਸਿੰਗਲ ਦਾ ਸੀ "ਪੰਜਾਬੀ ਸ਼ਬਦ ਜੋੜ ਤੇ ਸ਼ਬਦ ਰੂਪ ਦੀ ਸਮੱਸਿਆ ।"

ਡਾ: ਸਿੰਗਲ ਨੇ ਸਮੱਸਿਆ ਨੂੰ ਵੱਡੇ ਰੂਪ ਵਾਲੀ ਦਸਿਆ ਜਿਸਦਾ ਹਲ ਜਜ਼ਬਾਤ ਜਾਂ ਖਿੱਚ ਕੇ ਨਹੀਂ ਲਭਿਆ ਜਾ ਸਕਦਾ ਉਹਨਾਂ ਕਿਹਾ ਕਿ ਇਹ ਗੱਲ ਗਲਤ ਹੈ ਕਿ ਪੰਜਾਬੀ ਨੂੰ ਜਾਣ ਬੁਝਕੇ ਹਿੰਦੀ ਬਣਾਇਆ ਜਾ ਰਿਹਾ ਹੈ । ਹਿੰਦੀ ਸੰਸਕ੍ਰਿਤ ਦੀ ਆਮਦ ਕੁਦਰਤੀ ਹੈ । ਹਿੰਦੀ ਨੇ ਵੀ ਵਿਰਸਾ ਸੰਸਕ੍ਰਿਤ ਤੋਂ ਲਿਆ ਹੈ । ਹਰ ਭਾਸ਼ਾ ਸੰਸਕ੍ਰਿਤ ਤੋਂ ਖੁਲ ਗੱਫੇ ਲੈ ਰਹੀ ਹੈ ਪੰਜਾਬੀ ਨੇ ਜੇ ਗਿਆਨ ਵਿਗਿਆਨ ਦੀ ਭਾਸ਼ਾ ਬਨਣਾ ਹੈ ਤਾਂ ਇਸ ਨੂੰ ਇਹ ਸ਼ਬਦ ਲੈਣੇ ਪੈਣਗੇ । ਨਵੀਂ ਵਸਤੂ ਲਈ ਨਵਾਂ ਭਾਂਡਾ ਚਾਹੀਦਾ ਹੈ । ਸਭ ਫੂਲ ਖਿੜਣ ਦਿਓ ਮਾਂ ਬੋਲੀ ਨਾਲ ਹੇਜ ਕਰਕੇ ਨੁਕਤਾਚੀਨੀ ਨੁਕਸਾਨ ਦੇਹ ਹੋ ਸਕਦੀ ਹੈ । ਜੇ ਗੱਲ ਸਮਝ ਨਾ ਪੈਂਦੀ ਹੋਵੇ ਤਾਂ ਉਠ ਸਕਾਂ ਨਾ ਫਿਟੇ ਮੂੰਹ ਗੋਡਿਆਂ ਵਾਲੀ ਗੱਲ ਹੋਣ ਲੱਗ ਜਾਂਦੀ ਹੈ । ਭਾਸ਼ਾ ਸਮਝਣ ਲਈ ਅਧਿਕਾਰੀ ਬਨਣਾ ਪੈਂਦਾ ਹੈ । ਤਕਨੀਕੀ ਗੱਲਾਂ ਦੀ ਸਮਝ ਹਰ ਆਦਮੀ ਨੂੰ ਨਹੀਂ ਆ



Sri Satguru Jagjit Singh Ji Elibrary NamdhariElibrary@gmail.com

ਸਕਦੀ। ਇਹੋ ਹਾਲ ਪੰਜਾਬੀ ਸ਼ਬਦ ਜੋੜਾਂ ਦਾ ਹੈ। ਜਿਹਾ ਬੋਲੋ ਤੇਹਾ ਲਿਖੋ ਸਿਧਾਂਤ ਠੀਕ ਨਹੀਂ। ਭਿੰਨ ਭਿੰਨ ਉਚਾਰਣ ਪ੍ਰਚਲਤ ਹੋ ਜਾਣਗੇ।

ਇਸ ਬਾਅਦ ਉਹਨਾਂ ਨੇ ਵਿਸਤਾਰ ਨਾਲ ਵੱਖ ਵੱਖ ਸ਼ਬਦਾਂ ਦੀਆਂ ਉਦਾਹਰਣਾਂ ਦਿਤੀਆਂ। ਪੈਰਾਂ ਵਿਚ ਰ ਬਾਰੇ ਉਹਨਾਂ ਦਾ ਮਤ ਸੀ ਜੇ ਇਸ ਨੂੰ ਪੈਰਾਂ ਚੋਂ ਹਟਾਉਣ ਨਾਲ ਅਰਥ ਵਿਚ ਫਰਕ ਪੈਂਦਾ ਹੋਵੇ ਤਾਂ ਨਹੀਂ ਹਟਾਉਣਾ ਚਾਹੀਦਾ ਜੇ ਨਾ ਪੈਦਾ ਹੋਵੇ ਤਾਂ ਹਟਾ ਦੇਣਾ ਚਾਹੀਦਾ ਹੈ। ਕਈ ਸ਼ਬਦਾਂ ਦੇ ਦੋਵੇਂ ਸ਼ਬਦ ਜੋੜ ਠੀਕ ਹਨ ਜਿਵੇਂ ਕਹਿਣਾ ਅਤੇ ਕਹਿਣਾ ਸੰਗ੍ਰਿਹ ਅਤੇ ਸੰਗ੍ਰਹਿ ਆਦਿ ਆਦਿ।......

ਡਾ: ਸਿੰਗਲ ਦਾ ਆਪਣਾ ਪਰਚਾ ਬਹੁਤ ਸੌਖੀ ਭਾਸ਼ਾ ਵਿਚ ਸੀ ਅਤੇ ਬਹੁਤ ਮਿਹਨਤ ਨਾਲ ਤਿਆਰ ਕੀਤਾ ਹੋਇਆਂ ਸੀ। ਪਰ ਸੌਖੀ ਪੰਜਾਬੀ ਬਨਾਮ ਔਖੀ ਭਾਸ਼ਾ ਦੇ ਵਿਸ਼ੇ ਤੇ ਸਮਾਗਮ ਵਿਚ ਕਾਫੀ ਰੱਫੜ ਪੈ ਗਿਆ। ਅਤੇ ਬਹਿਸ ਸ਼ਬਦ ਜੋੜਾਂ ਤੋਂ ਜੋੜ ਤੋੜਾਂ ਵਲ ਚਲੀ ਗਈ।

ਸ੍ਰੀ ਬਲਰਾਜ ਪੁਰੀ ਨੇ ਕਿਹਾ ਕਿ ਕੁਝ ਸਚਾਈਆਂ ਅਧੂਰੀਆਂ ਹੁੰਦੀਆਂ ਹਨ। ਮੈਂ ਸਾਹਿਤ ਅਤੇ ਭਾਸ਼ਾ ਦੇ ਦਰਮਿਆਨ ਲਕੀਰ ਖਿਚਣ ਵਾਲੀ ਗੱਲ ਨਾਲ ਸਹਿਮਤ ਨਹੀਂ। ਭਾਸ਼ਾ ਵਿਗਿਆਨੀਆਂ ਨੂੰ ਮੰਨਣਾ ਪਵੇਗਾ ਕਿ ਆਮ ਲੋਕਾਂ ਦੀ ਬੋਲੀ ਅਤੇ ਲਿਖਤ ਦੀ ਬੋਲੀ ਦਾ ਅੰਤਰ ਨਹੀਂ ਵਧਣਾ ਚਾਹੀਦਾ। ਭਾਸ਼ਾ ਵਿਗਿਆਨੀ ਪੈਰਵੀ ਕਰਦੇ ਨੇ ਅਗਵਾਈ ਨਹੀਂ। ਬਹਿਸ ਵਿਚ ਭਖੀ ਤਾਂ ਬਹੁਤ ਸਾਰੇ ਲੇਖਕ ਬੋਲੇ। ਈਸ਼ਰ ਸਿੰਘ ਅਟਾਰੀ (ਸ਼ਬਦਾਂ ਨੂੰ ਤਤ ਸਮ ਰੂਪ ਚ ਲਿਆ ਜਾਵੇ) ਚਮਨ ਅਰੋੜਾ, ਜਗੀਰ ਸਿੰਘ ਜਗਤਾਰ (ਅਨਪੜਾਂ ਨੇ ਗੱਲ ਕਰਨੀ ਹੀ ਕਰਨੀ ਹੈ) ਖਾਲਦ ਹੁਸੈਨ ਜਸਵੰਤ ਸਿੰਘ ਰਾਹੀ (ਤਰਸ ਖਾਓ ਮਿਹਰਬਾਨੀ ਕਰੋ, ਵਾਰਸ਼ ਸ਼ਾਹ ਪੜ ਕੇ ਡਿਗਰੀਆਂ ਲੈਂਦੇ ਹੋ ਉਸਦੀ ਬੋਲੀ ਨੂੰ ਨਹੀਂ ਮੰਨਦੇ। ਬੋਲੀ ਦੀ ਵੀ ਵਰਾਸਤ ਹੁੰਦੀ ਹੈ—(ਘੰਟੀ-ਦਰ-ਘੰਟੀ) ਭਾਵ ਭਾਵੇਂ ਨਾ ਸਮਝ ਆਉਣ ਸ਼ਬਦ ਦਾ ਤਾਂ ਪਤਾ ਲਗਣਾ ਚਾਹੀਦਾ ਹੈ। ਦਿਆਲ ਚੰਦ ਮਿਗਆਨੀ : (ਤਤ ਸੱਮ ਰੂਪ ਨਾਲ ਸਹਿਮਤ ਨਹੀਂ। ਉਚੇ ਉਚੇ ਭਾਵ ਪੰਜਾਬੀ ਵਿਚ ਪ੍ਰਗਟ ਕੀਤੇ ਜਾ ਸਕਦੇ ਹਨ ਸੁਣੋ); ਪ੍ਰਿੰ: ਤਖਤ ਸਿੰਘ (ਆਲੋਚਕ ਖੁਸ਼ਕ ਜਿਹੇ ਬੰਦ ਹੁੰਦੇ ਹਨ, ਇਹਨਾਂ ਦੀ ਵਖਰੀ ਮੰਡਲੀ ਹੋਣੀ ਚਾਹੀਦੀ ਹੈ) ਆਦਿ ਤੋਂ ਬਾਅਦ ਸ੍ਰੀ ਨਗਰ ਤੋਂ ਆਏ ਕੰਵਲ ਕਸ਼ਮੀਰੀ ਨੇ ਕੁਝ ਠਰੰਮਾ ਵਰਤਿਆ। ਪ੍ਰਭਾਵ-ਸ਼ਾਲੀ ਢੰਗ ਨਾਲ ਕਿਹਾ ਕਿ ਇਹ ਗੱਲ ਸਮਸਿਆ ਭਰਪੂਰ ਹੈ ਇਸ ਨੂੰ ਹੱਲ ਕਰਨਾ ਚਾਹੀਦਾ ਹੈ।—ਪਰ ਸਮੱਸਿਆ ਕਾਇਮ ਹੈ" ਡਾ: ਸਿੰਗਲ ਨੇ ਬਹਿਸ ਦਾ ਉਤਰ ਦੋ ਵਾਕਾਂ ਵਿਚ ਦਿਤਾ ਕਿ ਅੱਜ ਦੀ ਬਹਿਸ ਸੁਣ ਕੇ ਮੈਂ ਬਹੁਤ ਕੁਝ ਸਿਖਿਆ ਹੈ। ਅੱਗੇ ਨਾਲੋਂ ਸਿਆਣਾ ਹੋਇਆ ਹਾਂ ਸਭ ਦਾ ਧਨਵਾਦ। (ਮਨ ਦੀਆਂ ਮਨ ਵਿਚ)

ਅਗਲਾ ਪਰਚਾ ਸੀ ਪ੍ਰੋ: ਗੁਰਚਰਨ ਸਿੰਘ, ਗੁਲਸ਼ਨ ਦਾ ਲਿਖਿਆ "ਜੰਮੂ ਕਸ਼ਮੀਰ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਦੀਆਂ ਸਮਸਿਆਵਾਂ।"

ਉਹਨਾਂ ਪਰਚੇ ਵਿਚ ਦਸਿਆ ਕਿ ਬਹੁਤ ਸਾਰੇ ਖਰੜੇ ਜੋ ਵਾਰਸਾਂ ਕੋਲ ਪਏ ਹਨ ਦੱਬੇ ਪਏ ਹਨ। ਬਹੁਤੇ ਪੈਸੇ ਲੈਣ ਵਾਸਤੇ। ਛੱਪ ਨਹੀਂ ਰਹੇ। ਗੁਲਸ਼ਨ ਹੋਰਾਂ ਕਲ ਦੀ ਗੋਸ਼ਟੀ ਵਿਚ ਵੀ ਆਪਣਾ ਮਤ ਜੋਸ਼ ਨਾਲ ਪ੍ਰਗਟ ਕੀਤਾ ਸੀ। ਅਜ ਵੀ ਮਸਲੇ ਦੇ ਵੱਖ ਵੱਖ ਪਹਿਲੂਆਂ ਤੇ ਰੋਸ਼ਨੀ ਪਾਈ :

ਪ੍ਰੋ: ਸੁਜਾਨ ਸਿੰਘ, ਭਗਤ ਸਿੰਘ ਜ਼ਿਦੀ, ਮਾਨ ਸਿੰਘ ਭਾਰਗਵ ਆਦਿ ਨੇ ਬਹਿਸ ਵਿਚ ਹਿੱਸਾ ਲਿਆ।

ਇਸ ਮੌਕੇ ਤੇ ਅਕੈਡਮੀ ਵਲੋਂ ਨਿਕਲਦੇ ਪਤਰ ਸ਼ੀਰਾਜ਼ਾ ਦੇ ਸੰਪਾਦਕ ਸ: ਅਮਰੀਕ ਸਿੰਘ ਨੇ ਮਦਾਖਲਤ ਕਰਕੇ ਕਿਹਾ ਕਿ ਖਰੜੇ ਬਹੁਤ ਛਾਪ ਰਹੇ ਹਾਂ ਅਸੀਂ ਕੰਮ ਦਿੰਦੇ ਹਾਂ ਲੇਖਕ ਲਿਖਦੇ ਹੀ ਨਹੀਂ।

ਪ੍ਰੋ: ਦਲਜੀਤ ਸਿੰਘ ਦੇ ਬੋਲਣ ਸਮੇਂ ਫਿਰ ਕੁਝ ਵਾਤਾਵਰਨ ਗਰਮ ਹੋਇਆ ਪਰ ਡਾ: ਕਰਤਾਰ ਸਿੰਘ ਸੂਰੀ ਦੇ ਪ੍ਰਧਾਨਗੀ ਭਾਸ਼ਨ ਨੇ ਹਾਲਤ ਨਾਰਮਲ ਕਰ ਦਿਤੀ।

ਉਹਨਾਂ ਕਿਹਾ ਕਿ ਡਾ: ਸਿੰਗਲ ਦਾ ਪਰਚਾ ਬਹੁਤ ਵਧੀਆ ਹੈ ਇਸ ਵਿਚ ਨਵੀਂ ਸਾਮਗਰੀ ਹੈ। ਅਜਿਹੇ ਵਿਵਾਦਾਂ ਵਿਚ ਅਕਸਰ ਦੋ ਧੜੇ ਹੋ ਜਾਂਦੇ ਹਨ ਪਰ ਗੱਲ ਤਾਲਮੇਲ ਦੀ ਹੈ। ਖੋਜੀਆਂ ਆਲੋਚਕਾਂ ਦੀ ਵਖਰੀ ਢਾਣੀ ਨਹੀਂ ਹੋਣੀ ਚਾਹੀਦੀ। ਅਸੀਂ ਸਾਹਿਤਕਾਰ ਤੋਂ ਆਲੋਚਕ ਨੂੰ ਤੋੜ ਨਹੀਂ ਸਕਦੇ।। ਜ਼ਬਾਨ ਉਹ ਬਣੇਗੀ ਜੋ ਲੋਕਾਂ ਦੇ ਮੂੰਹੋਂ ਹੁੰਦੀ ਆਏਗੀ ਪੰਜਾਬੀ ਦੇ ਸੁਭਾਅ ਅਨੁਸਾਰ ਹੀ ਨਵੇਂ ਲਫਜ਼ ਲਿਆਂਦੇ ਜਾ ਸਕਦੇ ਹਨ। ਜੰਮੂ ਕਸ਼ਮੀਰ ਵਿਚ ਸ਼ਬਦ ਜੋੜਾਂ ਸਬੰਧੀ ਹਾਲਤ ਹੋਰ ਵੀ ਮਾੜੀ ਹੈ। ਪੰਜਾਬ ਵਿਚ ਵੀ ਜ ਤੇ ਜ਼ ਵਰਗੇ ਫਰਕਾਂ ਦਾ ਪਤਾ ਨਹੀਂ।

## ਕਹਾਣੀ ਦਰਬਾਰ

ਬਾਅਦ ਦੁਪਹਿਰ ਕਹਾਣੀ ਗੋਸ਼ਟੀ ਵਿਚ ੮ ਕਹਾਣੀ-



Sri Satguru Jagjit Singh Ji Elibrary NamdhariElibrary@gmail.com

ਕਾਰਾਂ ਨੇ ਆਪਣੀਆਂ ਕਹਾਣੀਆਂ ਪੜ੍ਹੀਆਂ, ਖੁਸ਼ਦੇਵ ਮੈਨੀ—ਫੋੜੇ; ਸੁਖਬੀਰ ਕੌਰ—'ਭੌਰੇ'; ਹਰਭਜਨ ਸਾਗਰ—'ਪਛਾਣ'; ਖਾਲਦ ਹੁਸੈਨ—'ਕੁਆਰ ਗੰਦਲ'; ਭੁਪਿੰਦਰ ਸੂਦਨ—ਖਲਬਲ; ਕੇਵਲ ਕਸ਼ਮੀਰੀ—'ਅੰਮਾ ਜਾਏ'; ਪ੍ਰੇਮ ਪ੍ਰਕਾਸ਼ ਖੰਨਵੀ—'ਰਤਨਾਕਰ' ਅਤੇ ਜਸਵੰਤ ਸਿੰਘ ਵਿਰਦੀ ਨੇ 'ਲਹੂ ਦੇ ਹਸਤਾਖਰ' ਕਹਾਣੀਆਂ ਦਾ ਪਾਠ ਕੀਤਾ। ਇਸ ਕਹਾਣੀ ਦਰਬਾਰ ਦੀ ਸਭ ਤੋਂ ਵਿਸ਼ੇਸ਼ ਗੱਲ ਸੀ, ਵਿਰਦੀ ਦੀ ਕਹਾਣੀ ਲਹੂ ਦੇ ਹਸਤਾਖਰ। ਇਹ ਜਲਿਆਂ ਵਾਲੇ ਬਾਗ ਦੇ ਸਾਕੇ ਨਾਲ ਸਬੰਧਤ ਸੀ। ਕਹਾਣੀ ਕੀ ਸੀ ਜਿਵੇਂ ਕਵੀ ਦਰਬਾਰਾਂ 'ਚ ਆਹ ਤੇ ਵਾਹ ਹੁੰਦੀ ਹੈ ਉਵੇਂ ਹੋ ਰਹੀ ਸੀ। ਕਹਾਣੀ ਦੀ ਸਮਾਪਤੀ ਤੇ ਕਰੁਣਾਮਈ ਖਾਮੋਸ਼ੀ ਛਾ ਗਈ ਸੀ। ਇਸ ਤੋਂ ਬਾਅਦ ਪ੍ਰਿੰ: ਸੁਜਾਨ ਸਿੰਘ ਦਾ ਨਾਮ ਕਹਾਣੀ ਪੜ੍ਹਨ ਵਾਸਤੇ ਐਲਾਨਿਆ ਗਿਆ। ਉਹਨਾਂ ਮਾਈਕ ਤੇ ਜਾ ਕੇ ਕਹਿ ਦਿਤਾ ਕਿ ਇਸ ਕਹਾਣੀ ਬਾਦ ਕੋਈ ਕਹਾਣੀ ਨਹੀਂ ਹੋ ਸਕਦੀ ਮੈਂ ਨਹੀਂ ਪੜ੍ਹਾਂਗਾ। ਪਹਿਲੀ ਵਾਰ ਦੇਖਿਆ ਹੈ ਕਿ ਕਿਸੇ ਕਹਾਣੀ ਦਰਬਾਰ ਦਾ ਸਿਖਰ ਇਵੇਂ ਹੋਇਆ ਹੋਵੇ।

ਮਾਹੌਲ ਦੀ ਭਾਵਕਤਾ ਅਤੇ ਵਕਤ ਦੀ ਤੰਗੀ ਕਾਰਨ ਕੋਈ ਬਹਿਸ ਨਹੀਂ ਹੋਈ। ਕਹਾਣੀ ਗੋਸ਼ਟੀ ਦੀ ਪ੍ਰਧਾਨਗੀ ਸ੍ਰੀ ਬੀ.ਸੀ. ਪ੍ਰਸ਼ਾਂਤ ਨੇ ਕੀਤੀ ਅਤੇ ਅਕੈਡਮੀ ਦੇ ਪਹਿਲੇ ਸਕੱਤਰ ਸ੍ਰੀ ਨੀਲੰਬਰ ਦੇਵ ਸ਼ਰਮਾ ਵੀ ਬੈਠੇ ਸਨ।

## ਕਵੀ ਦਰਬਾਰ

ਰਾਤ ਨੂੰ ਕਵੀ ਦਰਬਾਰ ਪ੍ਰੋ: ਸੁਜਾਨ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਇਆ ਜਿਸਦਾ ਸੰਚਾਲਨ ਸ: ਅਮਰੀਕ ਸਿੰਘ ਨੇ ਕੀਤਾ। ਇਸ ਕਵੀ ਦਰਬਾਰ ਵਿਚ ਜੰਮੂ-ਕਸ਼ਮੀਰ ਦੇ ਸਭ ਇਲਾਕਿਆਂ ਪੰਜਾਬ, ਹਰਿਆਣਾ ਤੋਂ ਕਵੀ ਆਏ ਹੋਏ ਸਨ।

ਹਰਦਿਆਲ ਸਿੰਘ ਰਹਿਬਰ (ਕਤਲ ਮੈਨੂੰ ਕਰ ਗਈ ਤਸਵੀਰ ਮੇਰੇ ਯਾਰ ਦੀ); ਹਰਚਰਨ ਸਿੰਘ ਮਾਹਿਰ, ਕ੍ਰਿਪਾਲ ਸਿੰਘ ਕਸਾਲੀ, ਪ੍ਰੋ: ਸੁਰਿੰਦਰ ਸੀਰਤ (ਆਪਣੀ ਹੀ ਦੇਹ ਦਾ ਛਾਲਾ ਨੌਹਾਂ ਕੁਰੇਦਿਆ ਹੈ। ਇਹ ਦਾਸਤਾਂ ਹੈ ਮੇਰੀ ਤੇਰਾ ਜ਼ਿਕਰ ਨਹੀਂ ਹੈ) ਅਵਤਾਰ ਸਿੰਘ ਚੰਦਨ (ਓੜਕ ਦੇ ਦਿਨ ਕਿਹਾ ਮੁਹੰਮਦ ਅਸਾਂ ਵੀ ਤੁਰ ਜਾਣਾ, ਜ਼ੋਰਾਂ ਵਾਲੇ ਕਮਜ਼ੋਰਾਂ ਨੂੰ ਫਿਰ ਕਿਉਂ ਦਸਦੇ ਜ਼ੋਰ, ਕੰਡਿਆਂ ਵਾਲੀ ਥੋਰ—ਇਹ ਜੀਵਨ) ਅਤੇ ਮਾਨ ਸਿੰਘ ਭਾਰਗਵ ਤੋਂ ਬਾਦ ਬੀਬੀ ਸੁਰਜੀਤ ਸਖੀ ਨੇ ਗਜ਼ਲ ਪੜ੍ਹੀ। ਕਲਾਮ ਦੀ ਪੁਖਤਗੀ, ਪੜ੍ਹਨ ਦਾ ਢੰਗ ਪ੍ਰੌਢ, ਸੁਰ ਵਿਚ ਤਰੰਨੁਮ ਇਸ ਸ਼ਾਇਰਾ ਦੇ ਵਿਸ਼ੇਸ਼ ਗੁਣ ਸਨ। ਪੰਜਾਬੀ ਸਾਹਿਤ ਜਗਤ ਵਿਚ ਸੁਰਜੀਤ ਸਖੀ ਜ਼ੋਰਦਾਰ ਹਸਤਾਖਰ ਹੈ। ਉਸ ਦੀ ਗ਼ਜ਼ਲ ਨੇ ਸਮਾਂ ਖਲਿਆਰ ਦਿਤਾ। ਕੁਝ ਸ਼ੇਅਰ :

ਚਾਨਣਾਂ ਦੇ ਵਾਰਸੋ ਭਖਦੇ ਦੁਪਹਿਰੇ ਢਾਲ ਕੇ
ਕੀ ਕਰੋਗੇ ਰਾਤ ਦੇ ਬੂਹੇ 'ਚ ਦੀਵਾ ਬਾਲ ਕੇ

ਇਹ ਕਿਹਾ ਦੀਪਕ ਕਿ ਜਿਸਦੀ ਰੋਸ਼ਨੀ ਨੂੰ ਲੋੜ ਹੈ
ਦਰਦ ਕੁਲ ਇਨਸਾਨੀਅਤ ਦੀ ਹਿੱਕ ਨੂੰ ਹੰਗਾਲ ਕੇ

ਭਾਲਦੀ ਫਿਰਦੀ ਅਸਾਨੂੰ ਉਹ ਸੁਬਾਹ ਉਹ ਸ਼ਾਮ ਹੁਣ
ਛੱਡ ਦਿਤੀ ਭਾਲ ਜਿਸਦੀ ਉਮਰ ਸਾਰੀ ਭਾਲ ਕੇ

ਏਸ ਕਬਰਸਤਾਨ ਵਿਚ ਥਾਂ ਥਾਂ ਸਲੀਬਾਂ ਲਟਕੀਆਂ
ਕੌਣ ਈਸਾ ਮੁਰਦਿਆਂ ਨੂੰ ਤੁਰ ਗਿਆ ਜੀਵਾਲ ਕੇ

ਭਾਲਦੇ ਹੋ ਰੇਤ ਚੋਂ ਬੀਤੇ ਸਮੇਂ ਦੀ ਪੈੜ ਨੂੰ
ਹੱਥ ਕੀ ਆਇਗਾ, ਆਇਆ ਵਕਤ ਹਥੋਂ ਟਾਲ ਕੇ

ਪਾੜ ਕੇ ਮੇਰਾ ਕਫਨ ਕੱਢੋ ਕਿਸੇ ਨੰਗੇਜ ਨੂੰ
ਬਾਲਿਓ ਬਸਤੀ 'ਚ ਦੀਵੇ, ਮਿੱਝ ਮੇਰੀ ਗਾਲ ਕੇ

ਦੇਸ ਰਾਜ ਦਾਨਿਸ਼ (ਮੇਰੀ ਵਫਾ ਦੇ ਸਦਕੇ ਬਣਿਆ ਫਿਰੇਂ ਖੁਦਾ ਤੂੰ, ਮੇਰੇ ਇਸ਼ਕ ਦੇ ਬਣਾਏ, ਤੇਰਾ ਹੁਸਨ ਸੀ ਨਕਾਰਾ); ਠਾਕਰ ਸਿੰਘ ਜ਼ਖਮੀ (ਤਾਰਿਓ ਵੇ ਤਾਰਿਓ, ਕੁਝ ਤਾਂ ਬੋਲੋ ਵੇ ਸ਼ਰਮ ਦੇ ਮਾਰਿਓ), ਬਾਅਦ ਕਵੀ ਦਰਬਾਰ ਦਾ ਪੜਾਅ ਦਿਆਲ ਚੰਦ ਮਿਗਲਾਨੀ ਤੇ ਬਣਿਆ। ਪਹਿਲਾਂ ਤਾਂ ਉਹਨਾਂ ਆਪਣੀ ਭੂਮਿਕਾ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ ਫੇਰ ਪੀਲੂ ਰਾਗ ਦੀ ਬੰਦਸ਼ ਵਿਚ ਤਰੰਨੁਮ ਵਿਚ ਗਜ਼ਲ ਆਈ।

ਮੈਂ ਵਨਜਾਰਾ ਵਕਤ ਦਾ ਵਨਜਾਂ ਸਾਰੇ ਰੰਗ;
ਮੇਲਾ ਜੁੜਿਆ ਜੱਗ ਦਾ ਲਭਦਾ ਫਿਰਨਾਂ ਸੰਗ।

ਕਿਸ ਦੇ ਪੱਲੇ ਭੇੜ ਹੈ, ਕਿਸ ਦੇ ਪੱਲੇ ਚੰਗ
ਬੁੱਝੇ ਕੌਣ ਬੁਝਾਰਤਾਂ, ਸੁੱਝੇ ਨਾ ਕੋਈ ਢੰਗ।

ਜਿਹੜਾ ਰੰਗ ਸੁਹਾਵਣਾ ਉਹੋ ਹੀ ਬਦਰੰਗ
ਦਿਸਨ ਡੋਰਾਂ ਰੇਸ਼ਮੀ ਛੋਹਿਆਂ ਮਾਰਨ ਡੰਗ।



Sri Satguru Jagjit Singh Ji Elibrary NamdhariElibrary@gmail.com

ਹੋਕਾ ਦੇਵਨ ਦੁੱਧ ਦਾ ਭਾਂਡੇ ਪਤਲੀ ਪੰਗ
ਫੱਟੀ ਲੱਗੀ ਅਮਨ ਦੀ ਹੱਟੀ ਦੇ ਵਿਚ ਜੰਗ।

ਗੰਗਾ ਦਾ ਮੁਲ ਛਪੜੀ, ਛਪੜੀ ਦਾ ਮੁਲ ਗੰਗ
ਬੂਹੇ ਪਰਦੇ ਪੱਟ ਦੇ ਅੰਦਰ ਭੁਜਦੀ ਭੰਗ।

ਖੇੜੇ ਖੋ ਕੇ ਲੈ ਗਏ ਹਰ ਰਾਂਝੇ ਦੀ ਮੰਗ,
ਦਸ ਭਨਾ ਦਿਆਂ ਕੰਡਿਆ ਕਿਥੇ ਵਸੇ ਭੰਗ

ਬਜ਼ੀਹ ਅਹਿਮਦ ਬਸ਼ੀਰ, ਉਜਾਗਰ ਸਿੰਘ ਮਹਿਕ, ਖਾਲਦ ਕਫਾਇਤ ਮਲੇਰਕੋਟਲਾ, ਬਾਅਦ ਪ੍ਰਿੰਸੀਪਲ ਤਖਤ ਸਿੰਘ ਉਸਤਾਦ ਗ਼ਜ਼ਲਗੋ (ਬੰਨੇ ਤੁਕਾਂ 'ਚ ਮੋਤੀਆਂ ਵਰਗੇ ਖਿਆਲ। ਮੈਂ ਕੌਡੀਆਂ ਭਾ ਵੇਚਿਆ ਲੱਖਾਂ ਦਾ ਮਾਲ ਮੈਂ) ਨੇ ਗ਼ਜ਼ਲ ਸੁਣਾਈ। ਉਹਨਾਂ ਦੀ ਗ਼ਜ਼ਲ ਚੋਂ ਕੁਝ ਸ਼ੇਅਰ ਨੋਟ ਬੁਕ ਤੋਂ ਲਭੇ ਹਨ :

ਬਦਲਾਂ ਦੇ ਚੁਰਸਤੇ ਚੋਂ ਹਵਾ ਵਾਂਗ ਗੁਜ਼ਰ ਜਾਣਾ
ਰੱਜ ਰੂਪ ਦਾ ਪੀ ਪੀ ਕੇ ਏਥੇ ਹੀ ਨਾ ਮਰ ਜਾਣਾ।
ਸੁਣਿਆ ਹੈ ਉਸ ਪਾਰ ਨੇ ਦਰਿਆ ਵੀ ਤਰਿਹਾਏ,
ਵੇਖੀਂ ਨੀ ਘਟਾਏ ਕਿਤੇ ਏਧਰ ਹੀ ਨਾ ਬਰਸ ਜਾਣਾ

ਸੁਮੇਰ ਸਿੰਘ ਮਸਤਾਨਾ, ਕੰਵਰ ਇਮਤਿਆਜ਼ (ਅਜ ਫੇਰ ਸਮੁੰਦਰ ਮੰਥਨ ਹੋਇਆ ਹੈ) ਦਰਸ਼ਨ ਸਿੰਘ ਅਕਾਲੀ ਪੁਣਛ ਬਾਅਦ ਜਸਵੰਤ ਸਿੰਘ ਰਾਹੀ ਨੇ ਆਪਣੇ ਸੂਫੀਆਨਾ ਕਲਾਮ ਨਾਲ ਸਰੋਤਿਆਂ ਦਾ ਰਸਾ ਸਵਾਦਨ ਕੀਤਾ।

ਤੀਰਥ ਸਿੰਘ ਇਨਕਲਾਬੀ ਬਾਰਾਮੂਲਾ, ਕੇਵਲ ਕ੍ਰਿਸ਼ਨ ਸ਼ਾਕਰ, ਜੈ ਦੇਵ ਸਿੰਘ ਦੱਤ ਪੁਣੱਛ, ਮੁਸ਼ਤਾਕ ਵਾਰਸੀ ਮਲੇਰਕੋਟਲਾ, ਸੋਹਿੰਦਰ ਬੀਰ ਅੰਮ੍ਰਿਤਸਰ, ਅੰਜਮ ਕਾਦਰੀ ਮਲੇਰਕੋਟਲਾ ਬਾਅਦ ਮੁੜ ਸਿਫਾਰਸ਼ ਤੇ ਪ੍ਰਿੰ. ਤਖਤ ਸਿੰਘ ਦੀ ਇਕ ਉਰਦੂ ਨਜ਼ਮ ਅਤੇ ਦਿਆਲ ਚੰਦ ਮਿਗਲਾਨੀ ਦੀ ਪੰਜਾਬੀ ਗ਼ਜ਼ਲ ਹੋਈ।

ਰਾਤ ਢਲ ਚੁਕੀ ਸੀ। ਕਵੀਆਂ ਦੀ ਲੰਮੀ ਲਿਸਟ ਹੋਣ ਕਰਕੇ ਪ੍ਰੋਗਰਾਮ ਵਿਚ ਢਿਲ ਆ ਗਈ ਸੀ। ਕਵੀ ਦਰਬਾਰ ਨਾਲ ਇਹ ਕਾਨਫਰੰਸ ਸਮਾਪਤ ਹੋਈ।

ਇਸ ਕਾਨਫਰੰਸ ਵਾਸਤੇ ਅਕੈਡਮੀ ਵਾਲੇ ਇਸ ਦੇ ਸਕੱਤਰ ਸ੍ਰੀ ਮੁਹੰਮਦ ਯੂਸਫ ਟੈਂਗ ਅਤੇ ਪੰਜਾਬੀ ਵਿਭਾਗ ਦੇ ਸ: ਅਮਰੀਕ ਸਿੰਘ ਵਧਾਈ ਦੇ ਪਾਤਰ ਹਨ। ਜੰਮੂ ਕਸ਼ਮੀਰ ਵਿਚ ਪੰਜਾਬੀ ਦੇ ਆਪਣੇ ਮਸਲੇ ਹਨ ਜੋ ਬਹੁਤ ਗੰਭੀਰ ਹਨ। ਇਹਨਾਂ ਬਾਰੇ ਹੋਈ ਗਲ ਬਾਤ ਦੇ ਕਦੀ ਸਿੱਟੇ ਜ਼ਰੂਰ ਨਿਕਲਣਗੇ। ਇਹ ਬਹੁਤ ਸਫਲ ਕਾਨਫਰੰਸ ਸੀ। ਇਹ ਗਲ ਸਭ ਮੰਨਦੇ ਸਨ। ★

(ਸਫਾ ੨੫ ਦੀ ਬਾਕੀ)

ਅੰਤਹਕਰਣ ਪਿਗਲ ਪਿਆ। ਜੇ ਤੁਸੀਂ ਇਸ ਭਾਵਨਾ ਕਦਰ ਕਰ ਸਕੇ ਤਾਂ ਮੈਂ ਤੁਹਾਡੀ ਦੇਸ਼ ਭਗਤੀ ਪਰਖਾਂਟ- "ਕੀ ਦੇਸ਼ ਭਗਤੀ ਦਾ ਅਰਥ ਰੋਟੀ ਹੈ? ਦੇਸ਼ ਦੀ ਇ ਮਹਾਨ ਨਦੀ ਨੂੰ ਦੇਖ ਕੇ ਜੇ ਇਹ ਭਾਵਨਾ ਮਨ ਵਿ ਜਾਗਦੀ ਹੈ ਕਿ ਆਪਣੀ ਸਾਰੀ ਸੰਪਤੀ ਇਸ ਵਿਚ ਦਿਆਂ, ਉਸ ਦੇ ਚਰਨਾਂ ਵਿਚ ਅਰਪਨ ਕਰ ਦਿਆਂ, ਤਾਂ ਇ ਕੇਡੀ ਵੱਡੀ ਦੇਸ਼ ਭਗਤੀ ਹੈ? ਉਹ ਸਾਰੀ ਧਨ-ਦੌਲਤ, ਇ ਸਭ ਹਰੇ-ਪੀਲੇ ਪੱਲਰੇ ਕੀੜਿਆਂ ਦੀ ਗੰਦਗੀ ਤੋਂ ਬਣੇ ਮੋ ਤੇ ਕੋਲੇ ਤੋਂ ਬਣੇ ਹੀਰੇ ਇਨ੍ਹਾਂ ਸਭਨਾਂ ਦੀ ਕੀਮਤ ਪਾ ਵਿਚ ਡਬੋ ਦੇਣ ਦੇ ਲਾਇਕ ਹੀ ਹੈ। ਪਰਮੇਸ਼ਰ ਦੇ ਚਰ ਦੇ ਅੱਗੇ ਇਹ ਸਭ ਧੂਲ ਤੁੱਛ ਸਮਝੋ। ਤੁਸੀਂ ਕਹੋਗੇ ਠ ਛਾ ਅਤੇ ਪਰਮੇਸ਼ਰ ਦੇ ਚਰਨਾਂ ਦਾ ਕੀ ਸਬੰਧ? ਤੁਹਾ ਸਰਿਸ਼ਟੀ ਵਿਚ ਪਰਮਾਤਮਾ ਦਾ ਕੁਝ ਸਬੰਧ ਹੈ? ਨਦੀ ਔਕਸੀਜਨ ਹੈ, ਹਾਈਡਰੋਜਨ ਹੈ। ਸੂਰਜ ਹੈ, ਗੈਸ ਦੀ ਬੱ ਦਾ ਇਕ ਵੱਡਾ ਸਾਰਾ ਨਮੂਨਾ। ਉਸ ਨੂੰ ਨਮਸਕਾਰ ਕਰੀਏ ਨਮਸਕਾਰ ਕਰਨੀ ਹੋਵੇਗੀ ਕੇਵਲ ਆਪ ਦੀ ਰੋਟੀ ਨੂੰ। ਫੇ ਉਸ ਰੋਟੀ ਵਿਚ ਵੀ ਭਲਾ ਕੀ ਹੈ। ਉਹ ਵੀ ਤਾਂ ਆਖ ਇਕ ਚਿੱਟੀ ਮਿੱਟੀ ਹੀ ਹੈ। ਉਸ ਲਈ ਕਿਉਂ ਇੰਨੀ ਰਾਲ ਟਪਕਾਉਂਦੇ ਹੋ? ਇਡਾ ਵੱਡਾ ਇਹ ਸੂਰਜ ਚੜ੍ਹਿਆ ਹੈ ਅਜਿਹੀ ਇਹ ਸੁੰਦਰ ਨਦੀ ਬਹਿ ਰਹੀ ਹੈ—ਇਨ੍ਹਾਂ ਵਿਚ ਜੇ ਪਰਮੇਸ਼ਰ ਦਾ ਅਨੁਭਵ ਨਹੀਂ ਹੋਵੇਗਾ ਤਾਂ ਫੇਰ ਹੋਵੇਗਾ ਕਿਥੇ? ਅੰਗਰੇਜ਼ ਕਵੀ ਵਰਡਜ਼ਵਰਥ ਬੜੇ ਦੁਖ ਨਾਲ ਕਹਿੰਦਾ ਹੈ—"ਪਹਿਲਾਂ ਜਦ ਮੈਂ ਸਤਰੰਗੀ ਪੀਂਘ ਦੇਖਦਾ ਸਾਂ, ਤਾਂ ਮੈਂ ਨੱਚ ਉਠਦਾ ਸਾਂ। ਮਨ ਹੁਲਾਰੇ ਲੈਣ ਲੱਗ ਜਾਂਦਾ ਸੀ। ਪਰ ਅੱਜ ਮੈਂ ਕਿਉਂ ਨਹੀਂ ਨੱਚ ਉਠਦਾ? ਪਹਿਲਾਂ ਦੀ ਜੀਵਨ ਮਿਠਾਸ ਗੁਆ ਕੇ ਕਿਤੇ ਮੈਂ ਪੱਥਰ ਤਾਂ ਨਹੀਂ ਹੋ ਗਿਆ?

ਭਾਵ ਇਹ ਕਿ ਸਕਾਮ ਭਗਤੀ ਜਾਂ ਗਵਾਰ ਮਨੁੱਖ ਦੀ ਭਾਵਨਾ ਦੀ ਵੀ ਬੜੀ ਮਹੱਤਤਾ ਹੈ। ਅੰਤ ਵਿਚ ਇਸ ਤੋਂ ਮਹਾਨ ਸਮਰਥਾ ਪੈਦਾ ਹੁੰਦੀ ਹੈ। ਸਰੀਰਧਾਰੀ ਕੋਈ ਵੀ ਤੇ ਕਿਹੋ ਜਿਹਾ ਹੀ ਹੋਵੇ, ਉਹ ਜਦ ਇਕ ਵੇਰਾਂ ਪਰਮੇਸ਼ਰ ਦੇ ਦਰਬਾਰ ਵਿਚ ਆ ਜਾਂਦਾ ਹੈ ਤਾ ਫਿਰ ਮਾਣਯੋਗ ਹੋ ਜਾਂਦਾ ਹੈ। ਅੱਗ ਵਿਚ ਕਿਸੇ ਵੀ ਲੱਕੜੀ ਨੂੰ ਪਾਓ ਉਹ ਜਲ ਜਾਵੇਗੀ। ਪਰਮੇਸ਼ਰ ਦੀ ਭਗਤੀ ਇਕ ਸ਼ਕਤੀਸ਼ਾਲੀ ਸਾਧਨਾ ਹੈ। ਪਰਮੇਸ਼ਰ ਸਕਾਮ ਭਗਤੀ ਦੀ ਵੀ ਕਦਰ ਕਰੇਗਾ। ਅਗੇ ਚਲ ਕੇ ਉਹ ਭਗਤੀ ਨਿਸ਼ਕਾਮਤਾ ਤੇ ਪੂਰਨਤਾ ਵਲ ਚਲੀ ਜਾਵਗੀ। ★



Sri Satguru Jagjit Singh Ji Elibrary NamdhariElibrary@gmail.com

# ਜੰਮੂ-ਕਸ਼ਮੀਰ ਰਿਆਸਤ ਅੰਦਰ ਪੰਜਾਬੀ ਦਾ ਭਵਿਖ

—ਸੁਰਜੀਤ ਸਿੰਘ "ਰਾਠੀ"

ਜੰਮੂ, ਕਸ਼ਮੀਰ ਤੇ ਲਦਾਖ ਦੇ ਤਿਨ ਵੱਖ ਵੱਖ ਇਲਾਕਿਆਂ ਨੂੰ ਰਾਜਨੀਤਕ ਤੌਰ ਤੇ ਇਕੱਠਾ ਕਰਕੇ ਅਸੀਂ ਇਸ ਲੇਖ ਵਿੱਚ "ਰਿਆਸਤ" ਕਰਕੇ ਦਸਿਆ ਹੈ। ਜਿਵੇਂ ਭੂਗੋਲਕ ਹਾਲਾਤ ਅਨੁਸਾਰ ਜੰਮੂ ਤੇ ਕਸ਼ਮੀਰ ਅੰਦਰ ਗਰਮ ਤੋਂ ਗਰਮ ਤੇ ਸਰਦ ਤੋਂ ਸਰਦ ਕਈ ਇਲਾਕੇ ਮੌਜੂਦ ਹਨ ਇਵੇਂ ਹੀ ਰਿਆਸਤ ਅੰਦਰ ਵੱਖੋ ਵੱਖ ਬੋਲੀਆਂ ਭੀ ਬੋਲੀਆਂ ਜਾਂਦੀਆਂ ਹਨ। ਉਹਨਾਂ ਦੀ ਵਿਲਖਣਤਾ ਸੱਪਸ਼ਟ ਤੇ ਲਿਗਦੀ ਹੈ। ਇਹਨਾਂ ਬੋਲੀਆਂ ਦੀ ਗਿਣਤੀ ਰਿਆਸਤੀ ਨਰਾਲੀ ਦੇ ਚੌਥੇ ਸ਼ਡੂਲ ਵਿਚ ਸੱਤ ਕਰਕੇ ਮੰਨੀ ਗਈ ਹੈ ਤੇ ਇਹ ਬੋਲੀਆਂ ਹਨ :—ਲਦਾਖੀ, ਬਲਤੀ, ਦਾਦਰੀ, ਪਹਾੜੀ, ਕਸ਼ਮੀਰੀ, ਪੰਜਾਬੀ ਤੇ ਡੋਗਰੀ। ਇਹਨਾਂ ਸੱਤਾਂ ਬੋਲੀਆਂ ਵਿਚੋਂ ਕੇਵਲ ਦੋ, ਕਸ਼ਮੀਰੀ ਤੇ ਪੰਜਾਬੀ ਨੂੰ ਹੀ ਭਾਰਤੀ ਵਿਧਾਨ ਦੇ ਅਠਵੇਂ ਸ਼ਡੂਲ ਵਿੱਚ ਇਲਾਕਾਈ ਬੋਲੀਆਂ ਦੇ ਤੌਰ ਤੇ ਪ੍ਰਵਾਨ ਕੀਤਾ ਗਿਆ ਹੈ। ਜਿਦਦਾ ਭਾਵ ਇਹ ਹੋਇਆ ਕਿ ਕਸ਼ਮੀਰੀ ਤੇ ਪੰਜਾਬੀ ਤੋਂ ਬਿਨਾ ਰਿਆਸਤ ਦੀਆਂ ਬਾਕੀ ਦੀਆਂ ਪੰਜ ਬੋਲੀਆਂ ਦਾ ਦਰਜਾ ਭਾਰਤੀ ਵਿਧਾਨ ਅਨੁਸਾਰ ਉਹ ਨਹੀਂ ਜੋ ਕਸ਼ਮੀਰੀ ਤੇ ਪੰਜਾਬੀ ਦਾ ਹੈ। ਇਥੇ ਇਹ ਗਲ ਦਸਨੀ ਜ਼ਰੂਰੀ ਹੈ ਕਿ ਉਰਦੂ ਤੇ ਹਿੰਦੀ ਜੰਮੂ ਕਸ਼ਮੀਰ ਦੀਆਂ ਇਲਾਕਾਈ ਬੋਲੀਆਂ ਨਹੀਂ। ਜਿਥੇ ਇਹ ਗਲ ਭਾਰਤੀ ਤੇ ਕਸ਼ਮੀਰੀ ਵਿਧਾਨ ਅਨੁਸਾਰ ਸਪਸ਼ਟ ਹੈ, ਉਥੇ ਇਸਦੀ ਪੁਸ਼ਟੀ ਪਿਛਲੀਆਂ ਮਰਦਮ-ਸ਼ੁਮਾਰੀਆਂ ਦਿਆਂ ਅੰਕੜਿਆਂ ਤੋਂ ਭੀ ਸਾਫ ਹੁੰਦੀ ਹੈ। ਹੁਣ ਦੀ ਹੋਈ ਮਰਦਮਸ਼ੁਮਾਰੀ ਅਨੁਸਾਰ, ਕੁਲ ਤਿਨ ਚਾਰ ਫ਼ੀ ਸਦੀ ਲੋਕਾਂ ਨੇ ਹੀ ਰਿਆਸ਼ਤ ਅੰਦਰ ਆਪਨੀ ਮਾਤ ਬੋਲੀ ਜਾਂ ਇਲਾਕਾਈ ਬੋਲੀ ਹਿੰਦੀ ਜਾਂ ਉਰਦੂ ਦਸਿਆ ਹੈ ਤੇ ਮੰਨਿਆ ਹੈ। ਪਰ ਹਿੰਦੀ ਰਾਸ਼ਟਰ ਭਾਸ਼ਾ ਦੇ ਤੌਰ ਉਤੇ ਤੇ ਉਰਦੂ ਰਿਆਸਤ ਦੀ ਦਫਤਰੀ ਬੋਲੀ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। ਤੇ ਅਪਨਾਈ ਗਈ ਹੈ।

ਰਿਆਸਤੀ ਸਤਾਂ ਬੋਲੀਆਂ ਵਿਚੋਂ ਕੇਵਲ ਪੰਜਾਬੀ ਹੀ ਇਕ ਐਸੀ ਇਲਾਕਾਈ ਬੋਲੀ ਹੈ ਜਿਸ ਦੀ ਆਪਣੀ ਲਿਪੀ ਹੈ। ਪੰਜਾਬੀ ਰਿਆਸਤ ਅੰਦਰ ੧੯੩੦ ਤੋਂ ਭੀ ਪਹਿਲੇ ਸਕੂਲਾਂ ਕਾਲਜਾਂ ਅੰਦਰ ਪੜ੍ਹਾਈ ਜਾਂਦੀ ਸੀ। ਅਜ਼ਾਦੀ ਉਪਰੰਤ ਜਦ ਜੰਮੂ ਕਸ਼ਮੀਰ ਅੰਦਰ ਦੋ ਵੱਖੋ ਵੱਖ ਯੂਨੀਵਰਸਟੀਆਂ ਚਾਲੂ ਹੋਈਆਂ, ਪੰਜਾਬੀ ਇਹਨਾਂ ਦੋਵੇਂ ਯੂਨੀਵਰਸਟੀਆਂ ਅੰਦਰ ਇਲਾਕਾਈ ਬੋਲੀ ਦੇ ਤੌਰ ਤੇ ਸਵੀਕਾਰੀ ਗਈ ਤੇ ਹੁਣ ਤਾਂ ਇਸਦਾ ਪਧਰ ਉਚਾ ਚੁਕ ਕੇ ਇਸ ਨੂੰ ਰੀਸੱਰਚ ਸਟੇਜ ਦੀ ਬੋਲੀ ਮੰਨ ਲਿਆ ਗਿਆ ਹੈ ਤੇ ਜੰਮੂ ਯੂਨੀਵਰਸਟੀ ਪੀ: ਐਚ: ਡੀ ਦੀਆਂ ਡਿਗਰੀਆਂ ਦੇ ਰਹੀ ਹੈ ਤੇ ਹੋਰ ਵਧੇਰੇ ਸਾਧਨ ਕੀਤੇ ਜਾ ਰਹੇ ਹਨ। ਜੇ ਇਸ ਸਬੰਧ ਵਿਚ ਰਿਆਸਤ ਦੀਆਂ ਬਾਕੀ ਦੀਆਂ ਛੇ ਬੋਲੀਆਂ ਤੇ ਨਜ਼ਰ ਮਾਰੀਏ ਤਾਂ ਉਹ ਇਸ ਖੇਤਰ ਵਿਚ ਪੰਜਾਬੀ ਤੋਂ ਬਹੁਤ ਪਿਛੇ ਹਨ। ਉਹਨਾਂ ਵਿਚੋਂ ਕਿਸੇ ਇਕ ਦੀ ਭੀ ਆਪਣੀ ਸੁਤੰਤ੍ਰ ਲਿਪੀ ਨਹੀਂ। ਕਸ਼ਮੀਰੀ ਤੇ ਡੋਗਰੀ ਦੀਆਂ ਆਪਣੀਆਂ ਲਿਪੀਆਂ ਕਿਸੇ ਨਾ ਕਿਸੇ ਸ਼ਕਲ ਵਿੱਚ ਮੌਜੂਦ ਸਨ ਤੇ ਪ੍ਰਚਲਤ ਸਨ ਪਰ ੧੯੪੭ ਤੋਂ ਪਿਛੋਂ ਕੁਝ ਜਨੂਨੀ ਕਾਰਨਾਂ ਕਰਕੇ ਤੇ ਕੁਝ ਹੀਣਤਾ ਦੀ ਭਾਵਨਾ ਕਰਕੇ ਉਹਨਾਂ ਪੁਰਾਤਨ ਲਿਪੀਆਂ ਨੂੰ ਖਤਮ ਕਰ ਦਿਤਾ ਗਿਆ ਹੈ। ਡੋਗਰੀ ਨੂੰ ਦੇਵ ਨਾਗਰੀ ਲਿਪੀ ਵਿੱਚ ਲਿਖਿਆ ਜਾਣ ਲਗ ਪਿਆ ਹੈ ਤੇ ਕਸ਼ਮੀਰੀ ਲਈ ਭੀ ਫਾਰਸੀ ਲਿਪੀ ਨੂੰ ਵਿਗਾੜ ਵਗੜ ਕੇ ਕੁਝ ਮਿਲ ਗੋਭਾ ਜਿਹਾ ਬਨਾ ਲਿਆ ਗਿਆ ਹੈ। ਪਰ ਇਹ ਗਲ ਮੰਨਣੀ ਪਵੇਗੀ ਕਿ ਐਸਾ ਕਰਨ ਨਾਲ ਡੋਗਰੀ ਤੇ ਕਸ਼ਮੀਰੀ ਦੀ ਕੁਦਰਤੀ ਸੁੰਦਰਤਾ ਕੋਝੀ ਕਰ ਦਿਤੀ ਗਈ ਹੈ ਤੇ ਉਸ ਨੂੰ ਓਪਰਾ ਤੇ ਅਢੁਕਵਾਂ ਪ੍ਰਦੇਸੀ ਪਹਿਰਾਵਾ ਪਹਿਨਾਇਆ ਗਿਆ ਹੈ ਜੋ ਇਹਨਾਂ ਬੋਲੀਆਂ ਨੂੰ ਜਚਿਆ ਤੇ ਸ਼ੋਭਿਆ ਨਹੀਂ। ਇਹਨਾਂ ਨਵ-ਅਪਣਾਈਆਂ ਲਿਪੀਆਂ ਵਿੱਚ ਭਾਵੇਂ ਕਲਚਰਲ ਅਕੈਡਮੀ ਵਲੋਂ ਕਾਫੀ ਖਰਚ ਕਰਕੇ ਲਿਟਰੇਚਰ ਪ੍ਰਕਾਸ਼ਤ ਕੀਤਾ ਗਿਆ ਹੈ, ਪਰ ਉਸ ਨੂੰ ਕਿਸੇ ਖਰੀਦਿਆ ਨਹੀਂ ਤੇ ਪਤਾ ਚਲਿਆ ਹੈ ਕਿ ਉਹ ਸਟੋਰਾਂ ਵਿੱਚ ਮੌਜੂਦ ਪਿਆ ਹੈ। ਪੰਜਾਬੀ ਦੀ ਇਹ ਹਾਲਤ



Sri Satguru Jagjit Singh Ji Elibrary NamdhariElibrary@gmail.com

ਨਹੀਂ : ਕਿਉਂਕਿ ਉਸਦੀ ਆਪਣੀ ਲਿਪੀ ਹੈ। ਮੁਕਾਬਲਾ ਕਰਕੇ ਜੇ ਵੇਖਿਆ ਜਾਵੇ ਤਾਂ ਜੋ ਲਿਟਰੇਚਰ ਪੰਜਾਬੀ ਅੰਦਰ ਛਪਿਆ ਹੈ ਜਾਂ ਛਾਪਿਆ ਜਾ ਰਿਹਾ ਹੈ ਉਹ ਮਾਰਕੀਟ ਅੰਦਰ ਵਿਕਿਆ ਭੀ ਹੈ ਤੇ ਪ੍ਰਵਾਣ ਭੀ ਚੜ੍ਹਿਆ ਹੈ। ਇਥੇ ਇਸ ਵਿਆਖਿਆ ਦੀ ਇਸ ਲਈ ਰਾਮ ਕਹਾਣੀ ਛੇੜੀ ਹੈ ਕਿ ਇਹ ਦਸਿਆ ਜਾ ਸਕੇ ਕਿ ਰਿਆਸਤ ਦੀਆਂ ਸੱਤਾਂ ਇਲਾਕਾਈ ਬੋਲੀਆਂ ਵਿਚੋਂ ਪੰਜਾਬੀ ਦਾ ਪਧਰ ਸਭਨੀਆਂ ਨਾਲੋਂ ਸਿਰ ਕਢਵਾ ਤੇ ਉਚੇਰਾ ਹੈ ਤੇ ਇਸ ਨੂੰ ਹਕੂਮਤ ਵਲੋਂ ਭੀ ਅਜ ਤਕ ਸਦਭਾਵਨਾਂ ਦੀ ਪ੍ਰਾਪਤੀ ਰਹੀ ਹੈ।

ਪਰ ਪਿਛਲੇ ਦੋ ਤਿਨ ਸਾਲਾਂ ਤੋਂ ਰਿਆਸਤ ਅੰਦਰ ਪੰਜਾਬੀ ਦੀ ਇਸ ਹੈਸੀਅਤ ਨੂੰ ਧੱਕਾ ਲਗਾ ਹੈ। ਰਿਆਸਤੀ ਸਰਕਾਰ ਨੇ ਕਸ਼ਮੀਰ ਅੰਦਰ ਤਿਨ ਭਾਸ਼ਾਈ ਫਾਰਮੂਲੇ ਅਨੁਸਾਰ ਉਰਦੂ ਨੂੰ ਇਥੇ ਦੀ ਦਫਤਰੀ ਜ਼ਬਾਨ ਦੇ ਤੌਰ ਤੇ ਅਪਣਾਇਆ ਹੋਇਆ ਹੈ। ਹਾਲਾਂ ਕਿ ਨਾ ਤੇ ਉਰਦੂ ਰਾਸ਼ਟ੍ਰੀ ਭਾਸ਼ਾ ਹੈ ਤੇ ਨਾ ਹੀ ਰਿਆਸਤ ਜੰਮੂ ਕਸ਼ਮੀਰ ਦੀ ਇਲਾਕਾਈ ਬੋਲੀ। ਇਸ ਦਾ ਕਾਰਨ ਸਾਫ ਹੈ, ਕਿਉਂਕਿ ਕਸ਼ਮੀਰ ਦੀ ਬਹੁਸੰਮਤੀ ਦੀ ਆਬਾਦੀ ਉਰਦੂ ਨੂੰ ਕੁਝ ਵਿਸ਼ੇਸ਼ ਜਜ਼ਬਾਤ ਦੇ ਤੌਰ ਤੇ ਦਫਤਰੀ ਜ਼ਬਾਨ ਹਮੇਸ਼ਾ ਲਈ ਬਨਾਈ ਰਖਨਾ ਚਾਹੁੰਦੀ ਹੈ। ਜੋ ਰਾਸ਼ਟ੍ਰੀ ਤੌਰ ਤੇ ਆਪਨਾਏ ਗਏ ਤਿਨ ਭਾਸ਼ਾਈ ਫਾਰਮੂਲੇ ਦੇ ਉਲਟ ਅਰਥਾਤ ਵਿਰੁਧ ਹੈ। ਐਸਾ ਕਰਨ ਨਾਲ ਪੰਜਾਬੀ ਬੋਲੀ ਸਕੂਲਾਂ ਅੰਦਰ ਤੱਦ ਹੀ ਪੜ੍ਹਾਈ ਜਾ ਸਕੇਗੀ ਜਦ ਤਿਨ ਭਾਸ਼ਾਵਾਂ ਦੀ ਥਾਂ ਚਾਰ ਭਾਸ਼ਾਵਾਂ ਦਾ ਫਾਰਮੂਲਾ ਰਿਆਸਤ ਅੰਦਰ ਲਾਗੂ ਕੀਤਾ ਜਾਵੇ। ਇਸ ਨਵੇਂ ਆਰਡਰ ਅਨੁਸਾਰ ਰਿਆਸਤ ਦੀਆਂ ਸੱਤਾਂ ਬੋਲੀਆਂ ਵਿਚੋਂ ਕਿਸੇ ਇਕ ਨੂੰ ਭੀ ਸਕੂਲਾਂ ਅੰਦਰ ਬਾਕਾਇਦਗੀ ਨਾਲ ਪਹਿਲੀ ਸ਼੍ਰੇਣੀ ਤੋਂ ਦਸਵੀਂ ਸ਼੍ਰੇਣੀ ਤਕ ਪੜ੍ਹਾਉਣ ਦੀ ਗੁੰਜਾਇਸ਼ ਹੋਵੇ। ਸਕੂਲਾਂ ਅੰਦਰ ਹੁਣ ਪੰਜਾਬੀ ਲਈ ਤਿਨ ਭਾਸ਼ਾਈ ਫਾਰਮੂਲਾ ਲਾਗੂ ਹੋਣ ਉਪਰੰਤ ਟਾਈਮ ਟੇਬਲ ਐਡਜੈਸਟ ਨਹੀਂ ਹੋ ਰਿਹਾ। ਐਸਾ ਹੋਣ ਨਾਲ ਜਿਥੇ ਕਸ਼ਮੀਰੀ ਤੇ ਡੋਗਰੀ ਨੂੰ ਭੀ ਸਖਤ ਧਕਾ ਲਗਾ ਹੈ ਪਰ ਨਾਂ ਕਸ਼ਮੀਰੀ ਵਾਲੇ ਤੇ ਨਾ ਹੀ ਡੋਗਰੀ ਵਾਲੇ ਇਸ ਬਾਰੇ ਕੁਝ ਕਹਿਣ ਤੇ ਕਰਨ ਨੂੰ ਤਿਆਰ ਦਿਸਦੇ ਹਨ। ਉਹ ਕਿਉਂ ? ਇਸ ਲਈ ਕਿ ਡੋਗਰੀ ਬੋਲਣ ਵਾਲੇ ਇਸ ਲਈ ਚੁਪ ਹਨ, ਕਿ ਚਲੋ ਕਸ਼ਮੀਰੀਆ ਨੂੰ ਭੀ ਹਿੰਦੀ ਜਰੂਰੀ ਪੜ੍ਹਨੀ ਪਵੇਗੀ ਤੇ ਕਸ਼ਮੀਰੀਆਂ ਦੀ ਤੱਸਲੀ ਇਸ ਨਾਲ ਹੋ ਜਾਂਦੀ ਹੈ ਕਿ ਦਲੋ ਜੰਮੂ ਵਾਲੇ ਭੀ ਤਾਂ ਉਰਦੂ ਜਰੂਰੀ ਪੜ੍ਹਨਗੇ। ਇਸ ਤਰ੍ਹਾਂ ਉਹਨਾਂ ਦੋਹਾਂ ਦੀ ਸੋਚ ਇਲਾਕਾਈ ਬੋਲੀਆਂ ਦੇ ਦਰਜੇ ਤੋਂ ਹੇਠਾਂ ਉਤਰ ਕੇ ਕੁਝ ਧਾਰਮਕ ਜਜ਼ਬਾਤਾਂ ਵਿੱਚ ਘੁਸਰ ਮੁਸਰ ਹੋ ਜਾਂਦੀ ਹੈ ਤੇ ਅਲੋਪ ਹੋਈ ਦਿਸ ਰਹੀ ਹੈ। ਪਰ ਸਭ ਤੋਂ ਵਧ ਘਾਟਾ ਇਸ ਨਵੇ ਤਿਨ ਭਾਸ਼ਾਈ ਆਰਡਰ ਨਾਲ ਪੰਜਾਬੀ ਬੋਲੀ ਨੂੰ ਪਿਆ ਹੈ। ਪੰਜਾਬੀ ਜਿਸ ਨੇ ਉਨਤੀ ਦੇ ਸਾਰੇ ਸਿਖਰ ਰਿਆਸਤ ਅੰਦਰ ਛੂਹ ਲਏ ਸਨ। ਉਸਦੀਆਂ ਹੁਣ ਲਤਾਂ ਬਾਹਾਂ ਵੱਢੀਆਂ ਜਾ ਰਹੀਆਂ ਹਨ।

ਭਾਵੇਂ ਵਿਧਾਨ ਦੇ ਸ਼ਡੂਲ ਕੁਝ ਦਸਣ ਪਰ ਇਕ ਗਲ ਸਪਸ਼ਟ ਹੈ ਕਿ ਰਿਆਸਤ ਅੰਦਰ ਪੰਜਾਬੀ ਤੇ ਕਸ਼ਮੀਰੀ ਤੋਂ ਬਿਨਾਂ ਹੋਰ ਕੋਈ ਸੁਤੰਤਰ ਪਧਰ ਦੀ ਬੋਲੀ ਨਹੀਂ। ਉਹ ਕੇਵਲ ਉਪ ਬੋਲੀਆਂ ਹੁੰਦੀਆਂ ਹਨ। ਇਹ ਉਪ ਬੋਲੀਆਂ ਜੇ ਅਪਣੀ ਵਖਰੀ ਵਖਰੀ ਲਿਪੀ, ਅਪਨਾ ਨਿਆਰਾ ਤੇ ਨਿਖੜਵਾਂ ਮੂੰਹ ਮੁਹਾਂਦਰਾ ਸਾਹਿਤਕ ਖੇਤਰ ਅੰਦਰ ਬਨਾ ਲੈਣ ਤਾਂ ਉਹ ਮੁਕੰਮਲ ਬੋਲੀਆਂ ਬਣ ਸਕਦੀਆਂ ਹਨ ਤੇ ਅਖਵਾ ਸਕਦੀਆਂ ਹਨ। ਪਰ ਰਿਆਸਤ ਦੀ ਕੋਈ ਉਪ ਬੋਲੀ ਭੀ ਐਸਾ ਨਹੀਂ ਕਰ ਸਕੀ ਸਗੋਂ ਪਿਤਾ ਪਿਤਾਮਿਆਂ ਵਲੋਂ ਦਿਤੀਆਂ ਲਿਪੀਆਂ ਦਾ ਭੀ ਕੀਰਤਨ ਸੋਹਿਲਾ ਪੜ੍ਹ ਦਿਤਾ ਹੈ।

ਸਕੂਲਾਂ ਕਾਲਜਾਂ ਯੂਨੀਵਰਸਟੀਆਂ ਤੋਂ ਇਲਾਵਾ ਪ੍ਰੈਸ ਰੇਡੀਓ, ਥੇਏਟਰ, ਸਾਹਿਤਕ ਰਚਨਾ ਆਦਿ ਕਿਸੇ ਭੀ ਬੋਲੀ ਦੀ ਉਨਤੀ ਲਈ ਉਚ ਪਧਰੇ ਸਾਧਨ ਹੁੰਦੇ ਹਨ। ਜੋ ਕਸ਼ਮੀਰ ਅੰਦਰ ਪੰਜਾਬੀ ਲਈ ਭੀ ਪ੍ਰਯਤਨ ਸ਼ੀਲ ਹਨ। ਰਿਆਸਤ ਦੇ ਰੇਡੀਓ ਸਟੇਸ਼ਨਾਂ ਨੇ ਪੰਜਾਬੀ ਨਾਲ ਕਾਫੀ ਧਕਾ ਕੀਤਾ ਹੈ, ਪਰ ਪੰਜਾਬੀ ਬ੍ਰਾਡਕਾਸਟਿੰਗ ਦੀ ਇਸ ਘਾਟ ਨੂੰ ਦੂਜੇ ਰੇਡੀਓ ਸਟੇਸ਼ਨਾਂ ਨੇ ਜਿਨ੍ਹਾਂ ਵਿਚ ਪਾਕਿਸਤਾਨ ਦੇ ਰੇਡੀਓ ਭੀ ਹਨ ਕੁਝ ਹਦ ਤਕ ਪੂਰਾ ਕੀਤਾ ਹੈ। ਅਸੀਂ ਵੇਖਿਆ ਹੈ ਕਿ ਭਾਵੇਂ ਪਾਕਸਤਾਨ ਸਾਡੇ ਵਿਰੁਧ ਰੇਡੀਓ ਤੇ ਪ੍ਰਚਾਰ ਕਰਦਾ ਹੈ ਪਰ ਚੂੰਕਿ ਉਹ ਪ੍ਰਚਾਰ ਪੰਜਾਬੀ ਬੋਲੀ ਵਿੱਚ ਹੁੰਦਾ ਹੈ ਤੇ ਉਸ ਦੇ ਨਾਲ ਨਾਲ



Sri Satguru Jagjit Singh Ji Elibrary NamdhariElibrary@gmail.com

ਪੰਜਾਬੀਆਂ ਦੀ ਸਾਧਾਰਨ ਜਨਤਕ ਸਾਹਿਤਕ ਭੁਖ ਨੂੰ ਖੁਰਾਕ ਦਿੰਦਾ ਹੈ ਇਸ ਲਈ ਰਿਆਸਤ ਦੇ ਸੱਠ ਫੀ ਸਦੀ ਲੋਕ ਜੋ ਨਿਰੋਲ ਪੰਜਾਬੀ ਜਾਂ ਪੰਜਾਬੀ ਦੀਆਂ ਉਪ ਭਾਸ਼ਾਵਾਂ ਬੋਲਦੇ ਹਨ ਤੇ ਨਬੇ ਫੀ ਸਦੀ ਪੰਜਾਬੀ ਦੇ ਹਰ ਲਬੋ-ਲਹਿਜਾ ਨੂੰ ਸਮਝਦੇ ਹਨ, ਉਹ ਬਦੋ ਬਦੀ ਪਾਕਿਸਤਾਨ ਦੇ ਰੇਡੀਉ ਨੂੰ ਸੁਣਨ ਲਈ ਮਜ਼ਬੂਰ ਹੋ ਜਾਂਦੇ ਹਨ। ਕਿਉਂਕਿ ਉਹਨਾਂ ਸਰੋਤਿਆਂ ਨੂੰ ਜੰਮੂ ਤੇ ਸ੍ਰੀਨਗਰ ਦੇ ਰੇਡੀਉ ਸਟੇਸ਼ਨਾਂ ਤੋਂ ਪੰਜਾਬੀ ਵਿਚ ਕੁਝ ਤੱਸਲੀ ਦੇਣ ਵਾਲਾ ਪ੍ਰੋਗਰਾਮ ਪ੍ਰਾਪਤ ਨਹੀਂ ਹੋ ਰਿਹਾ ਹੁੰਦਾ। ਕਿਸੇ ਭੀ ਬੋਲੀ ਦਾ ਪਧਰ ਖੇਤਰ ਤੇ ਭਵਿਖ ਉਸ ਦੇ ਵਸਣ ਵਾਲੇ ਲੋਕਾਂ ਜਾਂ ਉਥੇ ਦੀ ਆਵਾ ਜਾਈ ਵਿੱਚ ਲਗਾਤਾਰ ਜੁੜੇ ਰਹਿਣ ਵਾਲਿਆਂ ਦੀ ਬੋਲ-ਚਾਲ ਤੋਂ ਪਤਾ ਲਗਦਾ ਹੈ। ਅਸੀਂ ਜੇ ਧਿਆਨ ਨਾਲ ਵੇਖੀਏ ਸੁਣੀਏ ਤੇ ਧਿਆਨ ਦੇਈਏ ਤਾਂ ਸਾਫ ਦਿਸ ਪਵੇਗਾ ਕਿ ਸੂਬਾ ਜੰਮੂ ਅੰਦਰ ਕਠੂਏ ਤੋਂ ਲੈ ਕੇ ਪੁਣਛ ਤਕ ਸਾਰੇ ਲੋਕ ਪੰਜਾਬੀ ਬੋਲਦੇ ਹਨ। ਕਸ਼ਮੀਰ ਅੰਦਰ ਉੜੀ, ਕਰਨਾਲ ਗਾਂਦਰਬਲ, ਕੁਕੜਨਾਗ ਤੇ ਅਮਰ ਨਾਥ ਦੀਆਂ ਪਹਾੜੀਆਂ ਤੇ ਚੋਟੀਆਂ ਤਕ ਪੰਜਾਬੀ ਬੋਲੀ ਜਾਂਦੀ ਹੈ ਤੇ ਉਸ ਦੇ ਗੀਤ ਗਾਏ ਜਾਂਦੇ ਹਨ। ਹਾਂ ਜੰਮੂ ਦੀਆਂ ਕੁਝ ਕੰਢੀਆਂ ਵਿੱਚ ਡੋਗਰੀ ਜ਼ਰੂਰ ਬੋਲੀ ਜਾਂਦੀ ਹੈ। ਰੇਲਵੇ ਦੇ ਜੰਮੂ ਪੁਜਣ ਨਾਲ, ਜੰਮੂ ਅੰਦਰ ਪੂਰਾ ਸਾਲ ਲਖਾਂ ਦੀ ਗਿਣਤੀ ਅੰਦਰ ਵੈਸ਼ਨੂੰ ਦੇਵੀ ਦੀ ਯਾਤਰਾ ਲਈ ਪੰਜਾਬੀਆਂ ਦੀ ਆਵਾ ਜਾਈ, ਪੰਜਾਬ ਨਾਲ ਖੁਲੀ ਰਿਸ਼ਤੇਦਾਰੀ, ਕਾਰੋਬਾਰ, ਲਕੜੀ, ਇਟ, ਲੋਹਾ ਮਸ਼ੀਨਰੀ ਦੇ ਪੰਜਾਬੀ ਕਾਰੀਗਰਾਂ ਦਾ ਰਿਆਸਤ ਵਿਚ ਆਉਣਾ ਤੇ ਮਿਲਟਰੀ,ਬੀ-ਐਸ. ਐਫ: ਸੀ. ਆਰ. ਪੀ; ਗਰੇਫ ਤੇ ਦੂਜੇ ਅਣਗਿਣਤ ਮੇਲ ਜੋਲ ਦੇ ਸਾਧਨਾ ਨੂੰ ਜੰਮੂ ਨੂੰ ਹੀ ਨਹੀਂ ਕਸ਼ਮੀਰ ਨੂੰ ਭੀ ਪੰਜਾਬੀ ਬੋਲੀ ਦੇ ਘੇਰੇ ਵਿਚ ਲੈ ਆਂਦਾ ਹੈ। ਕੀ ਅਜ ਕੋਈ ਕਸ਼ਮੀਰ ਜਾਕੇ ਉਥੋਂ ਦੀਆਂ ਬਚੀਆਂ ਬਚਿਆਂ ਦੇ ਪਹਿਰਾਵੇ ਵਿਚ ਤੇ ਪੰਜਾਬ ਦੇ ਪਹਿਰਾਵੇ ਵਿਚ ਫਰਕ ਦੇਖ ਸਕਦਾ ਹੈ। ਅਗਰ ਇਹ ਕਿਹਾ ਜਾਵੇ ਕਿ ਜੰਮੂ ਦੀ ਚੁਸਤ ਡੋਗਰੀ ਸੁਥਣ ਤੇ ਕਸ਼ਮੀਰ ਦੇ ਖੁਲੇ ਡੁਲੇ ਫੇਰਨ ਨੂੰ ਪੰਜਾਬੀ ਕੁਰਤੇ ਤੇ ਸਲਵਾਰ ਦੇ ਪ੍ਰਭਾਵ ਨੇ ਲਾਹ, ਪਰੇ ਸੁਟਿਆ ਹੈ ਤਾਂ ਇਹ ਬਿਲਕੁਲ ਅਤਿ ਕਥਨੀ ਨਹੀਂ ਹੋਵੇਗੀ। ਇੰਜ ਅਸੀਂ ਇਹ ਕਹਿਣ ਵਿਚ ਹਕ ਬਜਾਨਬ ਹੋਵਾਂਗੇ ਕਿ ਜੰਮੂ ਤੇ ਕਸ਼ਮੀਰ ਦੀ ਰਿਆਸਤ ਅੰਦਰ ਪੰਜਾਬੀ ਬੋਲੀ ਦਾ ਹੀ ਨਹੀਂ ਪੰਜਾਬੀ ਦੇ ਸੰਪੂਰਨ ਸਭਿਆਚਾਰ ਦਾ ਰੰਗ ਚੜ੍ਹਿਆ ਹੈ ਤੇ ਦਿਨੋ ਦਿਨੀ ਗੂਹੜਾ ਹੁੰਦਾ ਜਾ ਰਿਹਾ ਹੈ।

ਅਕੈਡਮਿਕ ਤੇ ਸਾਹਿਤਕ ਰਚਣਾ ਦੇ ਖੇਤਰ ਅੰਦਰ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਰਿਆਸਤ ਦੇ ਕਾਫੀ ਲਿਖਾਰੀਆਂ ਨੇ ਸਰਬ ਪੱਖੀ ਖੇਤਰ ਅੰਦਰ ਰਚਨਾਵਾਂ ਕੀਤੀਆਂ ਹਨ ਤੇ ਉਹ ਰਚਨਾਵਾਂ ਕਾਬਲੇ ਫਖਰ ਹੀ ਨਹੀਂ ਪੰਜਾਬ ਦੇ ਟਾਕਰੇ ਉਤੇ ਆਉਣ ਦਾ ਹੀਆ ਭੀ ਕਰਦੀਆਂ ਹਨ। ਪੰਜਾਬ ਦੀਆਂ ਯੂਨੀਵਰਸਟੀਆਂ ਤੇ ਰਚਨਾਤਮਕ ਲੇਖਕ ਸਭਾਵਾਂ ਤੋਂ ਇਹ ਲਿਖਤਾਂ ਇਨਾਮ ਪ੍ਰਾਪਤ ਕਰ ਚੁਕੀਆਂ ਹਨ! ਰਿਆਸਤ ਅੰਦਰ ਸੈਂਕੜੇ ਪ੍ਰੈਸ ਕਿਸੇ ਨਾਂ ਕਿਸੇ ਰੰਗ ਵਿਚ ਪੰਜਾਬੀ ਅੰਦਰ ਛਾਪਨ ਜਾਂ ਪ੍ਰਕਾਸ਼ਤ ਕਰਨ ਦੀ ਸਮਰਥਾ ਰਖਦੇ ਹਨ। ਪੁਸਤਕਾਂ, ਰਸਾਲੇ ਅਖਬਾਰਾਂ ਕਾਰਡ ਵੋਚਰ ਬਿਲ ਪੈਂਫਲਿਟ ਛਾਪਦੇ ਹਨ। ਇਸ ਥੋੜ੍ਹੀ ਜਿਹੀ ਵਿਆਖਿਆ ਅਨੁਸਾਰ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਰਿਆਸਤ ਅੰਦਰ ਪੰਜਾਬੀ ਬੋਲੀ ਦਾ ਬਹੁਤ ਵਡਾ ਖੇਤਰ ਹੈ ਤੇ ਉਸਦੀ ਮਹਤਪੂਰਨ ਹੋਂਦ ਹੈ। ਜੇ ਭਾਰਤ ਦੇ ਵਿਧਾਨ, ਕਸ਼ਮੀਰ ਦੇ ਵਿਧਾਨ ਦੇਸ਼ ਦੇ ਪ੍ਰਵਾਨਤ ਤਿਨ ਭਾਸ਼ਾਈ ਫਾਰਮੂਲੇ ਆਦਿ ਦੀ ਅਸਲੀਅਤ ਜਾਂ ਅਸੂਲ ਦੀ ਗਲ ਲਈਏ ਤਾਂ ਰਿਆਸਤ ਜੰਮੂ ਕਸਮੀਰ ਅੰਦਰ ਰਿਆਸਤ ਦੀ ਦਫਤਰੀ ਬੋਲੀ, ਉਸਦੀ ਕੋਈ ਆਪਣੀ ਸਤਾਂ ਬੋਲੀਆਂ ਵਿਚੋਂ ਕੋਈ ਸਥਾਨਕ ਬੋਲੀ ਹੋਣੀ ਚਾਹੀਦੀ ਹੈ, ਜਿਸ ਦੀ ਆਪਣੀ ਲਿਪੀ ਹੋਵੇ ਤੇ ਅਪਣਾ ਸਭ ਕੁਝ ਹੋਵੇ। ਤੇ ਉਹ ਬੋਲੀ ਮੌਜੂਦਾ ਹਾਲਤ ਵਿਚ ਕੇਵਲ ਪੰਜਾਬੀ ਹੀ ਹੋ ਸਕਦੀ ਹੈ। ਕੋਈ ਇਸ ਹਕੀਕਤ ਨੂੰ ਜੇ ਨਾ ਮੰਨੇ ਤਾਂ ਇਹ, ਉਸ ਨ ਮੰਨਣ ਵਾਲੇ ਦੀ ਸੀਨਾ ਜ਼ੋਰੀ ਤੇ ਸਾਡੀ ਕਮਜ਼ੋਰੀ ਹੀ ਆਖੀ ਜਾ ਸਕੇਗੀ। ਪਰ ਮੈਂ ਇਹ ਭੀ ਇਥੇ ਕਹਿਣਾ ਚਾਹੁੰਦਾ ਹਾ ਕਿ ਕੋਈ ਭਾਵੇਂ ਸੀਨਾ ਜ਼ੋਰੀ ਆਖੀ ਜਾਵੇ ਜਾਂ ਕਮਜ਼ੋਰੀ ਇਸ ਦੀ ਕਿਸੇ ਨੇ ਪ੍ਰਵਾਹ ਨਹੀਂ ਕਰਨੀ। ਪੰਜਾਬੀ ਨੂੰ ਇਹ ਦਰਜਾ ਦੇਣਾਂ ਤਾਂ ਕਿਧਰੇ ਰਿਹਾ ਉਸ ਨੂੰ ਜੋ ਦਰਜਾ ਮਿਲਿਆ ਹੋਇਆ ਸੀ ਉਸ ਨੂੰ ਭੀ ਘਟਾ ਦਿਤਾ ਗਿਆ ਹੈ। ਇਸ ਸਮੇਂ ਤਾਂ ਸਵਾਲ ਇਹ ਪੈਦਾ ਹੋਇਆ ਹੈ ਕਿ ਪੰਜਾਬੀ ਦੇ ਪਹਿਲੇ ਦਰਜੇ ਨੂੰ ਕਿਵੇਂ ਕਸ਼ਮੀਰ ਅੰਦਰ, ਮੁੜ ਬਹਾਲ ਕੀਤਾ ਜਾਵੇ।



Sri Satguru Jagjit Singh Ji Elibrary NamdhariElibrary@gmail.com

ਉਰਦੂ ਨੂੰ ਲਾਜ਼ਮੀ ਦਫਤਰੀ ਬੋਲੀ ਦੇ ਤੌਰ ਤੇ ਜਾਰੀ ਰਖਣ ਲਈ, ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਅਮਲੀ ਤੌਰ ਤੇ ਦੇਣ ਲਈ ਤੇ ਅੰਗ੍ਰੇਜ਼ੀ ਦੀ ਅਹਿਮੀਅਤ ਨੂੰ ਬਣਾਈ ਰਖਣ ਲਈ ਤ੍ਰਿਨ ਭਾਸ਼ਾਈ ਫਾਰਮੂਲਾ ਲਾਗੂ ਕੀਤਾ ਗਿਆ ਹੈ ; ਤੇ ਦਸਿਆ ਗਿਆ ਹੈ ਕਿ ਇਹ ਪੂਰੇ ਰਾਸ਼ਟਰ ਦੀ ਤਾਲੀਮੀ ਪਾਲੀਸੀ ਦੇ ਅਨਕੂਲ ਹੈ। ਜੋ ਕੇ ਦਰੁਸਤ ਨਹੀਂ। ਉਹ ਇਸ ਲਈ ਕਿ ਰਾਸ਼ਟਰ ਦੇ ਤਿਨ ਭਾਸ਼ਾਈ ਪ੍ਰਵਾਨਤ ਫਾਰਮੂਲੇ ਅਨੁਸਾਰ, ਰਿਆਸਤ ਦੀ ਦਫਤਰੀ ਬੋਲੀ ਇਸ ਦੀ ਕੋਈ ਅਪਣੀ ਮੁਕਾਮੀ ਬੋਲੀ ਜਾਂ ਰਿਜਿਨਲ ਬੋਲੀ ਹੋਣੀ ਚਾਹੀਦੀ ਸੀ। ਤੇ ਉਹ ਮੁਕਾਮੀ ਬੋਲੀਆਂ ਰਿਆਸਤ ਦੇ ਛੇਵੇਂ ਸ਼ਡੂਲ ਵਿੱਚ ਪਹਿਲੇ ਹੀ ਸ਼ਾਮਲ ਤਾਂ ਹਨ ਪਰ ਉਹਨਾਂ ਨੂੰ ਉੱਨਤ ਕਰਨ ਲਈ ਰਿਆਸਤ ਆਪਣੇ ਦਿਤੇ ਹੋਏ ਵਾਇਦੇ ਤੇ ਮੁਢਲੇ ਅਧਿਕਾਰ ਬਾਰੇ ਕੁਝ ਕਰ ਨਹੀਂ ਸਕੀ।

ਰਿਆਸਤ ਅੰਦਰ ਪੰਜਾਬੀ ਦਾ ਭਵਿਖ ਹੁਣ ਇਥੇ ਦੀਆਂ ਬਾਕੀ ਦੀਆਂ ਇਲਾਕਾਈ ਬੋਲੀਆਂ ਨਾਲ ਟੰਗ ਦਿਤਾ ਗਿਆਂ ਜਾਂ ਇੰਜ ਆਖੋ ਕੇ ਫਾਹੇ ਲਾ ਦਿਤਾ ਗਿਆ ਹੈ। ਇਸ ਵਲ ਵਿਸ਼ੇਸ਼ ਧਿਆਨ ਦੀ ਲੋੜ ਹੈ।

ਰਿਆਸਤ ਦੇ ਇਸ ਭਾਸ਼ਾਈ ਮਸਲੇ ਦਾ ਹਲ ਜੋ ਹਰ ਪਧਰ ਤੇ ਸਭ ਨੂੰ ਪ੍ਰਵਾਨ ਹੋ ਸਕਦਾ ਹੈ ਜਾਂ ਸੁਖਾਵੇਂ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ ਉਹ ਹੈ ਚਾਰ ਭਾਸ਼ਾਈ ਫਾਰਮੂਲਾ। ਜਿਸ ਅਨੁਸਾਰ ਉਰਦੂ ਹਿੰਦੀ ਤੇ ਅੰਗ੍ਰੇਜ਼ੀ ਤੋਂ ਇਲਾਵਾ ਕੋਈ ਇਕ ਇਲਾਕਾਈ ਬੋਲੀ ਪਹਿਲੀ ਕਲਾਸ ਤੋਂ ਦਸਵੀਂ ਤਕ ਪੜਨੀ ਲਾਜ਼ਮੀ ਕਰਾਰ ਦਿਤੀ ਜਾਵੇ। ਭਾਵੇਂ ਐਸਾ ਕਰਨ ਉਪਰੰਤ ਭੀ ਰਿਆਸਤ ਅੰਦਰ ਪੰਜਾਬੀ ਦਾ ਉਹ ਦਰਜਾ ਮੁੜ ਬਹਾਲ ਨਹੀਂ ਹੁੰਦਾ ਜੋ ਅਜ ਤੋਂ ਚਾਲੀ ਸਾਲ ਪਹਿਲੇ ਤੋਂ ਉਸਨੂੰ ਮਿਲਿਆ ਹੋਇਆ ਸੀ ਤੇ ਜਿਸ ਨੂੰ ਤਿਨ ਸਾਲ ਪਹਿਲੇ ਖਤਮ ਕਰ ਦਿਤਾ ਗਿਆ ਹੈ। ਫਿਰ ਭੀ ਐਸਾ ਹੋਨ ਨਾਲ ਰਿਆਸਤ ਅੰਦਰ ਪੰਜਾਬੀ ਦਾ ਭਵਿਖ ਉਜਲਵਾਂ ਆਸ਼ਾ ਜਨਕ ਤੇ ਸਿਰ ਕਢਵਾਂ ਕਾਇਮ ਰਹਿ ਸਕੇਗਾ। ਐਸਾ ਮੈਂ ਸੋਚਦਾ ਸਮਝਦਾ ਤੇ ਮੰਨਦਾ ਹਾਂ। ਮੈਂ ਇਹ ਭੀ ਮੰਨਦਾ ਹਾਂ ਕਿ ਵਿਦਿਅਕ ਪ੍ਰਨਾਲੀ ਵਿੱਚ ਸਕੂਲ ਪਧਰ ਤਕ ਪੰਜਾਬੀ ਨਾਲ ਜੋ ਧਕਾ ਹੋਇਆ ਹੈ ਉਸ ਤੋਂ ਇਲਾਵਾ ਪੰਜਾਬੀ ਦਾ ਭਵਿਖ ਰਿਆਸਤ ਅੰਦਰ ਉਤਸ਼ਾਹਜਨਕ ਹੈ ਤੇ ਵਿਗਸਤ ਹੋ ਰਿਹਾ ਹੈ। ●

---


With best compliments from :

**UDHEY KNIT WEARS**

LUDHIANA

TOP IN FASHION

**OSTER KNIT**

PURE WOOL

&

CASHMILON PRODUCTS


---






Sri Satguru Jagjit Singh Ji Elibrary NamdhariElibrary@gmail.com

# ਹੰਸਪਾਲ ਯੂ. ਐਨ. ਓ. ਵਿਚ

ਰਾਜ ਸਭਾ ਦੇ ਮੈਂਬਰ ਸ. ਹਰਵਿੰਦਰ ਸਿੰਘ ਹੰਸਪਾਲ ਪਿਛਲੇ ਦਿਨੀਂ ਭਾਰਤੀ ਵਫਦ ਵਿਚ ਸੰਯੁਕਤ ਰਾਸ਼ਟਰ (U.N.O.) ਵਿਚ ਗਏ ਸਨ ਅਤੇ ਲਗਭਗ ਦੋ ਮਹੀਨੇ ਯੂ. ਐਨ. ਓ. ਦੇ ਹੈੱਡ ਕੁਆਰਟਰ ਵਿਚ ਰਹਿ ਕੇ ਕੰਮ ਕਰਦੇ ਰਹੇ ਅਸੈਂਬਲੀ ਵਿਚ ਉਹਨਾਂ ਨਸਲਵਾਦ ਵਿਰੁਧ ਤਕਰੀਰ ਵੀ ਕੀਤੀ। ਉਹ ਪਹਿਲੀ ਵਾਰ ਸਾਰੀ ਦੁਨੀਆਂ ਦੇ ਦੇਸ਼ਾਂ ਦੇ ਇਸ ਇਕੱਠ ਵਿਚ ਗਏ ਸਨ ਇਸ ਵਾਸਤੇ ਉਹਨਾਂ ਦੇ ਤਜਰਬੇ ਜਾਨਣ ਦੀ ਉਤਸੁਕਤਾ ਨਾਲ ਉਹਨਾਂ ਨਾਲ ਸੰਪਾਦਕ ਵਰਿਆਮ ਨੇ ਵਾਰਤਾਲਾਪ ਕੀਤਾ। ਇਸ ਸੰਖੇਪ ਵਾਰਤਾਲਾਪ 'ਚ ਜੋ ਕੁਝ ਉਹਨਾਂ ਦਸਿਆ ਉਸਦਾ ਸਾਰ ਇਥੇ ਦੇ ਰਹੇ ਹਾਂ.........(ਸੰਪਾਦਕ)

—ਯੂ. ਐਨ ਵਿਚ ਕਾਫੀ ਸਮਾਂ ਲਗਣ ਕਰਕੇ ਅਤੇ ਹਰ ਚੀਜ਼, ਤੌਰ ਤਰੀਕਾ ਨਵਾਂ ਹੋਣ ਕਰਕੇ ਕਾਫੀ ਦਿਲ-ਚਸਪ ਰਿਹਾ। ਉਥੇ ਵੱਖ ਵੱਖ ਕਮੇਟੀਆਂ ਹੁੰਦੀਆਂ ਹਨ। ਉਹਨਾਂ ਵਿਚ ਵਖਰੇ ਵਖਰੇ ਵਿਸ਼ਿਆਂ ਤੇ ਬਹਿਸਾਂ ਹੋ ਕੇ ਬਾਦ ਵਿਚ ਮਤਿਆਂ ਦੀ ਸ਼ਕਲ ਵਿਚ ਜਨਰਲ ਅਸੈਂਬਲੀ ਵਿਚ ਪਾਸ ਹੋਣ ਵਾਸਤੇ ਜਾਂਦੇ ਹਨ। ਕਮੇਟੀਆਂ ਵਿਚ ਵੀ ਸਾਰੇ ਇਕ ਸੌ ਸਤਵਿੰਜਾ ਦੇਸ਼ਾਂ ਦੇ ਨੁਮਾਇੰਦੇ ਹੁੰਦੇ ਹਨ। ਮੇਰੇ ਕੋਲ ਵਿਕਾਸ ਅਤੇ ਅੰਤ੍ਰਰਾਸ਼ਟਰੀ ਆਰਥਕ ਮਿਲਵਰਤਨ Development and International Economic Co-operation) ਵਾਲੀ ਕਮੇਟੀ ਸੀ। ਇਕ ਐਮ. ਪੀ. ਇਕ ਕਮੇਟੀ ਵਿਚ ਭਾਰਤ ਦੀ ਨੁਮਾਇੰਦਗੀ ਕਰਦਾ ਹੈ।

ਜਨਰਲ ਅਸੈਂਬਲੀ ਵਿਚ ਸਚੇ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ। ੧੮ਦਸੰਬਰ ੧੯੯੧ ਨੂੰ ਬੋਲਨ ਦਾ ਮੌਕਾ ਮਿਲਿਆ। ਉਸ ਤੋਂ ਪਹਿਲਾਂ ਛੇ-ਸਤ ਵਾਰੀ ਕਮੇਟੀ ਵਿਚ ਬਿਆਨ ਦਿਤੇ ਸਨ।

—ਭਾਰਤ ਨੂੰ ਆਪਣਾ ਦੇਸ਼ ਦਸਦਿਆਂ ਉਸ ਵਲੋਂ ਦੁਨੀਆਂ ਦੇ ਸਾਹਮਣੇ ਇਹ ਆਖਣਾ ਕਿ ਮੇਰਾ ਦੇਸ਼ ਇਹ ਆਖਦਾ ਹੈ ਜਾਂ ਮੇਰੇ ਦੇਸ਼ ਦੀ ਇਹ ਰਾਏ ਹੈ—ਵਖਰ ਵਾਲੀ ਗੱਲ ਲਗਦੀ ਸੀ।

—ਮੈਂ ਇਸ ਦੌਰੇ ਸਮੇਂ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸ. ਗੁਰਦਿਆਲ ਸਿੰਘ ਢਿਲੋਂ ਨੂੰ ਓਟਾਵਾ ਵਿਚ



ਦੱਖਣੀ ਅਫਰੀਕਾ ਦੀ ਨਸਲਵਾਦੀ ਨੀਤੀ ਵਿਰੁਧ ਯੂ. ਐਨ. ਓ ਦੀ ਜਨਰਲ ਅਸੰਬਲੀ ਵਿਚ ਤਕਰੀਰ ਕਰ ਰਹੇ ਸ: ਹੰਸਪਾਲ।



Sri Satguru Jagjit Singh Ji Elibrary NamdhariElibrary@gmail.com

ਮਿਲਣ ਗਿਆ ਗਿਆ ਸੀ। ਵਾਸ਼ਿੰਗਟਨ, ਸ਼ਿਕਾਗੋ ਵੈਨਕੂਵਰ ਆਦਿ ਥਾਵਾਂ ਤੇ ਵੀ ਗਿਆ ਸੀ।

—ਉਥੇ ਖਾਲਿਸਤਾਨ ਦੀ ਗੱਲ ਦਾ ਕਾਫੀ ਚਰਚਾ ਸੀ। ਭਾਵੇਂ ਬਹੁਤ ਭਾਰਤੀ ਅਤੇ ਖਾਸ ਕਰਕੇ ਸਿੱਖ ਇਸ ਦੇ ਹੱਕ ਵਿਚ ਨਹੀਂ। ਪਰ ਦਿਲਚਸਪੀ ਜ਼ਰੂਰ ਰੱਖਦੇ ਹਨ। ਖਬਰਾਂ ਵੀ ਭਾਰਤ ਬਾਰੇ ਉਹਨਾਂ ਨੂੰ ਪੂਰੀਆਂ ਨਹੀਂ ਮਿਲਦੀਆਂ। ਇਸ ਕਰਕੇ ਥੋਹੜੀ ਜਾਣਕਾਰੀ ਜ਼ਿਆਦਾ ਖਤਰਨਾਕ ਹੁੰਦੀ ਹੈ ਵਾਲੀ ਗੱਲ ਅਨੁਸਾਰ ਕੁਝ ਔਖੇ ਬੋਲਦੇ ਹਨ ਅਤੇ ਆਖਦੇ ਸਨ ਕਿ ਭਾਰਤ ਸਰਕਾਰ ਇਵੇਂ ਕਿਉਂ ਨਹੀਂ ਕਰਦੀ। ਸੁਝਾਵ ਵੀ ਬਹੁਤ ਦਿੰਦੇ ਸਨ। ਜਦੋਂ ਸਾਰੀ ਗੱਲ ਦਸਦੇ ਸਾਂ ਤਾਂ ਮੰਨ ਵੀ ਜਾਂਦੇ ਸਨ।

—ਭਾਰਤੀ ਅਖਬਾਰਾਂ ਮਿਲਦੀਆਂ ਸਨ ਪਰ ਦੇਰ ਨਾਲ। ਤਿੰਨ ਚਾਰ ਦਿਨ ਬਾਦ ਖਬਰ ਮਿਲਦੀ ਸੀ।

—ਅਮਰੀਕਨ ਪ੍ਰੈਸ, ਟੀ. ਵੀ. ਤੇ ਰੇਡੀਓ ਹੀ ਭਾਰਤ ਦੇ ਪੂਰੀ ਤਰ੍ਹਾਂ ਵਿਰੁਧ (Hostile) ਹਨ ਇਸ ਕਰਕੇ ਉਥੇ ਰਹਿਣ ਵਾਲਿਆਂ ਤੇ ਅਸਰ ਹੋ ਹੀ ਜਾਂਦਾ ਹੈ ਕਿ ਭਾਰਤੀ ਬਹੁਤ ਗਰੀਬ ਦੇਸ਼ ਹੈ। ਭਾਰਤੀ ਉਥੇ ਬਹੁਤ ਹਨ। ਕਾਫੀ ਮਿਲਣ ਦਾ ਮੌਕਾ ਮਿਲਿਆ ਹੈ। ਜਿਨਾ ਹੋ ਸਕਿਆ ਸਮਝਾਉਣ ਦੀ ਕੋਸ਼ਿਸ਼ ਕੀਤੀ। ਉਹ ਧਿਆਨ ਨਾਲ ਸੁਣਦੇ ਸਨ ਅਤੇ ਆਖਦੇ ਸਨ ਕਿ ਸਾਨੂੰ ਇਹਨਾਂ ਗੱਲਾਂ ਦਾ ਤਾਂ ਪਤਾ ਹੀ ਨਹੀਂ ਸੀ। ਸਾਰਿਆਂ ਨੂੰ ਭਾਰਤ ਅਕਸਰ ਆਉਣ ਦਾ ਮੌਕਾ ਵੀ ਨਹੀਂ ਮਿਲਦਾ।

—ਸਤਿਗੁਰੂ ਜੀ ਨੇ ਉਚੇਚੇ ਬਖਸ਼ਿਸ਼ ਕੀਤੀ ਹੈ। ਉਹਨਾਂ ਦੀ ਕ੍ਰਿਪਾ ਤੋਂ ਬਗੈਰ ਕੁਝ ਨਹੀਂ ਹੋ ਸਕਦਾ। ਸਦਾ ਸਭ ਦੇ ਸਿਰ ਤੇ ਹੱਥ ਰਖਣ ਇਹ ਹੀ ਅਰਦਾਸ ਹੈ।"

## ਜਨਰਲ ਅਸੈਂਬਲੀ 'ਚ ਭਾਸ਼ਨ

ਯੂ. ਐਨ. ਓ. ਦੇ ਵੱਡੇ ਸਮਾਗਮ ਵਿਚ ਸ. ਹੰਸਪਾਲ ਨੇ "ਦੱਖਣੀ ਅਫਰੀਕਾ ਦੀ ਸਰਕਾਰ ਦੀ ਨਸਲਵਾਦੀ ਨੀਤੀ" ਤੇ ਇਕ ਦਸੰਬਰ ੧੯੯੧ ਜੋ ਭਾਸ਼ਨ ਦਿਤਾ ਉਹ ਸੰਯੁਕਤ ਰਾਸ਼ਟਰ ਵਿਚ ਭਾਰਤੀ ਸਥਾਈ ਮਿਸ਼ਨ ਦੇ ਬੁਲਿਟਨ ਭਾਰਤ ਸਮਾਚਾਰ (Indian News) ਵਿਚ ਪ੍ਰਕਾਸ਼ਤ ਹੋਇਆ।

ਆਪਣੇ ਭਾਸ਼ਨ ਵਿਚ ਸ੍ਰੀ ਹੰਸਪਾਲ ਨੇ ਕਿਹਾ "ਕਿ ਦਹਾਕਿਆਂ ਤੋਂ ਇਸ ਮਸਲੇ ਉਤੇ ਵੱਖ ਵੱਖ ਮੰਚਾਂ ਤੋਂ ਲੜਾਈ ਲੜੇ ਜਾਣ ਤੋਂ ਬਾਦ ਵੀ ਦੱਖਣੀ ਅਫਰੀਕਾ ਦੀ ਗੋਰੀ ਘਟਗਿਣਤੀ ਸਰਕਾਰ ਦੀਆਂ ਨਸਲੀ ਵਿਤਕਰੇ ਵਾਲੀਆਂ ਨੀਤੀਆਂ ਦਾ ਸੁਆਲ ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਦੀ ਬਹਿਸ ਦਾ ਕੇਂਦਰੀ ਨੁਕਤਾ ਹੈ। ਨਸਲਵਾਦੀ ਵਿਤਕਰੇ ਦਾ ਅਪਰਾਧ ਹੁਣ ਸਿਰਫ ਇਸਦਾ ਸ਼ਿਕਾਰ ਹੋਏ ਦੱਖਣੀ ਅਫਰੀਕਾ ਦੇ ਲੋਕਾਂ ਨਾਲ ਹੀ ਸੰਬੰਧਤ ਨਹੀਂ ਰਿਹਾ ਸਗੋਂ ਇਹ ਸਮੁੱਚੇ ਕੌਮਾਂਤਰੀ ਭਾਈਚਾਰੇ ਨਾਲ ਸੰਬੰਧਤ ਹੈ ਕਿਉਂਕਿ ਇਸਨੇ ਕੌਮਾਂਤਰੀ ਅਮਨ ਅਤੇ ਸੁਰੱਖਿਆ ਨੂੰ ਖ਼ਤਰਾ ਪੈਦਾ ਕਰ ਦਿਤਾ ਹੈ।

ਸਿਰਫ ਇਕ ਹਫਤਾ ਪਹਿਲਾਂ ਹੀ ਭਾਰਤ ਨੇ ਇਕ ਵਾਰ ਫੇਰ ਨਸਲਵਾਦੀ ਹਕੂਮਤ ਵਿਰੁਧ ਜਬਰਦਸਤ ਲੜਾਈ ਲੜ ਰਹੇ ਦੱਖਣੀ ਅਫਰੀਕਾ ਦੇ ਲੋਕਾਂ ਲਈ ਮੁਕੰਮਲ ਹਮਾਇਤ ਦੀ ਗੱਲ ਫਿਰ ਦੁਹਰਾਈ ਹੈ। ਭਾਰਤ ਦੇ ਦੌਰੇ ਉਤੇ ਆਏ ਯੁਗਾਂਡਾ ਦੇ ਪ੍ਰਧਾਨ ਸ੍ਰੀ ਮਿਲਟਨ ਓਬੋਟੇ ਦੇ ਮਾਣ ਵਿਚ ਦਿਤੀ ਖਾਣੇ ਦੀ ਦਾਅਵਤ ਸਮੇਂ ਭਾਸ਼ਨ ਕਰਦਿਆਂ ਭਾਰਤ ਦੇ ਰਾਸ਼ਟਰਪਤੀ ਸ੍ਰੀ ਨੀਲਮ ਸੰਜੀਵਾ ਰੈਡੀ ਨੇ ਜੋ ਕਿਹਾ ਮੈਂ ਉਸਨੂੰ ਇਥੇ ਦੁਹਰਾਉਣਾ ਚਾਹੁੰਦਾ ਹਾਂ।

"ਦੱਖਣੀ ਅਫਰੀਕਾ ਵਿਚ ਰੰਗ ਅਤੇ ਨਸਲ ਦੇ ਆਧਾਰ ਉਤੇ ਸਰਕਾਰ ਵਲੋਂ ਲੋਕਾਂ ਨਾਲ ਕੀਤੇ ਜਾਂਦੇ ਸਰਕਾਰੀ ਪੱਧਰ ਉਤੇ ਵਿਤਕਰੇ ਵਿਰੁਧ ਭਾਰਤ ਅਫਰੀਕਨ ਨੈਸ਼ਨਲ ਕਾਂਗਰਸ ਅਤੇ ਮੁਕਤੀ ਸੰਘਰਸ਼ ਵਿਚ ਅਗਵਾਨੂੰ ਰੋਲ ਕਰ ਰਹੀਆਂ ਹੋਰ ਜਥੇਬੰਦੀਆਂ ਨਾਲ ਜਿਹੜੀਆਂ ਇਸ ਗੈਰ ਮਨੁੱਖੀ ਅਤੇ ਬੇਨਿਯਮੇ ਪ੍ਰਬੰਧ ਵਿਰੁਧ ਸੰਘਰਸ਼ੀਲ ਹਨ, ਮੁਕੰਮਲ ਹਮਾਇਤ ਕਰਦਾ ਹੈ। ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਕੌਮਾਂਤਰੀ ਲੋਕ ਰਾਏ ਦੀ ਲਗਾਤਾਰ ਉਲੰਘਣਾ ਕਰ ਰਹੀ ਹੈ। ਅਸੀਂ ਉਸਦੀਆਂ ਇਹਨਾਂ ਕੋਸ਼ਿਸ਼ਾਂ ਦੀ ਨਿੰਦਾ ਕਰਦੇ ਹਾਂ।"

ਸ੍ਰੀ ਹੰਸਪਾਲ ਨੇ ਕਿਹਾ ਭਾਰਤ ਸਭਿਅਕ ਦੁਨੀਆ ਵਿਚੋਂ ਜਾਂਗਲੀ ਨਸਲਵਾਦੀ ਪ੍ਰਬੰਧ ਨੂੰ ਜੜ੍ਹੋਂ ਉਖੇੜਨ ਲਈ ਦਖਣੀ ਅਫਰੀਕਾ ਦੇ ਬਹੁਗਿਣਤੀ ਕਾਲੇ ਲੋਕਾਂ ਨਾਲ ਯਕਜਹਿਤੀ ਪ੍ਰਗਟ ਕਰਦਾ ਹੈ ਅਤੇ ਉਹਨਾਂ ਨੂੰ ਨੈਤਿਕ ਅਤੇ ਪਦਾਰਥਕ ਸਹਾਇਤਾ ਲਈ ਵਚਨਬੱਧ ਹੈ। ਇਸ ਗੱਲ ਦਾ ਪ੍ਰਗਟਾਵਾ ਭਾਰਤ ਦੇ ਆਗੂਆਂ ਵਲੋਂ ਬੀਤੇ ਸਮੇਂ ਵਿਚ ਵਾਰ ਵਾਰ ਕੀਤਾ ਗਿਆ ਹੈ। ਕੁਝ ਹੀ ਮਹੀਨੇ ਪਹਿਲਾਂ ਭਾਰਤੀ ਪਾਰਲੀਮੈਂਟ ਵਿਚ ਨਸਲਵਾਦੀ ਵਿਤਕਰੇ ਦੇ ਅਪਰਾਧ ਨੂੰ ਸਜ਼ਾਯੋਗ ਸਮਝਣ ਸਬੰਧੀ ਇਕ ਬਿਲ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਸੀ। ਇਹ ਬਿੱਲ ਸੰਯੁਕਤ ਰਾਸ਼ਟਰ ਅਸੰਬਲੀ ਵਲੋਂ ਨਵੰਬਰ ੧੯੭੭ ਵਿਚ



Sri Satguru Jagjit Singh Ji Elibrary NamdhariElibrary@gmail.com



ਭਾਰਤ ਵਲੋਂ ਇਤਹਾਦੀ ਸਭਾ ਦੀਆਂ ਵੱਖ ਵੱਖ ਸੰਸਥਾਵਾਂ ਵਿਚ ਆਪਣੇ ਮਰਜ਼ੀ ਨਾਲ ਹਿੱਸਾ ਪਾਉਣ ਦੇ ਪਲੈਜ ਤੇ ਦਸਖਤ ਕਰਦੇ ਹੋਏ ।

ਇਸ ਅਪਰਾਧ ਨੂੰ ਸਜ਼ਾਯੋਗ ਸਮਝਣ ਸਬੰਧੀ ਪ੍ਰਵਾਨ ਕੀਤੇ ਗਏ ਬਿੱਲ ਅਨੁਸਾਰ ਹੀ ਸੀ । ਭਾਰਤ ਅਕਤੂਬਰ ੧੯੭੭ ਵਿਚ ਕੌਮਾਂਤਰੀ ਕਨਵੈਨਸ਼ਨ ਵਿਚ ਇਕ ਧਿਰ ਬਣ ਗਿਆ । ਭਾਰਤ ਉਹਨਾਂ ਥੋੜੇ ਜਿਹੇ ਦੇਸਾਂ ਵਿਚੋਂ ਹੈ ਜਿਸ ਨੇ ਅਜੇਹਾ ਕਦਮ ਚੁਕਿਆ ਜਿਹੜਾ ਕਿ ਅਜੇਹੇ ਮਸਲੇ ਪ੍ਰਤੀ ਭਾਰਤ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸੱਚਾ ਪ੍ਰਗਟਾਵਾ ਕਰਦਾ ਹੈ ।

ਉਹਨਾਂ ਦੁਹਰਾਇਆ ਕਿ ਬਸਤੀਵਾਦੀ ਲੁੱਟ ਵਿਰੁੱਧ ਅਫਰੀਕੀ ਲੋਕਾਂ ਦੇ ਸੰਘਰਸ਼ ਨਾਲ ਭਾਰਤ ਦੀ ਪੂਰੀ ਹਮਦਰਦੀ ਹੈ ਅਤੇ ਉਹ ਇਸਦੀ ਮੁਕੰਮਲ ਹਮਾਇਤ ਕਰਦਾ ਹੈ । ਸਾਡੇ ਲਈ ਇਸ ਇਤਿਹਾਸਕ ਤੱਥ ਨੂੰ ਯਾਦ ਰਖਣਾ ਬੜਾ ਜ਼ਰੂਰੀ ਹੈ ਕਿ ਰਾਸ਼ਟਰਪਿਤਾ ਮਹਾਤਮਾ ਗਾਂਧੀ, ਜਿਨਾਂ ਦੀ ਸੁਚੱਜੀ ਅਗਵਾਈ ਵਿਚ ਭਾਰਤ ਦੇ ਲੋਕਾਂ ਨੇ ਆਜ਼ਾਦੀ ਪ੍ਰਾਪਤ ਕੀਤੀ, ਨੇ ਪਹਿਲੀ ਵਾਰ ਅਨਿਆ ਵਿਰੁਧ ਬਗਾਵਤ ਭਾਰਤ ਵਿਚ ਨਹੀਂ ਸਗੋਂ ਦਖਣੀ ਅਫ਼ਰੀਕਾ ਵਿਚ ਕੀਤੀ ਸੀ, ਜਿਥੇ ਉਹਨਾਂ ਨੇ ਸਿਵਲ ਨਾ-ਫੁਰਮਾਨੀ ਦੇ ਹਥਿਆਰ ਨੂੰ ਪਰਖਿਆ ਅਤੇ ਤਿੱਖਾ ਕੀਤਾ ਜਿਸ ਨੂੰ ਬਾਅਦ ਵਿਚ ਭਾਰਤ ਵਿਚ ਬਰਤਾਨਵੀ ਹਾਕਮਾਂ ਵਿਰੁਧ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਗਿਆ ।

ਮਹਾਤਮਾ ਗਾਂਧੀ ਜੀ ਦੇ ਰਾਜਨੀਤਕ ਬੁਲਾਰੇ ਪੰਡਤ ਜਵਾਹਰ ਲਾਲ ਨਹਿਰੂ ਨੇ ਇਕਵਾਰ ਨਸਲਵਾਦੀ ਪ੍ਰਸ਼ਾਸਨ ਦੀ ਕੌਮ ਲਈ ਵੱਡੀ ਕੌਮਾਂਤਰੀ ਚਣੌਤੀ ਵਜੋਂ ਵਿਆਖਿਆ ਕੀਤੀ ਸੀ । ਕੁਝ ਸਮਾਂ ਬਾਅਦ ਉਹ ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣ ਗਏ ਅਤੇ ਸੰਯੁਕਤ ਰਾਸ਼ਟਰ ਨੇ ਦਖਣੀ ਅਫਰੀਕਾ ਦੇ ਨਸਲਵਾਦ ਉੱਪਰ ਪਹਿਲੀ ਵਾਰ ਆਪਣਾ ਧਿਆਨ ਭਾਰਤ ਦੀ ਬੇਨਤੀ ਪਿਛੋਂ ਹੀ ਕੇਂਦਰਿਤ ਕੀਤਾ । ਇਸ ਸਮੇਂ ਦੌਰਾਨ ਭਾਰਤ ਨੇ ਦੱਖਣੀ ਅਫ਼ਰੀਕਾ ਵਿਰੁਧ ਵਿਆਪਕ ਅਵਾਜ਼ ਉਠਾਈ । ਇਹ ਹੋਰ ਕਿਸੇ ਵੀ ਦੇਸ ਵਲੋਂ ਨਸਲਵਾਦ ਨੂੰ ਇਕ ਮਸਲੇ ਵਜੋਂ ਉਠਾਉਣ ਦੇ ਕਾਰਜ ਨਾਲੋਂ ਪਹਿਲਾ ਕਦਮ ਸੀ ।

ਜਦੋਂ ਅਕਤੂਬਰ ੧੯੪੬ ਵਿਚ ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਪਹਿਲੀ ਵਾਰ ਜੁੜੀ ਤਾਂ ਭਾਰਤ ਨੇ ਦੱਖਣੀ ਅਫਰੀਕਾ ਵਿਚ ਭਾਰਤੀਆਂ ਨਾਲ ਹੁੰਦੇ ਵਿਤਕਰੇ ਦਾ ਸੁਆਲ ਉਠਾਇਆ ਸੀ । ਇਸ ਸਮਾਗਮ ਵਿਚ ਭਾਰਤ ਦੀ ਪਹਿਲ ਕਦਮੀ ਉਤੇ ਇਕ ਮਤਾ ਪਾਸ ਕੀਤਾ ਗਿਆ ਜਿਸ ਦਾ ਤੱਤਸਾਰ ਇਹ ਸੀ "ਨਸਲੀ ਵਿਤਕਰੇਬਾਜ਼ੀ ਦਾ ਤੁਰੰਤ ਅੰਤ ਹੀ ਮਨੁੱਖਤਾ ਦੇ ਭਲੇ ਵਿਚ ਹੈ ।"

੧੯੫੨ ਵਿਚ ਭਾਰਤ ਨੇ ਬਾਰਾਂ ਹੋਰ ਮੈਂਬਰ



Sri Satguru Jagjit Singh Ji Elibrary NamdhariElibrary@gmail.com



ਨਵੰਬਰ ੧੯੮੧ ਨੂੰ ਨਿਊਯਾਰਕ ਵਿਚ ਭਾਰਤੀ ਪ੍ਰਤੀਨਿਧ ਮੰਡਲ ਦੇ ਪੰਜ ਐਮ. ਪੀ., ਸਕਤਰ ਜਨਰਲ ਡਾ: ਕੁਰਟ ਵਾਲਡੀਨ ਨਾਲ । ਸ੍ਰੀ ਕ੍ਰਿਸ਼ਨਨ ਭਾਰਤ ਦੇ ਸਥਾਈ ਰਾਜਦੂਤ, ਸਕੱਤਰ ਜਨਰਲ ਤੋਂ ਸਜੇ ਪਾਸੇ ਦਿਸ ਰਹੇ ਹਨ ।

ਦੇਸਾਂ ਨਾਲ ਮਿਲਕੇ ਦਖਣੀ ਅਫ਼ਰੀਕਾ ਦੀ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਵਿਰੁਧ ਅਵਾਜ਼ ਉਠਾਈ । ੧੯੬੨ ਵਿਚ ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਦੇ ਮਤੇ ਨੂੰ ਦਖਣੀ ਅਫ਼ਰੀਕਾ ਦੀ ਸਰਕਾਰ ਵਲੋਂ ਲਾਗੂ ਨਾ ਕਰਨ ਵਿਰੁਧ ਫੇਰ ਭਾਰਤ ਸਣੇ ੩੪ ਮੈਂਬਰ ਦੇਸਾਂ ਨੇ ਮਾਮਲਾ ਉਠਾਇਆ । ਇਸ ਵਿਚ ਕੋਈ ਹੈਰਾਨੀ ਵਾਲੀ ਗਲ ਨਹੀਂ ਕਿ ਨਸਲਵਾਦ ਵਿਰੋਧੀ ਕੌਮਾਂਤਰੀ ਮੁਹਿੰਮ ਵਿਚ ਜਵਾਹਰ ਲਾਲ ਨਹਿਰੂ ਨੂੰ ਅਹਿਮ ਦੇਣ ਕਰਕੇ ੧੯੭੮ ਦੇ ਨਸਲਵਾਦ ਵਿਰੋਧੀ ਸਾਲ ਦੌਰਾਨ ਸਨਮਾਨਿਆ ਗਿਆ ।

ਆਪਣੇ ਭਾਸ਼ਨ ਨੂੰ ਜਾਰੀ ਰਖਦਿਆਂ ਉਨ੍ਹਾਂ ਇਸ ਉਤੇ ਵਿਅੰਗ ਕੀਤਾ ਕਿ ਬਹੁਤ ਸਾਰੇ ਉਹ ਦੇਸ਼ ਜਿਹੜੇ ਮਨੁਖੀ ਅਧਿਕਾਰਾਂ ਦੇ ਕਾਜ਼ ਨੂੰ ਆਪਣੀ ਹਮਾਇਤ ਦੇ ਐਲਾਨ ਕਰਦੇ ਹਨ, ਦੁਨੀਆਂ ਦੇ ਦੂਸਰੇ ਹਿੱਸੇ ਵਿਚ ਦੱਖਣੀ ਅਫ਼ਰੀਕਾ ਦੀ ਨਸਲਵਾਦੀ ਸਰਕਾਰ ਨਾਲ ਆਪਣੇ ਸਹਿ-ਯੋਗ ਨੂੰ ਵੀ ਲਗਾਤਾਰ ਜਾਰੀ ਰੱਖ ਰਹੇ ਹਨ ।

ਉਹਨਾਂ ਕਿਹਾ ਮੈਂ ਇਸ ਗੱਲ ਨੂੰ ਉਭਾਰਨਾ ਚਾਹੁੰਦਾ ਹਾਂ ਕਿ ਇਸ ਹਾਊਸ ਵਲੋਂ ਸਾਲ ਪ੍ਰਤੀ ਸਾਲ ਅਜੇਹੇ ਮਤੇ ਪਾਸ ਕਰੀ ਜਾਣਾ ਹੀ ਕਾਫ਼ੀ ਨਹੀਂ ਹੈ—ਸਾਨੂੰ ਦੱਖਣੀ ਅਫ਼ਰੀਕਾ ਵਿਚ ਹੋ ਰਹੇ ਨਸਲਵਾਦੀ ਜੁਲਮਾਂ ਪ੍ਰਤੀ ਸੰਜੀਦਗੀ ਨਾਲ ਆਪਣੇ ਮਨਾਂ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ । ਨਸਲਵਾਦ ਨੂੰ ਜੋੜ ਉਖੇੜਨ ਲਈ ਅਜੇਹਾ ਕਾਰਜ ਬਹੁਤ ਜ਼ਰੂਰੀ ਹੈ ।

ਸ੍ਰੀ ਹੰਸਪਾਲ ਨੇ ਕਿਹਾ—"ਇਕ ਮਹੀਨੇ ਤੱਕ ਦੱਖਣੀ ਅਫ਼ਰੀਕਾ ਦੀ ਅਫ਼ਰੀਕਨ ਨੈਸ਼ਨਲ ਕਾਂਗਰਸ ਆਪਣੀ ੭੦ਵੀਂ ਵਰ੍ਹੇਗੰਢ ਮਨਾ ਰਹੀ ਹੈ, ਇਸ ਇਤਿਹਾਸਕ ਮੌਕੇ ਉਤੇ ਮੈਂ ਆਪਣੇ ਵਫ਼ਦ ਵਲੋਂ ਕਾਂਗਰਸ ਦੇ ਪ੍ਰਧਾਨ ਸ੍ਰੀ ਓਲੀਵਰ ਟੰਬੋ ਅਤੇ ਨਸਲਵਾਦ ਵਿਰੁਧ ਸੰਘਰਸ਼ ਵਿਚ ਪਏ ਹੋਏ ਉਹਨਾਂ ਦੇ ਵੱਡੀ ਗਿਣਤੀ ਵਿਚ ਸਾਥੀਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਭੇਜਦਾ ਹਾਂ ਅਤੇ ਉਨ੍ਹਾਂ ਦੀ ਜਿੱਤ ਦੀ ਕਾਮਨਾ ਕਰਦਾ ਹਾਂ । ਇਸ ਮੌਕੇ ਉਤੇ ਦੱਖਣੀ ਅਫ਼ਰੀਕਾ ਦੇ ਉਹਨਾਂ ਆਜ਼ਾਦੀ ਘੁਲਾਟੀਆਂ, ਜਿਹੜੇ ਲੰਬੇ ਸਮੇਂ ਤੋਂ ਗੁਪਤਵਾਸ ਵਿਚ ਹਨ ਜਾਂ ਜੇਲ੍ਹਾਂ ਵਿਚ ਬੰਦ ਮੌਤ ਦੀਆਂ ਘੜੀਆਂ ਗਿਣ ਰਹੇ ਹਨ, ਅੰਤ ਜਿਹੜੇ ਇਸ ਪਵਿੱਤਰ ਕਾਜ ਲਈ ਸ਼ਹੀਦੀਆਂ ਪਾ ਗਏ ਹਨ ਉਹਨਾਂ ਨਾਲ ਵੀ ਸਾਡੀ



Sri Satguru Jagjit Singh Ji Elibrary NamdhariElibrary@gmail.com

ਹਮਦਰਦੀ ਹੈ ।

ਪ੍ਰਧਾਨ ਨੂੰ ਸੰਬੋਧਿਤ ਹੁੰਦੇ ਹੋਏ ਸ੍ਰੀ ਹੰਸਪਾਲ ਨੇ ਕਿਹਾ ਇਹ ਅਸੰਭਵ ਹੈ ਕਿ ਕੋਈ ਦੇਸ਼, ਭਾਵੇਂ ਉਹ ਕਿੰਨਾ ਵੀ ਤਾਕਤਵਾਰ ਹੈ, ਆਪਣੀ ਤਾਕਤ ਦੇ ਸਹਾਰੇ ਜਾਂ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਇਤਿਹਾਸ ਦੇ ਪਹੀਏ ਨੂੰ ਰੋਕ ਲਵੇਗਾ। ਦੱਖਣੀ ਅਫ਼ਰੀਕਾ ਦੇ ਬਹਾਦਰ ਲੋਕ ਅੱਗੇ ਵੱਧ ਰਹੇ ਹਨ। ਇਕ ਸਮਾਂ ਆਏਗਾ ਜਦੋਂ ਉਹ ਨਸਲਵਾਦੀ ਹਕੂਮਤ ਨੂੰ ਉਖੇੜ ਦੇਣਗੇ ਅਤੇ ਬਹੁਗਿਣਤੀ ਦਾ ਰਾਜ ਸਥਾਪਤ ਕਰ ਦੇਣਗੇ। ਭਾਰਤ ਦੇ ਲੋਕਾਂ ਦੀ ਹਮਦਰਦੀ ਉਹਨਾਂ ਲੋਕਾਂ ਨਾਲ ਹੈ।

ਉਹਨਾਂ ਕਿਹਾ : ਕਿ ਉਹ ਆਪਣਾ ਭਾਸ਼ਨ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਇਹਨਾਂ ਸ਼ਬਦਾਂ ਦੇ ਹਵਾਲੇ ਨਾਲ ਮੁਕਾਉਣਾ ਚਾਹੁੰਦੇ ਹਨ :—

"ਅਜ਼ਾਦੀ ਦੇ ਸੰਘਰਸ਼ ਨੂੰ ਦਬਾਇਆ ਜਾ ਸਕਦਾ ਹੈ। ਇਸਦੇ ਘੁਲਾਟੀਏ ਮਾਰੇ ਜਾ ਸਕਦੇ ਹਨ, ਕੈਦ ਕੀਤੇ ਜਾ ਸਕਦੇ ਹਨ, ਪਰ ਅਜ਼ਾਦੀ ਦਾ ਖਿਆਲ ਕਦੇ ਨਹੀਂ ਮਾਰਿਆ ਜਾ ਸਕਦਾ ਇਸਨੇ ਅੰਤ ਜਿਤਣਾ ਹੈ। ਕੋਈ ਰੰਗ ਕੋਈ ਜਾਤ ਜਾ ਕੋਈ ਲਿੰਗ-ਵਿਤਕਰਾ ਕਿਸੇ ਨੂੰ ਨਾ ਮਹਾਨ ਬਣਾ ਸਕਦੇ ਹਨ ਅਤੇ ਨਾ ਹੀ ਛੋਟਾ ਸਿੱਧ ਕਰ ਸਕਦੇ ਹਨ। ਇਹੀ ਗੱਲ ਦੱਖਣੀ ਅਫ਼ਰੀਕਾ ਦੇ ਸੰਬੰਧ ਇਹ ਹੈ ਇਤਿਹਾਸ ਕਦੇ ਝੁਠਲਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਭਵਿੱਖ ਵਲ ਵਧਦੇ ਕਦਮ ਕਦੇ ਰੋਕੇ ਜਾ ਸਕਦੇ ਹਨ।"

✶

## ਹਮਦਰਦ, ਸਫ਼ੀਰ, ਕਸੇਲ, ਬਰਜਿੰਦਰ ਅਤੇ ਹੋਰ ਲੇਖਕਾਂ ਦਾ ਸਨਮਾਨ

ਜਲੰਧਰ :—ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਵਿਚ ਗ਼ਜ਼ਲ ਰੂਪ ਨੂੰ ਸਥਾਪਨ ਤੇ ਵਿਕਸਤ ਕਰਨ ਲਈ ਅਤੇ ਪੰਜਾਬੀ ਪੱਤਰਕਾਰੀ ਨੂੰ ਨਵੀਂਆਂ ਸਿਖਰਾਂ ਪਰਦਾਨ ਕਰਨ ਲਈ ਸ੍ਰ: ਸਾਧੂ ਸਿੰਘ ਹਮਦਰਦ ਨੂੰ ਅਤੇ ਪੰਜਾਬੀ ਆਲੋਚਨਾ ਅਤੇ ਸਾਹਤ ਸਿਰਜਨ ਦੇ ਖੇਤਰ ਵਿਚ ਘਾਲੀ ਉਘੀ ਘਾਲਣਾ ਲਈ ਪ੍ਰੋ: ਕਿਰਪਾਲ ਸਿੰਘ ਕਸੇਲ ਨੂੰ ਪੰਜਾਬੀ ਆਲੋਚਕਾਂ ਦੀ ਜਥੇਬੰਦੀ ਪੰਜਾਬੀ ਸਾਹਿਤ ਸਮੀਖਿਆ ਬੋਰਡ ਨੇ ਸਨਾਮਿਤ ਕਰਨ ਦਾ ਫੈਸਲਾ ਕੀਤਾ ਹੈ। ਹਮਦਰਦ ਜੀ ਨੂੰ ਸਰਵੋਤਮ ਖੋਜਕਾਰ ਅਤੇ ਕਸੇਲ ਜੀ ਨੂੰ ਸਾਹਿਤ ਸ਼੍ਰੋਮਣੀ ਦੀਆਂ ਉਪਾਧੀਆਂ ਪਰਦਾਨ ਕੀਤੀਆਂ ਜਾਣਗੀਆਂ। ਆਰਸੀ ਦੇ ਸੰਪਾਦਕ ਸ: ਪ੍ਰੀਤਮ ਸਿੰਘ ਨੂੰ ਸਾਲ ਦੇ ਉਤਮ ਸੰਪਾਦਕ ਦੇ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਯਾਦ ਰਹੇ ਕਿ ਪਿਛਲੇਰੇ ਸਾਲ ਪ੍ਰੀਤਮ ਸਿੰਘ ਸਫ਼ੀਰ ਨੂੰ ਸਾਹਿਤ ਸ਼੍ਰੋਮਣੀ ਅਤੇ ਬਰਜਿੰਦਰ ਸਿੰਘ ਸੰਪਾਦਕ ਪੰਜਾਬੀ ਟ੍ਰਿਬਿਊਨ ਨੂੰ ਵਰਸ਼ ਦੇ ਉਤਮ ਸੰਪਾਦਕ ਘੋਸ਼ਿਤ ਕੀਤਾ ਗਿਆ ਸੀ ਜਿਨ੍ਹਾਂ ਨੂੰ ਇਸੇ ਸਮਾਗਮ ਵਿਚ ਪੁਰਸਕਾਰ ਦਿਤੇ ਜਾਣਗੇ ਅਤੇ ਨਾਲ ਹੀ ਦੋਹਾਂ ਸਾਲਾਂ ਦੀਆਂ ਉਤਮ ਪੁਸਤਕਾਂ ਦੇ ਲੇਖਕਾਂ ਨੂੰ ਵੀ ਪੁਰਸਕਾਰਿਤ ਕੀਤਾ ਜਾਵੇਗਾ। ਅਤੇ ਸ੍ਰੀ ਐਸ ਤਰਸੇਮ ਦੀ ਕਲਾ ਪ੍ਰਾਪਤੀ ਸਦਕਾ ਵਿਸ਼ੇਸ਼ ਪੁਰਸਕਾਰ ਦਿਤਾ ਜਾਵੇਗਾ।

ਸਾਲ ੧੯੮੧ ਦੀਆਂ ਸਰਵੋਤਮ ਪੁਸਤਕਾਂ ਦੇ ਹੇਠ ਲਿਖੇ ਲੇਖਕਾਂ ਨੂੰ ਇਸੇ ਸਮਾਰੋਹ ਵਿਚ ਸਨਮਾਨਿਤ ਕੀਤਾ ਜਾਵੇਗਾ।

**ਕਵਿਤਾ**—ਭਰੇ ਪੀਤੇ (ਅਮਰ ਚਿਤਰਕਾਰ)।

**ਨਾਵਲ**—ਗੋਇੰਦਵਾਲ (ਹਰਿਨਾਮਦਾਸ ਸਹਿਰਾਈ) ਅਤੇ ਪਾਕਿਸਤਾਨੀ ਲੇਖਕ ਫਖਰਜ਼ਮਾਨ ਦਾ ਪੰਜਾਬੀ (ਗੁਰਮੁਖੀ) ਵਿਚ ਛਪਿਆ ਨਾਵਲ ਬੰਦੀਵਾਨ।

**ਕਹਾਣੀ**—ਦਿਉਲੀ ਦੇ ਪਰਛਾਵੇਂ (ਲੋਚਨ ਸਿੰਘ ਬਖਸ਼ੀ)

**ਨਾਟਕ**—ਰਾਮ ਕਹਿ ਗਏ ਸਨ (ਭਾਗ ਸਿੰਘ)

**ਆਲੋਚਨਾ**—ਸੂਫੀ ਕਾਵਿ ਤੇ ਉਸ ਦਾ ਪਿਛੋਖੜ (ਸ਼ਰੀਫ਼ ਅਲੀ ਅਬਾਸ ਜਲਾਲਪੁਰੀ ਲਿਪੀ ਅੰਤਰ ਡਾ: ਜਗਤਾਰ) ਅਤੇ ਜਪੁਜੀ ਵਿਵੇਚਨ (ਪ੍ਰੋ: ਪ੍ਰਿਤਪਾਲ ਸਿੰਘ)।

**ਖੋਜ ਤੇ ਟੀਕਾਕਾਰੀ**—ਪੰਜਾਬੀ ਹੱਥ ਲਿਖਤਾਂ ਤੇ ਖੋਜ ਵਿਧੀ। ਗੋਬਿੰਦ ਸਿੰਘ ਲਾਂਬਾ, **ਭਾਸ਼ਾ ਵਿਗਿਆਨ** - ਪਰਚਾ ਇਕ ਭਾਸ਼ਾ ਵਿਗਿਆਨ ਵੇਦ ਅਗਨੀਹੋਤਰੀ ਅਤੇ ਭਾਸ਼ਾ ਦੀ ਬਣਤਰ। (ਡਾ: ਬਲਦੇਵ ਰਾਜ ਗੁਪਤਾ), **ਗੱਦ ਰਚਨਾ**—ਵਿਅੰਗੜੀਆਂ (ਸੁਰਜੀਤ ਸਿੰਘ ਭਾਟੀਆ), ਫਰੰਗੀ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ (ਅਮਰ ਸਿੰਘ ਤੇਗ), **ਅਨੁਵਾਦ :** ਅਹਿਮਦ ਨਦੀਮ ਕਾਸਮੀ ਦੀਆਂ ਕਹਾਣੀਆਂ (ਅਨੁਵਾਦਕ ਰਘਬੀਰ ਢੰਡ)।

ਐਸ. ਤਰਸੇਮ ਕਹਾਣੀਕਾਰ ਅਤੇ ਈਸ਼ਰ ਸਿੰਘ ਅਟਾਰੀ ਨੂੰ ਸਿਰਜਨਾਤਮਕ ਅਤੇ ਜਥੇਬੰਦਕ ਖੇਤਰਾਂ ਵਿਚ ਉਘਾ ਹਿੱਸਾ ਪਾਉਣ ਲਈ ਵਿਸ਼ੇਸ਼ ਪੁਰਸਕਾਰ ਦਿਤੇ ਜਾਣਗੇ।



Sri Satguru Jagjit Singh Ji Elibrary NamdhariElibrary@gmail.com

# ਕਾਲੀ ਵੇਈਂ

—ਜਸਵੰਤ ਸਿੰਘ ਵਿਰਦੀ

ਕਾਲੇ ਨਾਗ ਵਾਂਗ ਵਲ-ਵਲੇਵੇਂ ਖਾ ਕੇ ਧਰਤੀ ਉਪਰ ਫੈਲੀ ਹੋਈ ਪਾਣੀ ਦੀ ਭਰਪੂਰ ਰੇਖਾ ! ਸਾਡੇ ਮਨ ਨੂੰ ਮੋਹ ਰਹੀ, ਦਿਲਕਸ਼ੀ ਦਾ ਭਾਵ ਫੈਲਾ ਰਹੀ ! ਪਰ ਅਹਿਸਾਸ ਵਿਹੂਣੇ ਬੰਦੇ ਲਈ ਸ਼ਾਇਦ ਉਹ ਕੁਝ ਵੀ ਨਾ ਹੋਵੇ ।

ਕੁਦਰਤ ਜਿਸ ਨੂੰ ਵੱਡਿਆਈ ਬਖਸ਼ਦੀ ਹੈ, ਉਹ ਜ਼ੱਰਾ ਹੋ ਕੇ ਵੀ ਹੀਰੇ ਵਾਂਗ ਲਿਸ਼ਕਦਾ ਹੈ । ਸੁਲਤਾਨਪੁਰ ਲੋਧੀ ਦੀ ਕਾਲੀ ਵੇਈਂ ਬਾਰੇ ਵੀ ਕੁਝ ਇਸੇ ਤਰ੍ਹਾਂ ਦੀ ਹੀ ਗੱਲ ਕਹੀ ਜਾ ਸਕਦੀ ਹੈ ।

ਇਸ ਦੁਨੀਆਂ ਵਿਚ ਜਿਥੇ ਕਿਤੇ ਵੀ ਗੁਰੂ ਨਾਨਕ ਦਾ ਨਾਂ ਆਉਂਦਾ ਹੈ, ਕਾਲੀ ਵੇਈਂ ਦਾ ਜ਼ਿਕਰ ਵੀ ਉਹਨਾਂ ਦੇ ਨਾਲ ਹੀ ਹੁੰਦਾ ਹੈ । ਇਸ ਦੇ ਪਾਣੀਆਂ ਨੇ ਗੁਰੂ ਜੀ ਦੀ ਚੜ੍ਹਦੀ ਜਵਾਨੀ ਤੋਂ ਲੈ ਕੇ, ਉਹਨਾਂ ਦੀ ਭਰਪੂਰ ਜਵਾਨੀ ਤਕ, ਉਹਨਾਂ ਦੇ ਅਨੇਕ ਰੰਗ-ਰੂਪ ਤੱਕੇ ਹੋਣਗੇ । ਉਹਨਾਂ ਦੀ ਜ਼ਿੰਦਗੀ ਦੀਆਂ ਬਹਾਰਾਂ ਤੇ ਉਦਾਸੀਆਂ ਨੂੰ ਮਹਿਸੂਸ ਕੀਤਾ ਹੋਵੇਗਾ ।

ਕਾਲੀ ਵੇਈਂ ਦੇ ਪਾਣੀ ਨੂੰ ਉਪਰੋਂ ਵਾਤਾਵਰਣ ਵਿਚੋਂ ਦੂਰ ਤਕ ਤਕਿਆਂ ਮਹਿਸੂਸ ਹੁੰਦਾ ਹੈ ਜਿਵੇਂ ਕਿ ਉਹ ਗੋਰੀ ਧਰਤੀ ਤੇ ਕੋਈ ਕੱਜਲ-ਰੇਖਾ ਉਕਰੀ ਹੋਈ ਹੋਵੇ । ਇਸ ਕਰਕੇ ਕਿੰਨਾ ਹੀ ਚਿਰ ਮੇਰਾ ਇਹ ਵਿਸ਼ਵਾਸ ਬਣਿਆ ਰਿਹਾ ਕਿ ਕਾਲੀ ਵੇਈਂ ਜ਼ਰੂਰ ਹੀ ਜਮਨਾ ਨਦੀ ਦੇ ਸਰੋਤ ਵਿਚੋਂ ਫੁਟਦੀ ਹੋਵੇਗੀ । ਜਮਨਾ ਨਦੀ ਨੂੰ ਭਗਵਾਨ ਕ੍ਰਿਸ਼ਣ ਦੀ ਛੋਹ ਪ੍ਰਾਪਤ ਹੋ ਗਈ, ਅਤੇ ਕਾਲੀ ਵੇਈਂ ਨੂੰ ਗੁਰੂ ਨਾਨਕ ਦੇਵ ਜੀ ਦੀ ।

ਅਸਲ ਵਿਚ ਸਾਡੇ ਸਾਰੇ ਹੀ ਦਰਿਆਵਾਂ ਨਾਲ ਕਿਸੇ ਨਾ ਕਿਸੇ ਮਹਾਂਪੁਰਖ ਦਾ ਜੀਵਨ ਚਰਿਤਰ ਜੁੜਿਆ ਹੋਇਆ ਹੈ । ਉਹ ਲੋਕ ਸਾਡੇ ਵਾਂਗ ਬੰਦ ਕਮਰਿਆਂ ਦੀ ਓਟ ਵਿਚ ਰਹਿਣ ਵਾਲੇ ਨਹੀਂ, ਸਗੋਂ ਅਸਗਾਹ ਕੁਦਰਤ ਦੀ ਗੋਦ ਵਿਚ ਵਿਚਰਣ ਵਾਲੇ ਸੰਤ-ਸਰੂਪ ਸਨ । ਜਿਨ੍ਹਾਂ ਨੇ ਲੋਕਾਂ ਲਈ ਕੁਝ ਕਰਨਾ ਹੋਵੇ; ਲੋਕਾਂ ਦੀ ਸੇਵਾ ਕਰਨੀ ਹੋਵੇ, ਉਹ ਘਰ 'ਚ ਨਹੀਂ ਬੈਠੇ ਰਹਿ ਸਕਦੇ । ਸਾਡੇ ਦੇਸ਼ ਦੇ ਮਹਾਪੁਰਖਾਂ ਦੇ ਜੀਵਨ ਵਾਂਗ ਹੀ ਦਰਿਆਵਾਂ ਦੇ ਸਿਦਕੀ ਪਾਣੀਆਂ ਬਾਰੇ ਵੀ ਇਹ ਗੱਲ ਕਹੀ ਜਾ ਸਕਦੀ ਹੈ ।

ਕਾਲੀ ਵੇਈਂ ਨਾਲ ਮੈਨੂੰ ਜਮਨਾ ਦੇ ਕਾਲੇ ਪਾਣੀਆਂ ਵਾਂਗ ਹੀ ਮੋਹ ਹੋ ਗਿਆ ਸੀ, ਅਤੇ ਜਦੋਂ ਮੈਨੂੰ ਪਤਾ ਲਗਾ ਕਿ ਵੇਈਂ ਜਮਨਾ ਨਦੀ ਦੇ ਸਰੋਤ ਤੋਂ ਨਹੀਂ, ਸਗੋਂ ਜ਼ਿਲਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਟੇਰਕਿਆਣਾ ਦੇ ਛੰਭ ਵਿਚੋਂ ਫੁਟ ਕੇ ਪਿੰਡ ਆਲਮਪੁਰ, ਭੁਲੱਥ ਤੇ ਕਪੂਰਥਲੇ ਦੇ ਹੋਰ ਬਹੁਤ ਸਾਰੇ ਪਿੰਡਾਂ ਕੋਲ ਦੀ ਹੁੰਦੀ ਹੋਈ, ਅਤੇ ਕਾਂਜਲੀ ਪਿੰਡ ਦੇ ਪਲੂ ਨਾਲ ਖਹਿਸਰਦੀ ਹੋਈ, ਸੁਲਤਾਨ-ਪੁਰ ਜਾਂਦੀ ਹੈ ਅਤੇ ਫੇਰ ਹਰੀਕੇ ਪਤੱਣ ਤੋਂ ਦਸ ਕੁ ਮੀਲ ਉਪਰਲੇ ਪਾਸੇ ਵਲ, ਬਿਆਸ ਦੇ ਪਾਣੀਆਂ ਦਾ ਹਿੱਸਾ ਬਣ ਜਾਂਦੀ ਹੈ—ਤਦ ਵੀ ਮੇਰੇ ਮਨ ਵਿਚ ਇਸ ਵਾਸਤੇ ਸ਼ਰਧਾ ਭਾਵਨਾ ਘੱਟ ਨਹੀਂ ਹੋਈ । ਸਾਡੀਆਂ ਛੋਟੀਆਂ ਨਦੀਆਂ ਵੀ ਉਸੇ ਤਰ੍ਹਾਂ ਹੀ ਸਾਡੇ ਸਤਿਕਾਰ ਦੀਆਂ ਹੱਕਦਾਰ ਹਨ ਜਿਵੇਂ



Sri Satguru Jagjit Singh Ji Elibrary NamdhariElibrary@gmail.com

ਕਿ ਵੱਡੀਆਂ ਨਦੀਆਂ ਅਤੇ ਸੂਕਦੇ ਦਰਿਆ। ਕੋਈ ਛੋਟਾ ਬੰਦਾ ਵੀ ਗੁਣਵਾਨ ਹੋ ਕੇ ਛੋਟਾ ਨਹੀਂ ਰਹਿ ਜਾਂਦਾ। ਕੀ ਇਹ ਠੀਕ ਨਹੀਂ ਕਿ ਕੇਵਲ ਗੁਣ ਹੀ ਬੰਦੇ ਨੂੰ ਵਡਿਤੱਣ ਪ੍ਰਦਾਨ ਕਰਦੇ ਨੇ?

ਨਰਗਸ ਦੇ ਫੁੱਲ ਵਾਂਗ ਜੇ ਕਰ ਇਹ ਕਾਲੀ ਵੇਈਂ ਵੀ ਸਦੀਆਂ ਤਕ ਅਨਗੌਲੀ ਪਈ ਰਹੀ ਸੀ ਤਾਂ ਇਸ ਵਿਚ ਕੁਦਰਤ ਦਾ ਕੀ ਕਸੂਰ ਹੈ? ਦੇਸ਼ਾਂ ਅਤੇ ਕੌਮਾਂ ਵਾਂਗ ਨਦੀਆਂ ਦਾ ਇਤਿਹਾਸ ਵੀ ਤਾਂ ਮਹਾਂਪੁਰਖਾਂ ਨਾਲ ਜੁੜ ਕੇ ਹੀ ਮਹਾਨ ਬਣਦਾ ਹੈ।

ਕਾਲੀ ਵੇਈਂ ਨਾਲ ਮੇਰੀ ਸਾਂਝ ੧੯੫੪ ਵਿਚ ਪਈ ਸੀ। ਉਹਨਾਂ ਦਿਨਾਂ ਵਿਚ ਮੇਰੀ ਪਤਨੀ ਇਕ ਜਿੰਦ ਹੀਨ ਬੱਚੀ ਨੂੰ ਜਨਮ ਦੇ ਕੇ ਬੀਮਾਰ ਹੋ ਗਈ ਸੀ ਤੇ ਘਰਾਂ ਦੀਆਂ ਬਹੁਤ ਸਾਰੀਆਂ ਬੁੜੀਆਂ ਨੇ ਹਿਦਾਇਤ ਕੀਤੀ ਸੀ ਕਿ ਮੈਂ ਉਸ ਨੂੰ ਬੇਰ ਸਾਹਿਬ ਗੁਰੂਦਵਾਰੇ ਦੇ ਚਰਣ ਛੋਹ ਕੇ ਲੰਘਣ ਵਾਲੀ ਕਾਲੀ ਵੇਈਂ ਵਿਚ ਬਿਲਕੁਲ ਉਸੇ ਥਾਂ ਤੇ ਅਸ਼ਨਾਨ ਕਰਾਵਾਂ ਜਿਥੇ ਕਿ ਬੇਰੀ ਫੈਲੀ ਹੋਈ ਹੈ। 'ਪੁੱਤਰ! ਬੇਰ ਸਾਹਿਬ ਜਾ ਕੇ ਵੇਈਂ ਵਿਚ ਅਸ਼ਨਾਨ ਕਰਨ ਨਾਲ ਜ਼ਿੰਦਗੀ ਦੇ ਕੱਚੇ ਫਲ ਡਿਗਣੋਂ ਹਟ ਜਾਂਦੇ ਨੇ।'

ਉਦੋਂ ਜਿਸ ਸਿਦਕ ਦਿਲੀ ਅਤੇ ਮਨ ਦੀ ਸ਼ਰਧਾ ਭਾਵਨਾ ਨਾਲ ਮੈਂ ਆਪਣੀ ਪਤਨੀ ਦੀਪੀ ਨੂੰ ਨਾਲ ਲੈ ਕੇ ਬੇਰ ਸਾਹਿਬ ਸਿਧੇ ਕਾਲੀ ਵੇਈਂ ਦੇ ਅਸ਼ਨਾਨ ਲਈ ਗਿਆ ਸਾਂ, ਉਹ ਪਲ ਅਭੁੱਲ ਨੇ।

ਬੜੀਆਂ ਜ਼ੋਰਦਾਰ ਬਰਸਾਤਾਂ ਹੋ ਕੇ ਹਟੀਆਂ ਸਨ ਤੇ ਸਭੋ ਰਾਹ ਪਾਣੀ ਨਾਲ ਭਰੇ ਪਏ ਸਨ। ਕਾਲੀ ਵੇਈਂ ਦਾ ਪਾਣੀ ਵੀ ਸੂਕਦਾ ਹੋਇਆ, ਬਿਫਰਿਆ ਹੋਇਆ, ਚਲ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਸਮੇਂ ਵਿਚ ਕਦੀ-ਕਦੀ ਇਸ ਦੇ ਇਸ ਤਰ੍ਹਾਂ ਦੇ ਰੋਹ ਨੂੰ ਅਨੁਭਵ ਕਰਕੇ, ਕੇਵਲ ਛੋਟੇ ਵਿਅਕਤੀ ਦੇ ਰੋਹ ਨੂੰ ਤਕਣ ਵਾਂਗ, ਮੁਸਕਰਾ ਛੱਡਿਆ ਹੋਵੇਗਾ। ਉਸ ਵੇਲੇ ਉਹਨਾਂ ਦੀ ਮੁਸਕਰਾਹਟ ਦਾ ਜਲ ਕਿਹਾ ਰਸ ਭਿੰਨੜਾ ਹੋਵੇਗਾ।

ਕੀ ਕਦੀ ਨਾਨਕੀ ਵੀ ਆਪਣੇ ਵੀਰ ਨਾਲ ਨਦੀ ਦੀ ਸਿਦਕ ਦਿਲੀ ਤਕਣ ਲਈ ਆਈ ਹੋਵੇਗੀ? ਕੀ ਉਦੋਂ ਵੀ ਪੰਜਾਬੀ ਲੋਕ ਆਪਣੀਆਂ ਘਰਵਾਲੀਆਂ ਨਾਲ ਨਦੀ ਕਿਨਾਰੇ ਦਾ ਸੁਖਾਵਾਂ ਦ੍ਰਿਸ਼ ਵੇਖਦੇ ਹੋਣਗੇ?

ਸੁਲਤਾਨਪੁਰ ਲੋਧੀ ਮੇਰੇ ਲਈ ਬਿਲਕੁਲ ਅਜਨਬੀ ਸਥਾਨ ਸੀ। ਹਰ ਪਾਸੇ ਖਜੂਰਾਂ ਦੇ ਬਿਰਛ, ਇਮਾਰਤਾਂ ਦੇ ਮੁਸਲਮਾਨੀ ਨਮੂਨੇ ਅਤੇ ਲੋਕਾਂ ਦੇ ਰੰਗ ਕਾਲੇ!...ਅੱਜ ਮੈਂ ਸੋਚਦਾ ਹਾਂ ਕਿ ਅਜਨਬੀ ਥਾਵਾਂ ਨਹੀਂ ਹੁੰਦੀਆਂ, ਅਸਲ ਵਿਚ ਅਸੀਂ ਖੁਦ ਹੀ ਅਜਨਬੀ ਹੁੰਦੇ ਹਾਂ।

ਘਰੋਂ ਦਲ ਕੇ ਗੁਰੂ ਨਾਨਕ ਦੇਵ ਜੀ ਨੇ ਕਾਲੀ ਵੇਈਂ ਦੇ ਕੰਢਿਆਂ ਤੇ ਤਕਰੀਬਨ ਪੰਦਰਾਂ ਵਰ੍ਹੇ, ਸੁਲਤਾਨਪੁਰ ਲੋਧੀ ਰਹਿ ਕੇ ਚਿੰਤਨ ਕੀਤਾ ਤੇ ਲੋਕ ਪੀੜ ਦੇ ਭਾਵਾਂ ਨੂੰ ਮਹਿਸੂਸਿਆ ਸੀ। ਇਸ ਕਰਕੇ ਇਸ ਦੇ ਕਿਨਾਰਿਆਂ ਕੋਲੋਂ ਟੁਰ ਕੇ ਫੇਰ ਦੁਨੀਆਂ ਭਰ ਵਿਚ ਉਹਨਾਂ ਲਈ ਕੋਈ ਵੀ ਬਿਗਾਨਾ ਨਾ ਰਿਹਾ।

ਮੈਂ ਕਈ ਵਾਰ ਉਸ ਘਰ ਦੇ ਦਰਵਾਜ਼ੇ ਸਾਹਮਣੇ ਖਲੋ ਕੇ ਧਰਤੀ ਨੂੰ ਨਮਸਕਾਰ ਕੀਤੀ ਹੈ, ਜਿਥੇ ਕਦੀ ਬੀਬੀ ਨਾਨਕੀ ਰਹਿੰਦੀ ਸੀ।

ਸੁਲਤਾਨਪੁਰ ਲੋਧੀ ਸਾਡੇ ਲਈ ਇਸ ਕਰਕੇ ਵੀ ਪਿਆਰਾ ਹੈ ਕਿ ਉਥੇ ਨਾਨਕ ਦੀ ਪਿਆਰੀ ਭੈਣ ਨਾਨਕੀ ਰਹਿੰਦੀ ਹੈ। ਹਰ ਭੈਣ ਆਪਣੇ ਵੀਰ ਨੂੰ ਕੋਈ ਵੱਡਾ ਬੰਦਾ ਵੇਖਣਾ ਚਾਹੁੰਦੀ ਹੈ। ਇਸ ਕਰਕੇ ਨਾਨਕੀ ਨੇ ਵੀ ਆਪਣੇ ਪਤੀ ਦੀ ਸਿਫਾਰਿਸ਼ ਨਾਲ ਨਾਨਕ ਨੂੰ ਸੁਲਤਾਨਪੁਰ ਦੇ ਮੋਦੀ ਖਾਨੇ ਦਾ ਮੁਖੀ ਲਗਵਾ ਦਿਤਾ ਸੀ। ਪਰ ਉਹ ਦਿਨ ਦੇ ਕੰਮ-ਕਾਜ ਤੋਂ ਵਿਹਲੇ ਹੋ ਕੇ ਵੇਈਂ ਦੇ ਕਿਨਾਰੇ ਤੇ ਜਾ ਬੈਠਦੇ। ਫੇਰ ਇਕ ਦਿਨ ਵੇਈਂ ਵਿਚ ਚੁਭੀ ਲਾਈ ਤਾਂ ਤਿੰਨ ਦਿਨਾਂ ਤਕ ਬਾਹਰ ਹੀ ਨਾ ਨਿਕਲੇ......। ਜਦੋਂ ਨਿਕਲੇ ਤਾਂ ਮੋਦੀਖਾਨਾ ਤਿਆਗ ਕੇ ਸੰਤਵੇਸ (ਉਦਾਸੀ ਲਿਬਾਸ) ਧਾਰਣ ਕਰਕੇ ਨਾਰ੍ਹਾ ਲਾ ਦਿਤਾ: 'ਨਾ ਕੋਇ ਹਿੰਦੂ! ਨਾ ਮੁਸਲਮਾਨ!'

ਮੁਸਲਮਾਨੀ ਰਾਜ ਹੋਣ ਕਰਕੇ ਗੁਰੂ ਸਾਹਿਬ ਦੇ ਇਸ ਨਾਰ੍ਹੇ ਨਾਲ ਹਰ ਪਾਸੇ ਇਕ ਬੋਖਲਾਹਟ ਤੇ ਫੁਟਪਟਾਹਟ ਫੈਲ ਗਈ। ਪਰ ਉਨ੍ਹਾਂ ਦੀ ਗੱਲ ਕਿੰਨੀ ਸੱਚੀ ਸੀ। ਕੀ ਸਚਾਈ ਹਰ ਕਿਸੇ ਨੂੰ ਤ੍ਰਿਸ਼ੂਲ ਵਾਂਗ ਚੁਭਦੀ ਹੈ?

ਗੁਰੂ ਨਾਨਕ ਦੇਵ ਜੀ ਦੀਆਂ ਵਿਸ਼ਵ ਵਿਆਪੀ ਉਦਾਸੀਆਂ ਦੀ ਸ਼ੁਰੂਆਤ ਇਸੇ ਕਾਲੀ ਵੇਈਂ ਦੇ ਕਿਨਾਰੇ ਤੋਂ ਹੀ ਹੋਈ ਸੀ। ਉਨ੍ਹਾਂ ਵਕਤਾਂ ਵਿਚ ਸੁਲਤਾਨਪੁਰ ਦਾ ਸ਼ਹਿਰ ਇਲਮ ਦੀ ਦੌਲਤ ਨਾਲ ਮਾਲਾਮਾਲ ਸੀ, ਤੇ ਦੇਸ਼ ਭਰ ਦੇ ਪ੍ਰਮੁਖ ਆਲਿਮ ਇਥੇ ਵਸਦੇ ਸਨ। ਜੇਕਰ ਅਸੀਂ ਵੀ ਉਸ ਵੇਲੇ ਹੁੰਦੇ ਤਾਂ ਗੁਰੂ ਨਾਨਕ ਦੀ ਉਨ੍ਹਾਂ ਨਾਲ ਵਿਚਾਰ-ਚਰਚਾ ਸੁਣਦੇ। ਪਰ ਸਭਨਾਂ ਬੰਦਿਆਂ ਦੀਆਂ ਕਿਸਮਤਾਂ ਇਕੋ ਜਿਹੀਆਂ ਤਾਂ ਨਹੀਂ ਹੁੰਦੀਆਂ।



Sri Satguru Jagjit Singh Ji Elibrary NamdhariElibrary@gmail.com

ਗੁਰੂ ਨਾਨਕ ਦੇ ਸਮਕਾਲੀ ਲੋਕਾਂ ਵਿਚੋਂ ਵੀ ਕਿੰਨੇ ਬੰਦਿਆਂ ਨੇ ਉਨ੍ਹਾਂ ਨੂੰ ਸਮਝਿਆ ਸੀ ?

ਸੰਸਾਰੀ ਰੂਪ ਛੱਡ ਕੇ ਉਦਾਸੀ ਤੇ ਚਲਣ ਸਮੇਂ ਦੀ ਉਨ੍ਹਾਂ ਦੀ ਮਨੋਦਸ਼ਾ ਬਾਰੇ ਸਾਨੂੰ ਇਹ ਕਾਲੀ ਵੇਈਂ ਕੁਝ ਨਹੀਂ ਦੱਸ ਸਕਦੀ ?

ਸੁਲਤਾਨਪੁਰ ਲੋਧੀ ਅਤੇ ਖਾਸ ਕਰਕੇ ਵੇਈਂ ਦੇ ਕਿਨਾਰੇ 'ਤੇ ਦੂਰ ਤਕ ਉਗੇ ਹੋਏ ਖਜੂਰ ਦੇ ਬਿਰਛਾਂ ਨੂੰ ਵੇਖ ਕੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਇਹ ਭੋਇੰ ਅਰਬ ਦੇਸ਼ ਦਾ ਹੀ ਕੋਈ ਟੋਟਾ ਹੋਵੇ । ਪਰ ਉਥੇ ਵੇਈਂ ਦੇ ਪਾਣੀਂ ਕਿਥੇ ?...ਜਲਧਾਰਾ ਕਿਵੇਂ...?

ਨਿੱਤ ਦੀ ਚਾਲ ਵਿਚ ਕਾਲੀ ਵੇਈਂ ਦਾ ਪਾਣੀ ਬਹੁਤ ਹੀ ਧੀਰਜ ਨਾਲ, ਬੜੇ ਠਰਮੇਂ ਨਾਲ ਵਗਦਾ ਹੈ, ਸੰਤਾਂ ਦੇ ਸੁਭਾ ਵਾਂਗ ਹੀ । ਇਸ ਵਿਚ ਸ਼ਾਇਦ ਹੀ ਕਦੀ ਉਸ ਤਰ੍ਹਾਂ ਦੇ ਹੜ੍ਹ ਆਉਂਦੇ ਹੋਣਗੇ, ਜੋ ਕਿ ਪਿੰਡਾਂ ਨੂੰ ਰੋੜ੍ਹ ਕੇ ਲੈ ਜਾਂਦੇ ਹੋਣ । ਮੈਨੂੰ ਲਗਦਾ ਹੈ ਕਿ ਗੁਰੂ ਨਾਨਕ ਦੀ ਬਾਣੀ ਅਤੇ ਭਾਈ ਮਰਦਾਨੇ ਦਾ ਸੰਗੀਤ ਸੁਣ ਕੇ ਇਸ ਨਦੀ ਦੇ ਪਾਣੀਆਂ ਵਿਚ ਵੀ ਸਿਦਕ ਅਤੇ ਸਬਰ-ਸੰਤੋਖ ਦੀ ਭਾਵਨਾ ਭਰ ਗਈ ਹੈ ।

ਕਾਲੀ ਵੇਈਂ ਵਿਚੀਂ ਜਿਹੜਾ ਪਾਣੀ ਵਗਦੈ ਉਹ ਮਹਾਕਵੀ ਗੁਲਾਮ ਰਸੂਲ ਦੇ ਪਿੰਡ ਆਲਮਪੁਰ ਦੀ ਸ਼ਾਇਰਾਨਾ ਮਹਿਕ ਵੀ ਆਪਣੇ ਨਾਲ ਲੈ ਕੇ ਆਉਂਦੈ ।

ਕਪੂਰਥਲੇ ਦੇ ਰਾਜਿਆਂ ਨੇ ਇਸ ਦੇ ਪਾਣੀਆਂ ਨੂੰ ਬੰਨ੍ਹ ਮਾਰਕੇ ਤੇ ਇਸ ਦੇ ਨੇੜੇ ਤੇੜੇ ਆਪਣੇ ਮਹਿਲ ਉਸਾਰਕੇ ਇਸ ਨੂੰ ਆਪਣੀ ਐਸ਼ਪ੍ਰਸਤੀ ਵਾਸਤੇ ਵੀ ਇਸਤੇਮਾਲ ਕਰਨ ਦਾ ਜਤਨ ਕੀਤਾ, ਪਰ ਉਨ੍ਹਾਂ ਦਾ ਰਾਜ ਭਾਗ ਸਦਾ ਲਈ ਕਾਇਮ ਨਾ ਰਹਿ ਸਕਿਆ । ਕੋਈ ਵੀ ਉਹ ਵਿਅਕਤੀ ਧਰਤੀ ਤੇ ਸਦਾ ਨਹੀਂ ਰਹਿ ਸਕਦਾ, ਉਸ ਦਾ ਨਾਂ ਵੀ ਨਹੀਂ—ਜੋ ਕਿ ਲੋਕਾਂ ਲਈ ਕੁਝ ਨਹੀਂ ਕਰਦਾ । ਰਾਜੇ ਵੀ ਇਸ ਤਰ੍ਹਾਂ ਦੇ ਲੋਕਾਂ ਵਿਚੋਂ ਹੀ ਹੁੰਦੇ ਨੇ ।

ਸਾਡੀਆਂ ਨਦੀਆਂ ਦੀ ਸਭ ਤੋਂ ਵੱਡੀ ਸਿਫਤ ਇਹੋ ਹੀ ਹੈ ਕਿ ਉਹ ਬਹੁਤ ਹੀ ਖਾਮੋਸ਼ੀ ਤੇ ਸਿਦਕ-ਦਿਲੀ ਨਾਲ ਸਦੀਆਂ ਤੋਂ ਲੈ ਕੇ ਲੋਕਾਂ ਦੀ ਸੇਵਾ ਕਰਦੀਆਂ ਆ ਰਹੀਆਂ ਨੇ । ਰਿਗਵੇਦ ਦੇ ਰਚਣਹਾਰੇ ਰਿਸ਼ੀ ਇਨ੍ਹਾਂ ਦੀ ਮਾਣਤਾ 'ਚ ਕਿੰਨਾ ਕੁਝ ਕਹਿ ਗਏ ਨੇ ।

ਕਈ ਲੋਕਾਂ ਦਾ ਇਹ ਵੀ ਵਿਚਾਰ ਹੈ ਕਿ ਸਫੇਦ ਵੇਈਂ ਅਤੇ ਕਾਲੀ ਵੇਈਂ ਸਤਲੁਜ-ਬਿਆਸ ਦਰਿਆਵਾਂ ਦੀਆਂ ਉਹ ਧਾਰਾਂ ਹਨ, ਜੋ ਕਿ ਉਨ੍ਹਾਂ ਨੇ ਵਸ਼ਿਸ਼ਟ ਰਿਸ਼ੀ ਦੇ ਪ੍ਰਾਣ ਬਚਾਣ ਖਾਤਿਰ ਸੈਂਕੜੇ ਰੂਪਾਂ ਵਿਚ ਧਰਤੀ ਤੇ ਫੈਲਾ ਦਿਤੀਆਂ ਸਨ । ਇਕ ਦਰਿਆ ਵਾਸਤੇ ਆਪਣੀ ਸਮਰਥਾ ਨੂੰ ਖਿੰਡਾ ਦੇਣਾ, ਫੈਲਾ ਦੇਣਾ ਬੜਾ ਸੌਖਾ ਹੈ, ਪਰ ਉਸਨੂੰ ਸਮੇਟਣਾ ! ਇਹ ਸ਼ਾਇਦ ਸੰਭਵ ਨਹੀਂ ਹੈ ।

ਜੇਕਰ ਇਹ ਬਿਆਸ ਤੇ ਸਤਲੁਜ ਦੀ ਧਾਰ ਹੋਣ ਵਾਲੀ ਗੱਲ ਸਹੀ ਨਹੀਂ, ਤਾਂ ਫੇਰ ਮੈਂ ਸੋਚਦਾ ਹਾਂ ਕਿ ਸ਼ਾਇਦ ਮਹਾਨ ਸਰਸਵਤੀ ਦਾ ਹੀ ਕੋਈ ਸੋਮਾ ਆਪਣੇ ਅਸਲੀ ਰਾਹ ਨੂੰ ਛੱਡ ਕੇ ਏਧਰਲੀ ਇਸ ਧਰਤੀ ਨੂੰ ਸੇਰਾਬ ਕਰਨ ਲਈ, ਲੋਕਾਂ ਨੂੰ ਖੁਸ਼ਹਾਲ ਬਣਾਨ ਲਈ, ਅਤੇ ਗੁਰੂ ਜੀ ਨਾਲ ਖਾਮੋਸ਼ ਸੰਵਾਦ ਕਰਨ ਲਈ ਇਸ ਪਾਸੇ ਵਲ ਮੁੜ ਪਿਆ ਹੋਵੇ । ਗੁਰੂ ਸਾਹਿਬ ਕੁਰੂਖੇਤਰ ਅਤੇ ਪਿਹੋਆ ਦੇ ਸਰੋਵਰ ਤਕ ਵੀ ਤਾਂ ਸਰਸਵਤੀ ਅਤੇ ਉਸ ਦੇ ਭਗਤਾਂ ਨਾਲ ਸੰਵਾਦ ਲਈ ਪੁਜੇ ਸਨ ।

ਦਸੂਹੇ ਦੇ ਪਿੰਡ ਟੇਰਕਿਆਣੇ ਦੇ ਛੰਭ ਤੋਂ ਲੈ ਕੇ ਹਰੀਕੇ ਪਤਣ ਤਕ—ਕਾਲੀ ਵੇਈਂ ਦਾ ਸਫਰ ਬਹੁਤ ਥੋੜਾ ਹੈ । ਕਈ ਵਾਰ ਤਾਂ ਉਸ ਦੀ ਸੁਸਤ ਚਾਲ ਨੂੰ ਵੇਖਕੇ ਮੈਨੂੰ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਇਹ ਜੋ ਇਹ 'ਰਿਸ਼ੀ ਗੋਤਮ ਦੀ ਅਹੱਲਿਆ ਨਾਰ ਹੋਵੇ ਜੋ ਕਿ ਗੁਰੂ ਨਾਨਕ ਦੀ ਚਰਨ ਛੋਹ ਨਾਲ ਜੀਵੰਤ ਹੋ ਕੇ ਧਰਤੀ ਦੀ ਜ਼ਿੰਦਗੀ ਵਿਚ ਪ੍ਰਮੁਖ ਸਥਾਨ ਗ੍ਰਹਿਣ ਕਰ ਗਈ ਹੈ । ਸਾਡੇ ਸ਼ਾਸਤਰਾਂ ਵਿਚ ਆਉਂਦਾ ਹੈ ਕਿ ਅਹੱਲਿਆ ਵੀ ਇਕ ਕੁਆਰੀ ਕੁੜੀ ਵਾਂਗ ਕੰਜਕ ਹੀ ਹੈ ਅਤੇ ਉਸ ਦਾ ਨਾਂ ਲੈਣ ਨਾਲ ਪਾਪ ਕੱਟੇ ਜਾਂਦੇ ਨੇ । ਕਾਲੀ ਵੇਈਂ ਵੀ ਤਾਂ ਅਨੇਕ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਰੋਗਾਂ ਨੂੰ ਦੂਰ ਕਰਦੀ ਹੈ ।

ਪਰ ਫੇਰ ਵੀ ਸਾਡੇ ਰੋਗ ਦਿਨੋਂ ਦਿਨ ਵਧਦੇ ਕਿਉਂ ਜਾਂਦੇ ਨੇ । ਇਸ ਦਾ ਇਕ ਵੱਡਾ ਕਾਰਣ ਇਹ ਤਾਂ ਨਹੀਂ ਕਿ ਅਸੀਂ ਖੁਲ੍ਹੇ ਵਾਤਾਵਰਣ ਵਿਚ ਘੁੰਮਣਾ ਅਤੇ ਨਦੀਆਂ ਦੇ ਕਿਨਾਰਿਆਂ ਤੇ ਚਿੰਤਨ ਕਰਕੇ ਮਨ ਨੂੰ ਸ਼ੁਧ ਕਰਨਾ ਛਡ ਦਿਤਾ ਹੈ ?

ਗੁਰੂ ਨਾਨਕ ਜੀ ਦੇ ਬਹੁਤ ਸਾਰੇ ਭਗਤ ਹਾਲੇ ਵੀ ਇਹ ਗੱਲ ਮੰਨਦੇ ਹਨ ਕਿ ਗੁਰੂ ਸਾਹਿਬ ਵੇਈਂ ਵਿਚ ਅਲੋਪ ਹੋ ਕੇ ਸੱਚ ਖੰਡ ਚਲੇ ਗਏ ਸਨ ਤੇ ਉਥੇ ਉਨ੍ਹਾਂ ਦਾ ਸੱਚੇ ਪਾਤਸ਼ਾਹ ਨਾਲ ਸੰਵਾਦ ਹੋਇਆ ਸੀ ।...ਉਨ੍ਹਾਂ ਲੋਕਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਹਾਲੇ ਵੀ ਵੇਈਂ ਵਿਚੀਂ ਸਚਖੰਡ



Sri Satguru Jagjit Singh Ji Elibrary NamdhariElibrary@gmail.com

ਨੂੰ ਰਾਹ ਜਾਂਦਾ ਹੈ।

ਪਰ ਮੇਰਾ ਵਿਸ਼ਵਾਸ ਹੈ ਕਿ ਸਚਖੰਡ ਦੇ ਦਰਵਾਜ਼ੇ ਕੇਵਲ ਸੱਚੇ ਸੁੱਚੇ ਲੋਕਾਂ ਲਈ ਹੀ ਖੁਲ੍ਹੇ ਨੇ। ਸਾਡੇ ਵਰਗੇ ਕਮੀਨੇ ਲੋਕਾਂ ਲਈ ਤਾਂ ਘਰਾਂ ਦੇ ਦਰਵਾਜ਼ੇ ਵੀ ਬੰਦ ਹੋ ਜਾਂਦੇ ਨੇ।

ਕੀ ਅਸੀਂ ਗੁਰੂ ਨਾਨਕ ਤੋਂ ਲੋਕ ਵੇਦਨਾ ਨੂੰ ਸਮਝਣ ਦੀ ਸੂਝ ਨਹੀਂ ਲੈ ਸਕਦੇ ?

ਗੁਰੂ ਨਾਨਕ ਦੇਵ ਜੀ ਨੇ ਵੇਈਂ ਦੇ ਕਿਨਾਰੇ 'ਤੇ ਬੇਰੀ ਦਾ ਪੌਦਾ ਹੀ ਨਹੀਂ ਲਾਇਆ, ਉਨ੍ਹਾਂ ਨੇ ਵੇਈਂ ਦੀ ਖੁਸ਼-ਕਿਸਮਤੀ ਨੂੰ ਹੀ ਸਾਕਾਰ ਕਰ ਦਿਤਾ ਸੀ।

ਮੈਨੂੰ ਕਈ ਵਾਰ ਖਿਆਲ ਆਇਆ ਹੈ ਕਿ ਇਸ ਕਾਲੀ ਵੇਈਂ ਨਾਲ ਸੰਵਾਦ ਕਰਾਂ ਕਿ ਉਸ ਦੀ ਹੋਂਦ ਬਹੁਤ ਛੋਟੀ ਹੈ ਅਤੇ ਉਸ ਦਾ ਸਫਰ ਵੀ ਬਹੁਤਾ ਲੰਮਾ ਨਹੀਂ, ਕੀ ਕਦੀ ਉਸ ਦੇ ਮਨ ਵਿਚੋਂ ਹੀਨਭਾਵਨਾ ਦਾ ਸੋਮਾ ਨਹੀਂ ਫੁਟਦਾ ?...ਸਾਡੇ ਦੇਸ਼ ਵਿਚ ਜਦੋਂ ਗੰਗਾ, ਜਮਨਾ, ਸਰਸਵਤੀ, ਸਤਲੁਜ, ਸਿੰਧ ਅਤੇ ਬ੍ਰਹਮਪੁਤਰ ਵਰਗੀਆਂ ਨਦੀਆਂ ਵਗਦੀਆਂ ਹਨ ਤਾਂ ਉਸ ਦੀ ਹੋਂਦ ਦਾ ਕੀ ਲਾਭ ਸੀ ? ਕੀ ਉਸਨੇ ਕਦੀ ਸੋਚਿਆ ਹੈ ?

ਮੇਰੇ ਇਸ ਪ੍ਰਸ਼ਨ ਨੂੰ ਸੁਣਕੇ, ਮੈਨੂੰ ਲਗਦਾ ਹੈ, ਜਿਵੇਂ ਕਿ ਕਾਲੀ ਵੇਈਂ ਮੈਨੂੰ ਇਕ ਸਾਖੀ ਸੁਣਾ ਰਹੀ ਹੋਵੇ।

ਕਹਿੰਦੇ ਨੇ ਕਿ ਜਦੋਂ ਗੁਰੂ ਨਾਨਕ ਦੇਵ ਜੀ ਬਹੁਤ ਸਾਰੀਆਂ ਥਾਵਾਂ ਦਾ ਰਟਨ ਕਰਦੇ ਹੋਏ ਮੁਲਤਾਨ ਪੁਜੇ ਤਾਂ ਉਥੋਂ ਦੇ ਪੀਰਾਂ ਤੇ ਫਕੀਰਾਂ ਨੇ ਉਨ੍ਹਾਂ ਨੂੰ ਇਕ ਦੁੱਧ ਦਾ ਲਬਾਲਬ ਭਰਿਆ ਹੋਇਆ ਪਿਆਲਾ ਪੇਸ਼ ਕੀਤਾ। ਗੁਰੂ ਸਾਹਿਬ ਨੇ ਮੁਸਕਰਾ ਕੇ ਉਸ ਪਿਆਲੇ ਉਪਰ ਇਕ ਚੰਮੇਲੀ ਦਾ ਫੁੱਲ ਰਖ ਦਿਤਾ।

ਉਨ੍ਹਾਂ ਪੀਰਾਂ ਫਕੀਰਾਂ ਦਾ ਮਤਲਬ ਸੀ ਕਿ ਜਦੋਂ ਦੁਨੀਆਂ ਵਿਚ ਪਹਿਲਾਂ ਹੀ ਏਨਾ ਇਲਮ ਮੌਜੂਦ ਸੀ, ਤਾਂ ਤੁਹਾਡੀ ਕੀ ਲੋੜ ਸੀ ?'

ਗੁਰੂ ਸਾਹਿਬ ਨੇ ਉਨ੍ਹਾਂ ਨੂੰ ਚੰਮੇਲੀ ਦੇ ਫੁੱਲ ਦੇ ਸੰਕੇਤ ਨਾਲ ਦਸਿਆ ਕਿ ਦੁੱਧ ਦਾ ਪਿਆਲਾ ਕਿੰਨਾ ਵੀ ਲਬਾਲਬ ਭਰਿਆ ਹੋਇਆ ਹੋਵੇ, ਇਕ ਚੰਮੇਲੀ ਦੇ ਫੁੱਲ ਵਾਸਤੇ ਉਸ ਵਿਚ ਥਾਂ ਹੁੰਦੀ ਹੀ ਹੈ।

ਮੈਨੂੰ ਤਾਂ ਇਸ ਕਾਲੀ ਵੇਈਂ ਦੇ ਪਾਣੀਆਂ ਵਿਚੋਂ ਵੀ ਚੰਮੇਲੀ ਦੇ ਫੁੱਲ ਦੀ ਮਹਿਕ ਆਉਂਦੀ ਹੈ, ਅਤੇ ਇਸ ਦੀ ਸੀਤਲ ਤੇ ਗਹਿਰ ਗੰਭੀਰ ਥਿਰਕਣ ਵਿਚੋਂ ਗੁਰੂ ਸਾਹਿਬ ਦੀ ਮੁਸਕਰਾਹਟ ਦੀ !

ਕੀ ਇਹ ਠੀਕ ਨਹੀਂ ਕਿ ਇਹ ਕਾਲੀ ਵੇਈਂ ਵੀ ਸਾਡੇ ਲਈ ਚੰਮੇਲੀ ਦਾ ਉਹ ਫੁੱਲ ਹੀ ਹੈ ਜੋ ਕਿ ਗੁਰੂ ਸਾਹਿਬ ਨੇ ਮੁਲਤਾਨ ਦੇ ਪੀਰਾਂ ਫਕੀਰਾਂ ਨੂੰ ਪੇਸ਼ ਕੀਤਾ ਸੀ ?.

## ਅਸੀਂ ਕੀ ਚਾਹੁੰਦੇ ਹਾਂ ?



੧. ਗੁਰੂ ਨਾਨਕ ਦਾ ਪ੍ਰਦੇਸ਼, ਪੰਜਾਬ ਦੁਨੀਆਂ ਨੂੰ ਮਾਨਵ ਏਕਤਾ ਤੇ ਪੁਰਸ਼ਾਰਥ ਦਾ ਰਸਤਾ ਦਿਖਾਵੇ।

੨. ਨਿਰਭੈ, ਨਿਰਵੈਰ ਤੇ ਨਿਸ਼ਪਕਸ਼ ਲੋਕਾਂ ਦੀ ਜਮਾਤ ਖੜੀ ਹੋਵੇ।

੩. ਰੋਟੀ ਕਪੜਾ ਤੇ ਮਕਾਨ ਦੀ ਸਹੂਲਤ ਤੇ ਸਾਧਨ ਸਭ ਨੂੰ ਮਿਲਣ।

੪. ਜਾਤੀ ਭੇਦ, ਧਰਮ ਭੇਦ, ਪੰਥ ਭੇਦ ਤੋਂ ਉਪਰ ਉਠ ਕੇ ਮਾਨਵਤਾ ਦਾ ਵਿਕਾਸ ਕੀਤਾ ਜਾਵੇ।

੫. ਪਰਸਪਰ ਮਤਭੇਦ ਅਤੇ ਸਮੱਸਿਆ ਦਾ ਨਿਪਟਾਰਾ ਸ਼ਾਂਤੀ ਨਾਲ ਹੋਵੇ, ਅਦਾਲਤ ਨਾ ਜਾਣਾ ਪਏ।

੬. ਮੇਹਨਤ ਦੀ ਪ੍ਰਤਿਸ਼ਟਾ ਵਧੇ, ਬੁਧੀ ਦੇ ਬਲ ਤੇ ਕੋਈ ਸ਼ੋਸ਼ਣ ਨਾ ਕਰ ਸਕੇ।

੭. ਤਮਾਕੂ, ਸ਼ਰਾਬ, ਅਫੀਮ, ਪੋਸਤ ਆਦਿ ਨਸ਼ੇ ਬੰਦ ਹੋਣ।

੮. ਗਊ ਵੰਸ਼ ਦੀ ਹੱਤਿਆ ਬੰਦ ਹੋਵੇ।

੯. ਪਿੰਡਾਂ ਦੀ ਬੇਕਾਰੀ ਤੇ ਸ਼ਹਿਰਾਂ ਦੀ ਭੀੜ ਦੋਨੋਂ ਨਾਲ ਨਾਲ ਵਧ ਰਹੀਆਂ ਹਨ, ਜੋ ਸਮੱਸਿਆ ਬਣਦੀਆਂ ਜਾ ਰਹੀਆਂ ਹਨ ਇਸ ਲਈ ਜਿਥੇ ਕੱਚਾ ਮਾਲ ਪੈਦਾ ਹੋਵੇ ਉਥੇ ਹੀ ਪੱਕਾ ਬਣੇ।

੧੦. ਟੈਕਨੋਲੋਜੀ ਦਾ ਲਾਭ ਕੁਝ ਲੋਕਾਂ ਨੂੰ ਮਿਲਣ ਦੀ ਬਜਾਏ ਲੱਖਾਂ ਪਿੰਡਾਂ ਨੂੰ ਮਿਲੇ। ਖਾਦੀ ਗ੍ਰਾਮ ਉਦਯੋਗਾਂ ਦਾ ਵਿਕਾਸ ਹੋਵੇ।

ਉਜਾਗਰ ਸਿੰਘ ਬਿਲਗਾ
ਪ੍ਰਧਾਨ
ਭਾਰਤੀਯ ਸ਼ਾਂਤੀ ਸੈਨਾ, ਪੰਜਾਬ ਸ਼ਾਖਾ
ਸਰਵੋਦਯ ਭਵਨ, ਜਲੰਧਰ ਸ਼ਹਿਰ



Sri Satguru Jagjit Singh Ji Elibrary NamdhariElibrary@gmail.com

# ਪ੍ਰਤੀ ਕਰਮ

ਮੈਂ "ਵਰਿਆਮ" ਦਾ ਲਗਾਤਾਰ ਪਾਠਕ ਹਾਂ ਤੇ ਇਸ ਵਿਚ ਦਿੱਤੀਆਂ ਕਿਰਤਾਂ ਦਾ ਵੀ ਕਦਰਦਾਨ ਹਾਂ। ਪਰ ਮੇਰੇ ਦਿਲ ਵਿਚ ਇਕ ਸ਼ੰਕਾ ਹੈ ਕਿ ਤੁਸੀਂ ਬਹੁਤ ਵੇਰਾਂ ਉੱਘੇ ਨਾਮਧਾਰੀਆਂ ਅਤੇ ਗੁਰਸੇਵਕਾਂ ਦੇ ਨਾਵਾਂ ਪਿੱਛੇ ਗੋਤਾਂ-ਜਾਤਾਂ ਦਾ ਬਿਨਾਂ ਸੰਕੋਚ ਖੁਲ ਕੇ ਪ੍ਰਗਟਾਵਾ ਕਰ ਜਾਂਦੇ ਹੋ। ਕੀ ਅਜੇਹਾ ਕਰਨਾ ਨਾਮਧਾਰੀ ਸਤਿਗੁਰੂਆਂ ਦੇ ਆਦੇਸ਼ਾਂ ਦੀ ਉਲੰਘਣਾ ਤਾਂ ਨਹੀਂ? ਪਹਿਲਾਂ ਅਸੀਂ ਕਦੇ ਵੀ ਕਿਸੇ ਨਾਮਧਾਰੀ ਨੂੰ ਇਸ ਤਰ੍ਹਾਂ ਵਰਨਣ ਕੀਤੇ ਇਤਿਹਾਸਾਂ ਆਦਿ ਵਿਚ ਨਹੀਂ ਸੁਣਿਆਂ, ਪੜ੍ਹਿਆ। ਕੀ ਆਪ ਕਿਰਪਾ ਕਰਕੇ ਇਸ ਬਾਰੇ ਸਪਸ਼ਟੀਕਰਣ ਕਰੋਗੇ। ਆਪਣੇ ਕਾਲਮਾਂ ਰਾਹੀਂ?

ਤੀਰਥ ਸਿੰਘ,
ਐਸ. ਏ. ਐਸ. ਨਗਰ,
ਮੋਹਾਲੀ।

ਸੱਚੀ ਗੱਲ ਤਾਂ ਇਹ ਹੈ, ਕਿ ਜਦੋਂ ਮੈਂ ਹੀ ਅਕਤੂਬਰ ਦੇ ਮਹੀਨੇ ਦਾ ਵਰਿਆਮ ਪੜ੍ਹਿਆ ਤਾਂ ਮੈਨੂੰ ਬਹੁਤ ਨਿਰਾਸ਼ਾ ਹੋਈ, ਕਿਉਂ ਕਿ ਉਸ ਵਿਚ ਬੀਤੇ ਦੀਆਂ ਪੈੜਾਂ ਤੋਂ ਸਿਵਾ ਹੋਰ ਕੋਈ ਲੇਖ ਹੀ ਨਹੀਂ ਸੀ। Daily Diary ਦੀ 'ਬੀਤੇ ਦੀਆਂ ਪੈੜਾਂ' ਵਿਚੋਂ ਝਲਕ ਤਾਂ ਜ਼ਰੂਰ ਮਿਲ ਜਾਂਦੀ ਹੈ, ਪਰ ਕਾਫ਼ੀ ਕੁਝ ਲਿਖਣ ਦੀ ਲੋੜ ਤਾਂ ਭਾਵੇਂ ਹੋਵੇ, ਪਰ ਛਾਪਣ ਦੀ ਲੋੜ ਨਹੀਂ ਜਾਪਦੀ। ਪਰ ਆਪ ਜੀ ਅਨੁਭਵੀ ਹੋ। ਇਸ ਤੋਂ ਬਾਅਦ ਵਾਲੇ ਅੰਕਾਂ ਨੇ ਮੈਨੂੰ ਜ਼ਰੂਰ ਪ੍ਰਭਾਵਿਤ ਕੀਤਾ ਹੈ, ਕਿਉਂ ਉਹਨਾਂ ਵਿਚ ਮਨ ਹਿਰਦੇ ਖੁਸ਼ੀ ਨੂੰ ਤ੍ਰਿਪਤ ਕਰਨ ਵਾਲਾ ਮਸਾਲਾ ਜ਼ਰੂਰ ਮਿਲ ਜਾਂਦਾ ਹੈ।

ਬੇਅੰਤ
ਰਾਜੌਰੀ ਗਾਰਡਨ, ਨਵੀਂ ਦਿੱਲੀ।

ਛੋਟੇ ਲਿਖਾਰੀਆਂ ਨੂੰ ਵੀ ਉਤਸ਼ਾਹ ਦਿਆ ਕਰੋ। ਨਾਮਧਾਰੀਆਂ ਨੂੰ ਲਿਖਣ ਲਈ ਪਰੇਰੋ।

—ਡਾ: ਦਰਸ਼ਨ ਸਿੰਘ ਰਾਇਕੋਟ

ਸਤਵੇਂ ਵਰ੍ਹੇ ਵਿਚ ਪ੍ਰਵੇਸ਼ ਕਰਨ ਵਾਲਾ 'ਵਰਿਆਮ' ਜਦੋਂ ਪੁਜਾ ਤਾਂ ਵੇਖ ਮਨ ਪ੍ਰਸੰਨ ਹੋ ਗਿਆ। ਨਵੇਂ ਵਰ੍ਹੇ ਦੀ ਵਧਾਈ ਕਬੂਲ ਕਰੋ। ਇਸ ਅੰਕ ਨੂੰ ਪੜ੍ਹਕੇ ਕੁਛ ਵਿਚਾਰ ਤੁਹਾਡੀ ਸੇਵਾ ਵਿਚ ਜ਼ਾਹਰ ਕਰਨਾ ਚਾਹੁੰਦਾ ਹਾਂ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਰੋਹ ਦੀ ਰੀਪੋਰਟ ਬੜੀ ਹੀ ਸਾਰਥਕ, ਸੰਖੇਪ ਅਤੇ ਤੋਲਵੀਂ ਪੇਸ਼ ਕਰਕੇ ਸਹੀ ਜਾਣਕਾਰੀ ਦਿੱਤੀ ਹੈ ਇਸ ਦੀਆਂ ਗੋਸ਼ਟੀਆਂ ਬਾਰੇ ਵੀ ਭਾਵਪੂਰਤ ਵਿਚਾਰ ਪੇਸ਼ ਕੀਤੇ ਹਨ। ਇਸ ਅੰਕ ਵਿਚ ਕਿੰਨੇ ਸਾਹਿਤਕਾਰਾਂ ਦੀਆਂ ਤਸਵੀਰਾਂ ਦੇ ਕੇ ਇਸ ਅੰਕ ਨੂੰ ਬਹੁਮੁੱਲਾ ਤੇ ਸਾਂਭਣ ਯੋਗ ਬਣਾ ਦਿੱਤਾ ਹੈ। ਘਰ ਬੈਠਿਆਂ ਨੂੰ ਸਮਾਗਮ ਦੇ ਦਰਸ਼ਨ ਕਰਵਾ ਦਿੱਤੇ ਹਨ।

ਜਸਵੰਤ ਸਿੰਘ ਵਿਰਦੀ ਦੀ 'ਹਾਰੋ' ਨਦੀ ਦੀਆਂ ਆਖਰੀ ਸਤਰਾਂ ਕਿੰਨੀਆਂ ਪਿਆਰੀਆਂ ਹਨ। ਇਕ ਨਦੀ ਦਾ ਸਹਾਰਾ ਲੈ ਕੇ ਜੀਵਨ ਦਾ ਆਦਰਸ਼ ਦਰਸਾ ਦਿੱਤਾ ਹੈ—"ਆਪਣੀ ਸੀਮਾ ਅੰਦਰ ਮਰਿਆਦਾ ਬੱਧ ਹੋ ਕੇ ਚਲਣ ਦਾ ਨਾ ਹੀ ਜ਼ਿੰਦਗੀ ਹੈ, ਭਾਵੇਂ ਉਹ ਜ਼ਿੰਦਗੀ ਦਰਿਆ ਦੀ ਹੀ ਕਿਉਂ ਨਾ ਹੋਵੇ।"

ਸਤਿਗੁਰੂ ਜੀ ਸਾਹਿਤਕਾਰਾਂ ਨਾਲ ਜੋ ਸਨੇਹ ਰਖਦੇ ਹਨ ਇਸ ਦੀ ਮਹਿਕ ਮੇਰੇ ਮਨ ਵਿਚ ਕਈ ਵਾਰ ਪਸਰਦੀ ਹੀ ਰਹਿੰਦੀ ਹੈ। ਸਹਾਇਤਾ ਵੀ ਕੀਤੀ ਹੈ ਕੇਂਦਰੀ ਸਭਾ ਦੇ ਸਮਾਗਮ ਦੀ ਨਿਰੀਆਂ ਅਸੀਸਾਂ ਨਾਲ ਹੀ ਨਹੀਂ ਸਾਰਿਆ। ਸੰਗੀਤ ਨਾਲ ਤਾਂ ਪਿਆਰ ਰਖਦੇ ਹੀ ਹਨ ਸਾਹਿਤਕਾਰਾਂ ਨਾਲ ਮੋਹ ਹੋਣਾ ਹੋਰ ਵੀ ਫ਼ਖਰ ਵਾਲੀ ਧਾਰਨਾ ਹੈ। 'ਮੁਸਕਰਾਹਟ ਹੀ ਜੀਵਨ ਹੈ' ਲੇਖ ਉਚਪਾਏ ਦਾ ਹੈ—

"ਮੁਸਕਾਨਾਂ ਦੇ ਜਾਦੂ ਵਿਚ ਜੋ ਬਰਕਤ ਹੈ,
'ਪੰਛੀ' ਗੁੱਝਾ ਭੇਦ ਜੋ ਨਹੀਂ ਸੁਣਾ ਹੁੰਦਾ।"

'ਮੀਨਾਲੀ ਕਰਮਾਂ ਵਾਲੀ' ਤਾਂ ਹੀ ਸੀ ਕਿ ਉਥੇ ਆਪਣਾ ਪਿਆਰਾ ਬਿਰਾਜਮਾਨ ਸੀ। ਖੈਰ ਤੁਸੀਂ ਜਲੰਧਰ-ਰੋਪੜ ਸੜਕ ਨੂੰ ਤੇ ਉਸਦੇ ਹੁਸਨ ਨੂੰ ਅਮਰ ਕਰ ਦਿੱਤਾ ਹੈ ਆਪਣੇ ਇਸ ਲੇਖ ਰਾਹੀਂ। ਯਾਤਰਾ ਨੂੰ ਵਾਹ ਵਾਹ ਹੱਥ ਮਾਰਨ ਲਗ ਗਏ ਹੋ। ਸ਼ਬਦ ਚਿੱਤਰ—ਜਥੇਦਾਰ ਨਿਰੰਜਨ



Sri Satguru Jagjit Singh Ji Elibrary NamdhariElibrary@gmail.com

ਸਿੰਘ ਦਾ ਬਹੁਤ ਜਚਿਆ ਹੈ। ਜਥੇਦਾਰ ਜੀ ਦੀਆਂ ਹਾਸ ਵਿਅੰਗ ਦੀਆਂ ਸਿਧੀਆਂ ਸਾਦੀਆਂ ਗੱਲਾਂ ਪਿਆਰੀਆਂ ਹਨ। ਇਹ ਫੀਚਰ ਜ਼ਰੂਰ ਦਿਆ ਕਰੋ ਤਾਂ ਜੋ ਨਾਮਧਾਰੀ ਜਥੇਦਾਰਾਂ ਦੀ ਜਾਣਕਾਰੀ ਬਾਹਰੀ ਜਗਤ ਨੂੰ ਹੁੰਦੀ ਰਵ੍ਹੇ। ਟਕਸਾਲੀ ਹੱਲੇ ਦੇ ਦੀਵਾਨ ਦੀ ਪ੍ਰਭਾਸ਼ਾ ਮੈਨੂੰ ਜੱਚੀ ਹੈ। ਜੋ ਤੁਸੀਂ ਸੁਤੇਸਿਧ ਹੀ ਕਰ ਗਏ ਹੋ। ਸੂਬਾ ਦਰਸ਼ਨ ਸਿੰਘ ਦੀ ਅਲਵਦਾ ਪੜ੍ਹਕੇ ਮਨ ਨੂੰ ਬਹੁਤ ਅਫਸੋਸ ਹੋਇਆ 'ਇਕ ਸ਼ੇਅਰ ਭੇਟਾ ਹੈ—"ਉਂਞ ਤਾਂ ਕੁਝ ਸੋਹਣੇ ਦੁਨੀਆਂ ਤੇ, ਬਸ ਕਿਤੇ ਕਿਤੇ ਮਿਲਦੇ ਨੇ, ਜੇ ਰੱਬ ਸਬੱਬ ਬਣਾ ਦੇਵੇ, ਤਾਂ ਉਮਰ ਵਿਚਾਰੀ ਥੁੜ ਜਾਵੇ।" ਸ਼ਹੀਦ ਕ੍ਰਿਸ਼ਨ ਸਿੰਘ ਮੈਮੋਰੀਅਲ ਸਕੂਲ ਬਾਰੇ ਪੜ੍ਹਕੇ ਮਨ ਨੂੰ ਇੰਝ ਪ੍ਰਤੀਤ ਹੋਇਆ ਕਿ ਸੱਚੇ ਪਾਤਸ਼ਾਹ ਕਿੰਨੇ ਸਾਰਥਕ ਯਤਨ ਕਰਨ ਲੱਗੇ ਹੋਏ ਹਨ। ਆਪਣਿਆਂ ਦੀਆਂ ਯਾਦਾਂ ਕਾਇਮ ਕਰਨ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਚਾ ਚੁੱਕਣ ਦੇ ਹੀਲੇ ਧੰਨ ਹਨ।

ਇਕ ਕਲਾਕਾਰ ਦੀ ਯਾਦ ਵਿਚ ਤੁਸੀਂ ਇਕ ਬਹੁਤ ਹੀ ਚੰਗੇ ਸੇਵਕ ਦੀ ਸੇਵਾ ਪ੍ਰਤੀ ਜਾਣਕਾਰੀ ਦਿੱਤੀ ਹੈ। ਮਾਲਕ ਦੇ ਰੰਗ ਹਨ। ਬੀਬੀ ਪ੍ਰਕਾਸ਼ ਕੌਰ ਵੈਰਾਗ ਦੀ ਮੂਰਤੀ ਨੂੰ ਮੇਰੀ ਹਮਦਰਦੀ ਪੁਜਦੀ ਕਰਨੀ।

'ਇਕ ਸੁਨੇਹਾ' ਗੁਰਭਜਨ ਸਿੰਘ ਦਾ ਬੜਾ ਸਰਲ ਵਜ਼ਨ ਬਹਿਰ ਵਿਚ ਮਨ ਨੂੰ ਪੁਜਿਆ ਹੈ। ਅੰਤ ਵਿਚ 'ਨਹੀਂ ਰੀਸਾਂ ਬੀਤੇ ਦੀਆਂ ਪੈੜਾਂ ਦੀਆਂ'—ਇਸ ਵਿਚ ਮਿਤੀ ੧੯ ਦਸੰਬਰ, ੧੯੭੭ ਹੋਵੇਗੀ ਪਰ ੧੯੮੧ ਛਪੀ ਹੈ।

ਕਰਤਾਰ ਸਿੰਘ 'ਪੰਛੀ'
ਪ੍ਰਧਾਨ ਪੰਜਾਬੀ ਸਾਹਿਤ ਸਭਾ,
ਮਲੇਰਕੋਟਲਾ।

ਵਰਿਆਮ ਦਾ ਨਵੰਬਰ ਅੰਕ ਮਿਲਿਆ। ਵਰਿਆਮ ਫੜਦਿਆਂ ਮੈਨੂੰ ਮਹਿਸੂਸ ਹੋਇਆ ਜਿਵੇਂ ਬਹੁਤ ਕੀਮਤੀ ਖਜ਼ਾਨਾ ਮੇਰੇ ਹੱਥ ਆ ਗਿਆ ਹੋਵੇ; ਜਦੋਂ ਮੈਂ ਅੰਕ ਖੋਹਲ ਕੇ ਵੇਖਿਆ ਖਜਾਨਾ ਵਾਕਿਆ ਹੀ ਹੀਰਿਆਂ ਲਾਲਾਂ ਦਾ ਸੀ ਵੈਸੇ ਤਾਂ ਸਾਰਾ ਵਰਿਆਮ ਮੇਰੇ ਬਹੁਤ ਪਸੰਦ ਆਇਆ ਪਰ ਇਕ ਸੁਨੇਹਾ ਕਵਿਤਾ ਬੜੀ ਚੰਗੀ ਲੱਗੀ। ਸੱਜੇ ਦੀਵਾਨ ਦੀ ਤਸਵੀਰ ਵੇਖ ਕੇ ਤੇ ਜਥੇਦਾਰ ਜੀ ਬਾਰੇ ਪੜ੍ਹਕੇ ਹੱਲੇ ਦਾ ਦੀਵਾਨ ਸੁਣਨ ਨੂੰ ਜੀ ਕੀਤਾ ਜੋ ੧੨ ਪੋਹ ਨੂੰ ਫਤਿਹਗੜ੍ਹ ਜਾ ਕੇ ਪੂਰਾ ਕਰਾਂਗਾ। ਵਰਿਆਮ ਦੀ ਤਾਰੀਫ ਕਰਨੀ ਮੇਰੇ ਵਸ ਦਾ ਰੋਗ ਨਹੀਂ। ਸਤਿਗੁਰੂ ਦੀ ਕ੍ਰਿਪਾ ਨਾਲ ਵਰਿਆਮ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰੇ।

ਕਾਮਰੇਡ ਸੰਤੋਖ ਸਿੰਘ ਮਾਣਕਪੁਰ

## ਅਕਤੂਬਰ ਅੰਕ

ਕਵੀ ਜੀ ਨੇ ਸ੍ਰ: ਜਗਦੀਸ਼ ਸਿੰਘ ਬਾਰੇ ਵੀ ਬਹੁਤ ਸੋਹਣਾ ਲਿਖਿਆ ਏ। ਇਸ ਬਹਾਨੇ ਨਾਲ ਹੀ ਜਗਦੀਸ਼ ਦੀ ਸਾਰੀ ਜ਼ਿੰਦਗੀ ਬਾਰੇ ਪੜ੍ਹ ਲਿਆ ਏ। ਸ੍ਰ: ਜਗਦੀਸ਼ ਸਿੰਘ ਇਕ ਮੇਹਨਤੀ ਇਨਸਾਨ ਏ। ਤੇ ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਬਹੁਤ ਨੇੜੇ ਹੈ। ਇਸ ਤਰ੍ਹਾਂ ਦਾ ਇਨਸਾਨ ਸਤਿਗੁਰੂ ਜੀ ਦੇ ਨੇੜੇ ਹੀ ਹੋਣਾ ਚਾਹੀਦਾ ਏ। ਕਵੀ ਜੀ ਦੇ ਹਿਸਾਬ ਨਾਲ ਇਹ ਉਪਜਾਊ ਦਿਮਾਗ ਇਕ ਲੀਡਰ ਬਣ ਜਾਵੇ ਤਾਂ ਬਹੁਤ ਚੰਗਾ ਏ। ਪਰ ਲੀਡਰ ਆਪਣੀ ਲੀਡਰੀ ਮਾਰਨ ਤੋਂ ਬਾਜ ਨਹੀਂ ਆਉਂਦੇ। ਪਰ ਇਸ ਮਨੁੱਖ ਤੇ ਸਤਿਗੁਰੂ ਜੀ ਦੀ ਅਪਾਰ ਕਿਰਪਾ ਏ। ਇਸ ਕਰਕੇ ਇਹ ਮਨੁੱਖ ਇਕ ਸਾਧੂ ਸੁਭਾ ਹੀ ਰਵੇਗਾ।

## ਨਵੰਬਰ ਅੰਕ

ਨਵੰਬਰ ਮਹੀਨੇ ਦਾ ਵਰਿਆਮ ਅੰਕ ਮੈਨੂੰ ਲੇਟ ਹੀ ਮਿਲਿਆ ਲਗਦਾ ਏ। ਪਰ ਇਸ ਵਾਰ ਸਰੀਰੋਂ ਤਕੜਾ ਲਗਦਾ ਸੀ। ਕਿਉਂਕਿ ਉਸ ਦੇ ਮੁਖ ਪੰਨੇ ਤੇ ਬੁਧੀਜੀਵ ਕਲਾਕਾਰ ਤੇ ਸਿਆਸੀ ਲੋਕ ਜੁੜੇ ਹੋਏ ਸੀ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਰੋਹ ਦਾ ਮਾਣ ਵੀ ਨਾਲ ਲਮਕ ਰਿਹਾ ਸੀ। ਇਹ ਤਾਂ ਸ. ਜਗਦੀਸ਼ ਸਿੰਘ ਦਾ ਕਮਾਲ ਸੀ ਕਿ ਪ੍ਰੋਗਰਾਮ ਦੀਆਂ ਝਾਤੀਆਂ ਪਵਾ ਦਿਤੀਆਂ ਹਨ।

ਇਸ ਅੰਕ ਦੀ ਕਵੀ ਜੀ ਦੀ 'ਬੀਤੇ ਦੀ ਪੈੜ' ਵਾਲਾ ਸਿਲਸਿਲਾ ਕੁਝ ਲੰਮਾ ਸੀ ਪਰ ਸੁਆਦਲਾ ਵੀ ਸੀ। ਕਿਉਂਕਿ ਇਸ ਹਿਸਾਬ ਨਾਲ ਹੀ ਲਿਖਿਆ ਹੋਇਆ ਸੀ। ਸਾਧਿਆ ਸਰੀਰ ਵਾਲਾ ਹਿਸਾ ਬਹੁਤ ਸੋਹਣਾ ਏ ਤੇ ਸਤਿਗੁਰ ਜੀ ਦੇ ਨਿਤਨੇਮ ਬਾਰੇ ਬਹੁਤ ਸੁੰਦਰ ਤਰੀਕੇ ਨਾਲ ਲਿਖਿਆ ਹੋਇਆ ਏ। ਇਹ ਸਾਰਾ ਕੁਝ ਪੜ੍ਹ ਕੇ ਅੱਖਾਂ ਅਗੇ ਇਕ ਸਵਰਗ ਦਾ ਹੀ ਨਜ਼ਾਰਾ ਆ ਜਾਂਦਾ ਏ। ੨੧ ਦਸੰਬਰ ੧੯੭੭ ਤੋਂ ਲੈ ਕੇ ੨੮ ਦਸੰਬਰ ੧੯੭੭ ਤਕ ਕਲਕੱਤੇ ਵਾਲਾ ਹਿੱਸਾ ਜਿਸ ਵਿਚ ਸੰਗੀਤ ਦੇ ਪ੍ਰੋਗਰਾਮ ਦਾ ਸਾਰਾ ਵੇਰਵਾ ਦਿਤਾ ਹੋਇਆ ਏ। ਮੈਂ ਵੇਖਿਆ ਨਹੀਂ ਪਰ ਉਸ ਦੇ ਦ੍ਰਿਸ਼ਾਂ ਨੂੰ ਸ਼ਬਦਾਂ ਰਾਹੀਂ ਮਾਣ ਰਿਹਾ ਸੀ। ਬਿਰਜੂ ਮਹਾਰਾਜ ਦਾ ਨ੍ਰਿਤ ਦਾ ਨਜ਼ਾਰਾ ਸਿਰਫ ਖਿਆਲਾਂ ਵਿਚ ਹੀ ਆਇਆ ਏ ਤੇ ਇਸ ਸਾਰੇ ਪ੍ਰੋਗਰਾਮ ਵਿਚ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਕਿਸ ਤਰ੍ਹਾਂ ਪਿਆਰ ਦੀ ਲੜੀ ਨੂੰ ਜੋੜੀ ਰਖਿਆ।

ਸੰਤ ਖਜ਼ਾਨ ਸਿੰਘ ਦੀ ਕਲਾ ਬਾਰੇ ਜੋ ਕੁਝ ਸ: ਜਗਦੀਸ਼ ਸਿੰਘ ਨੇ ਲਿਖਿਆ ਏ, ਉਹ ਸਾਰੀ ਕਲਾਕਾਰੀ ਤੇ ਨਿਮਰਤਾ ਉਸ ਮਨੁੱਖ ਵਿਚ ਹੀ ਆਉਂਦੀ ਏ। ਜਿਸ ਤੇ ਸਤਿਗੁਰੂ ਜੀ ਦੀ ਮੋਹਰ ਹੋਵੇ। ਸੰਤ ਖਜ਼ਾਨ ਸਿੰਘ ਦਾ ਆਖਰੀ ਸਫਰ ਵੀ ਸਤਿਗੁਰੂ ਜੀ ਦੇ ਚਰਨਾਂ ਵਿਚ ਹੀ ਪੂਰਾ ਹੋਇਆ ਤੇ ਆਪਣੀ ਨੇਕ ਕਮਾਈ ਨੂੰ ਸਫਲ ਕਰ ਗਿਆ।

ਸੂਬਾ ਦਰਸ਼ਨ ਸਿੰਘ ਜੀ ਦੇ ਦਰਸ਼ਨ ਤਸਵੀਰ ਰਾਹੀਂ ਜਗਦੀਸ਼ ਸਿੰਘ ਨੇ ਕਰਵਾ ਦਿਤੇ ਤੇ ਉਹਨਾਂ ਦੀ ਜ਼ਿੰਦਗੀ ਬਾਰੇ ਵੀ ਚਾਨਣਾ ਪਾਇਆ। ਮੈਂ ਉਹਨਾਂ ਬਾਰੇ ਪਹਿਲਾਂ ਸੁਣਿਆ ਹੋਇਆ ਸੀ। ਕਿ ਬਹੁਤ ਨੇਕ ਮਨੁੱਖ ਹਨ। ਪਰ ਤਸਵੀਰ ਵੇਖਣ ਤੋਂ ਪਤਾ ਲਗ ਗਿਆ ਕੇ ਤਿਆਗੀ ਤੇ ਸਿਮਰਨ ਕਰਣ ਵਾਲੇ ਮਨੁੱਖ ਸਨ। ਸਤਿਗੁਰੂ ਜੀ ਨੇ ਵੀ ਆਪਣੇ ਸੇਵਕ ਦੀ ਦਿਰੜਤਾ ਨੂੰ ਵੇਖਦੇ ਹੀ ਫੇਰ ਸਭ ਕੁਛ ਆਪਣੇ ਸ਼ਬਦਾਂ ਨਾਲ ਕਹਿ ਕੇ ਸਾਰੀ ਸੰਗਤ ਨੂੰ ਸਮਝਾ ਦਿਤਾ ਸੀ ਕਿ ਸੂਬਾ ਦਰਸ਼ਨ ਸਿੰਘ ਜੀ ਕਿਸਤਰਾਂ ਦੇ ਮਨੁੱਖ ਸਨ।

ਜਥੇਦਾਰ ਨਿਰੰਜਣ ਸਿੰਘ ਬਾਰੇ ਜਗਦੀਸ਼ ਸਿੰਘ ਦਾ ਸ਼ਬਦ ਚਿਤਰ ਬਹੁਤ ਸੋਹਣਾ ਏ। ਕਿਉਂਕਿ ਮੈਨੂੰ ਆਪਵੀ ਨਾਮਧਾਰੀਆਂ ਦਾ ਢੋਲਕੀ ਛੈਣਿਆਂ ਨਾਲ ਹੁੰਦਾ ਦੀਵਾਨ ਬਹੁਤ ਸੋਹਣਾ ਲਗਦਾ ਏ। ਤੇ ਦਿਲ ਕਰਦਾ ਕਈ ਕਈ ਘੰਟੇ ਸੁਣਦਾ ਰਵਾਂ ਤੇ ਇਸ ਤਰ੍ਹਾਂ ਦੇ ਦੀਵਾਨ ਜਥੇਦਾਰ ਨਿਰੰਜਨ ਸਿੰਘ ਵਰਗੇ ਹੀ ਮਹਾਨ ਮਨੁੱਖ ਲਗਾ ਸਕਦੇ ਹਨ। ਕਿਸੇ ਮਾੜੇ ਦਾ ਕੰਮ ਨਹੀਂ ਕਿ ਇਸ ਤਰ੍ਹਾਂ ਦਾ ਦੀਵਾਨ ਲਾ ਦੇਵੇ।

## ਦਸੰਬਰ ਅੰਕ

ਨਾ ਮੈਂ ਕਲਕੱਤੇ ਜਾਣਾ ਏ ਤੇ ਨਾ ਹੀ ਰਵਿੰਦਰ ਸਦਨ ਵੇਖਣਾ ਏ। ਪਰ ਕਵੀ ਜੀ ਨੇ ਬੀਤੇ ਦੀਆਂ ਪੈੜਾਂ ਵਿਚ ਸਾਰੇ ਕਲਕਤੇ ਦੀ ਸੈਰ ਕਰਵਾ ਦਿਤੀ ਏ। ਤੇ ਉਹਨਾਂ ਸਾਰੇ ਕਲਾਕਾਰਾਂ ਦੇ ਦਰਸ਼ਨ ਕਰਵਾ ਦਿਤੇ ਹਨ। ਜਿੰਨਾਂ ਦੇ ਸ਼ਾਇਦ ਉਸ ਤਰ੍ਹਾਂ ਤਾਂ ਦਰਸ਼ਨ ਹੋਣ ਪਰ ਕਵੀ ਜੀ ਦੇ ਲਿਖੇ ਸ਼ਬਦਾਂ ਅਨੁਸਾਰ ਦਰਸ਼ਨ ਕਰ ਲਏ ਹਨ। ਬੀਤੇ ਦੀਆਂ ਪੈੜਾਂ ਪੜ੍ਹਕੇ ਹੀ ਗਿਆਨ ਹੋਇਆ ਕਿ ਸਤਿਗੁਰੂ ਜੀ ਇਸਤਰੀਆਂ ਦਾ ਨ੍ਰਿਤ ਨਹੀਂ ਵੇਖਦੇ। ਤੇ ਇਕ ਮਰਿਆਦਾ ਵਿਚ ਹੀ ਰਹਿੰਦੇ ਹਨ। ਤੇ ਪਿੰਕੀ ਦੇ ਤਬਲੇ ਦੀਆਂ ਰੰਗ ਬੇਰੰਗੀਆਂ ਤਾਲਾਂ ਵੀ ਸੁਣੀਆਂ ਉਹ ਵੀ ਸ਼ਬਦਾਂ ਰਾਹੀਂ।

ਕਲਾਕਾਰਾਂ ਦੇ ਚੁਟਕਲੇ ਵੀ ਪੜ੍ਹੇ ਤੇ ਸਤਿਗੁਰੂ ਮਹਾਰਾਜ ਜੀ ਵਲੋਂ ਕਲਾਕਾਰਾਂ ਦੇ ਸਨਮਾਨਣ ਦਾ ਸਮਾਂ ਵੀ ਪੜ੍ਹਿਆ। ਕਵੀ ਜੀ ਨੇ ਬੀਤੇ ਦੀਆਂ ਪੈੜਾਂ ਵਿਚ ਸਾਰੇ ਕਲਕਤੇ ਦੀ ਸੈਰ ਕਰਵਾ ਦਿਤੀ ਏ। ਇਸ ਕਰਕੇ ਬੀਤੇ ਦੀਆਂ ਪੈੜਾਂ ਬਹੁਤ ਸਾਰਾ ਗਿਆਨ ਵਿਚ ਵਾਧਾ ਕਰਦੀਆਂ ਹਨ।

—ਗੁਰਦੇਵ ਸਿੰਘ ਦਾ ਉਸਤਾਦ ਅਜਮਦ ਅਲੀ ਨਾਲ ਪਾਕਿਸਤਾਨ ਦੀ ਦੋ ਦਿਨ ਦੀ ਯਾਤਰਾ ਪੜ੍ਹੀ ਤੇ ਬਹੁਤ ਸਾਰਾ ਗਿਆਨ ਹੋਇਆ ਕੇ ਪਾਕਿਸਤਾਨ ਵਾਲੇ ਚੰਗੇ ਕਲਾਕਾਰਾਂ ਦਾ ਕਿੰਨਾਂ ਸਤਿਕਾਰ ਕਰਦੇ ਹਨ। ਤੇ ਉਹਨਾਂ ਦੀ ਸੰਗੀਤ ਤੇ ਸਭਿਆਚਾਰ ਸੋਸਾਇਟੀ ਵਿਚ ਕਿੰਨੇ ਕਲਾਕਾਰ ਮੈਂਬਰ ਲਏ ਹੋਏ ਹਨ। ਸਾਡੇ ਇਹੋ ਜਿਹੀਆਂ ਸੋਸਾਇਟੀਆਂ ਤੇ ਸਿਆਸੀ ਲੋਕ ਹੀ ਕਾਬਜ ਰਹਿੰਦੇ ਹਨ ਤੇ ਕਲਾਕਾਰ ਲੋਕ ਰੁਲਦੇ ਹੀ ਰਹਿੰਦੇ ਹਨ। ਇਹ ਗੱਲ ਸਾਡੇ ਲੋਕਾਂ ਵਾਸਤੇ ਠੀਕ ਨਹੀਂ। ਚੰਗੇ ਕਲਾਕਾਰਾਂ ਦੇ ਦੋਹੀਂ ਪਾਸੀਂ ਰੇਡੀਓ ਤੇ ਟੀ.ਵੀ. ਤੇ ਇੰਟਰਵਿਊ ਹੋਣੇ ਚਾਹੀਦੇ ਹਨ।

—ਮਨਾਲੀ ਕਰਮਾਂ ਵਾਲੀ ਸ: ਜਗਦੀਸ਼ ਸਿੰਘ ਦੀ ਦੂਸਰੀ ਕਿਸ਼ਤ ਪੜ੍ਹਿਆ ਏ। ਇਸ ਲੇਖ ਵਿਚ ਸਾਰੇ ਹਿਮਾਚਲ ਦੀ ਸੈਰ ਹੋ ਜਾਂਦੀ ਏ। ਨਾਲੇ ਇਸ ਚੀਜ਼ ਦਾ ਵੀ ਗਿਆਨ ਹੋ ਗਿਆ ਏ ਕਿ ਸਤਿਗੁਰੂ ਜੀ ਦੇ ਚਰਨਾਂ ਵਿਚ ਵਿਦਵਾਨਾਂ ਦਾ ਅਧਿਅਨ ਸਮਾਗਮ ਕਿਸ ਤਰ੍ਹਾਂ ਹੁੰਦਾ ਏ। ਗੁਰੂ ਗਰੰਥ ਸਾਹਿਬ ਦਾ ਸੁਧ ਪਾਠ ਕਿਸ ਤਰ੍ਹਾਂ ਕੀਤਾ ਜਾਂਦਾ ਏ। ਤੇ ਉਸ ਦੇ ਨਾਲ ਗੁਰਬਾਣੀ ਦੇ ਅਰਥ ਵੀ ਸਹੀ ਕੀਤੇ ਜਾਂਦੇ ਹਨ। ਮਹੰਤ ਆਤਮਾ ਸਿੰਘ ਸਨਖਤਰਾ ਦੀ ਕਵਿਤਾ ਵੀ ਪੜ੍ਹੀ ਜਿਹੜੀ ਉਹਨਾਂ ਨੇ ਮਨਾਲੀ ਤੋਂ ਪ੍ਰਭਾਵਤ ਹੋ ਕੇ ਲਿਖੀ ਸੀ। ਤੇ ਜਗਦੀਸ਼ ਸਿੰਘ ਨੇ ਰੋਹਤਾਂਗ ਦੀਆਂ ਬਰਫਾਂ ਤੇ ਚੰਗੀ ਤਰ੍ਹਾਂ ਸੈਰ ਕੀਤੀ ਤੇ ਦਰਿਆ ਬਿਆਸ ਵਿਚ ਇਸ਼ਨਾਨ ਕੀਤੇ। ਇਹ ਸਾਰੀਆਂ ਖੂਬੀਆਂ ਜਗਦੀਸ਼ ਸਿੰਘ ਜੀ ਦੀਆਂ ਹਨ।

—ਵਰਿਆਮ ਵਿਚ ਕੁਝ ਪੰਨੇ ਬੰਦ ਹੀ ਕਰ ਦਿਤੇ ਗਏ ਲਗਦੇ ਹਨ। ਉਹਨਾਂ ਪੰਨਿਆਂ ਨੂੰ ਚਾਲੂ ਰਖਣਾ ਚਾਹੀਦਾ ਏ। ਕਿਉਂਕਿ ਪਾਠਕ ਦਾ ਉਹਨਾਂ ਨਾਲ ਮਨ ਬੱਝਿਆ ਰਹਿੰਦਾ ਏ। ਹੋਰ ਵੀ ਨਵੇਂ ਪੰਨੇ ਸਗੋਂ ਚਾਲੂ ਕਰਨੇ ਚਾਹਦੇ ਹਨ।

ਹਰਭਜਨ ਸਿੰਘ ਬਾਜਵਾ
ਜ਼ਿਲਾ ਜੇਲ ਗੁਰਦਾਸਪੁਰ



Sri Satguru Jagjit Singh Ji Elibrary NamdhariElibrary@gmail.com

ਲੜੀ ਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

'ਬੀਤੇ ਦੀਆਂ ਪੈੜਾਂ' ਵਰਿਆਮ ਦਾ ਸਿਲਸਿਲੇਵਾਰ ਫੀਚਰ ਕਾਫੀ ਸਮੇਂ ਤੋਂ ਪਾਠਕਾਂ ਦੇ ਸਾਹਮਣੇ ਆ ਰਿਹਾ ਹੈ। ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੀ ਰੋਜ਼ਾਨਾ ਡਾਇਰੀ ਦੇ ਆਧਾਰ ਤੇ ਪ੍ਰਕਾਸ਼ਤ ਇਸ ਫੀਚਰ ਦੇ ਕੇਂਦਰੀ ਬਿੰਦੂ ਸਤਿਗੁਰੂ, ਜਗਜੀਤ ਸਿੰਘ ਜੀ ਹਨ। ਉਹਨਾਂ ਦੇ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਤੋਂ ਇਲਾਵਾ ਨਾਮਧਾਰੀ ਪੰਥ ਨਾਲ ਸਬੰਧਤ ਹੋਰ ਵਿਅਕਤੀਆਂ ਕਲਾਕਾਰਾਂ, ਸਥਾਨਾਂ ਅਤੇ ਅਹਿਮ ਸਮਾਗਮਾਂ ਬਾਰੇ ਵੀ ਵਾਕਫੀਅਤ ਮਿਲਦੀ ਹੈ।

(ਸੰਪਾਦਕ)

(ਲੜੀ ਜੋੜਨ ਲਈ ਵੇਖੋ ਅੰਕ ਜਨਵਰੀ ੧੯੯੨)

**੧੯ ਜਨਵਰੀ ੧੯੭੮**
**ਨਵੀਂ ਦਿੱਲੀ**

**ਚਲਦਾ ਬਿਰਤਾਂਤ ਸ਼ਾਮ ਦਾ ਦੀਵਾਨ**
**ਨਾਮਧਾਰੀ ਧਰਮਸਾਲਾ ਰਮੇਸ਼ ਨਗਰ**

## 'ਸੁਮਨ' ਲਈ ਉਦਾਰਤਾ

ਦੀਵਾਨ ਵਿਚ ਦਰਸ਼ਨ ਦੇਣ ਤੋਂ ਪਹਿਲੋਂ, ਕੋਠੀ ਵਿਚ ਹੀ, ਸਤਿਗੁਰੂ ਜੀ ਨੇ ਸੁਰਿੰਦਰ ਸਿੰਘ 'ਸੁਮਨ' ਨੂੰ ਅੰਦਰ ਬੁਲਾਇਆ ਤੇ ਪੁਛਿਆ : ਉਸ ਦਿਨ ਕੀ ਗੱਲ ਸੀ ? ਉਸ ਦੱਸਿਆ ਕਿ ਉਸਦੇ ਮਕਾਨ ਦੀ ਤਿਆਰੀ ਵਿਚ ਜੋ ਦਰਵਾਜ਼ੇ ਬਣਕੇ ਆਏ ਸਨ, ਉਨ੍ਹਾਂ ਨੂੰ ਸੰਬੰਧਤ ਲੋਕਾਂ ਹੀ ਵੇਚ ਲਿਆ।

"ਤੇਰੀ ਮਾਸਿਕ ਆਮਦਨੀ ਕਿੰਨੀ ਕੁ ਹੈ ?"

"ਅੱਠ ਨੌਂ ਸੋ ਰੁਪਏ !"

"ਤਾਂ ਫਿਰ ਮਕਾਨ ਤਾਂ ਤਿਆਰ ਹੋ ਹੀ ਜਾਣਾ ਸੀ, ਤੂੰ ਕੱਲਾ ਹੀ ਤਾਂ ਹੈਂ !"

ਉਸ ਦਸਿਆ ਕਿ ਬੇਦੀ ਸਾਹਿਬ ਦੀ ਸ਼ਾਗਿਰਦੀ ਸਮੇਂ ਖਰਚ ਬੜਾ ਹੁੰਦਾ ਰਿਹਾ ਹੈ ਤੇ ਪਿਛਲੇ ਛੇ-ਸੱਤ ਸਾਲ ਉਹ ਕਿਸੇ ਤਰ੍ਹਾਂ ਹੀ ਇਹ ਖਰਚ ਸਾਰਦਾ ਰਿਹਾ ਹੈ। ਫੇਰ 'ਸੁਮਨ' ਨੇ ਅਰਜ਼ ਕੀਤੀ ਕਿ ਜੇ ਉਹ ਕੁਝ ਸਮਾ ਹੋਰ ਬੇਦੀ ਜੀ ਕੋਲ ਲਗਾਏ ਤਾਂ ਪਰੀਪੂਰਣ ਹੋ ਜਾਵੇ।

"ਕਿੰਨਾ ਕੁ ਸਮਾ ?"

"ਇਹੋ ਕੋਈ ੫-੬ ਮਹੀਨੇ !"

"ਕਿੰਨੀ ਫੀਸ ਦੇਣੀ ਪਵੇਗੀ ?"

"੧੨੫ ਰੁਪਏ ਮਹੀਨਾ ਜੀ !"



ਲੇਖਕ

ਸਤਿਗੁਰੂ ਜੀ ਬਚਨ ਕੀਤਾ : ੧੮੦੦ ਰੁਪੈ ਤੈਨੂੰ ਅਸੀਂ ਦਿਆਂਗੇ ਤੂੰ ਸਾਲ ਭਰ ਲਗਾ ਲੈ।

ਤੇ ਸੁਮਨ ਆਨੰਦਿਤ ਹੋ ਗਿਆ।

ਸਤਿਗੁਰੂ ਜੀ ਖਿੜ ਖਿੜ ਹੱਸੇ : ਏਥੇ ਵੀ ਤਿਹਾਈ ਲਗ ਗਈ ਹੈ। ਇਕ ਤਾਂ ਇਹ ਦਲੀਪ ਚੰਦ ਬੇਦੀ ਜੀ ਦਾ ਸ਼ਾਗਿਰਦ ਹੈ। ਦੂਜੇ, ਇਹ ਮੁੰਡਾ ਨਾਮਧਾਰੀਆਂ ਦਾ ਹੈ। ਤੀਜੇ, ਇਹ ਸਾਡੇ ਪਾਸ ਆਉਣ ਲਗ ਪਿਆ ਹੈ।

ਧਰਮਸਾਲਾ ਵਿਚ ਬੱਚਿਆਂ ਦਾ ਸ਼ਬਦ ਗਾਇਨ ਚਲਦਿਆਂ ਤਬਲੇ ਦੇ ਇਕ ਗੇਤ ਦੇ ਬੋਲ ਸਤਿਗੁਰਾਂ ਬਣਾਏ ਅਤੇ ਲਿਖੇ। ਮੈਨੂੰ ਪੁਛਿਆ : ਅਜ ਤਾਰੀਖ ਕਿੰਨੀ ਹੈ ?

"੧੯"



Sri Satguru Jagjit Singh Ji Elibrary NamdhariElibrary@gmail.com

"ਓਨੀ ?" ਆਪ ਮੁਸਕਰਾਂਦੇ ਬੋਲੇ ।

**ਬੇਨਤੀਆਂ**

ਦੀਵਾਨ ਦੀ ਅਰਦਾਸ ਉਪਰੰਤ ਦਿੱਲੀ ਦੇ ਮੁਖੀ ਸੂਬਾ ਗੰਡਾ ਸਿੰਘ, ਸੰਤ ਪ੍ਰੀਤਮ ਸਿੰਘ ਬਾਲੀ ਨਗਰ, ਸੰਤ ਗੁਰਦੀਪ ਸਿੰਘ ਸੱਤ੍ਰ, ਸੰਤ ਗੁਰਚਰਨ ਸਿੰਘ—ਸੁਰਿੰਦਰ ਸਿੰਘ ਰਮੇਸ਼ ਨਗਰ, ਸ੍ਰ. ਸੁਲੱਖਣ ਸਿੰਘ ਆਦਿ ੧੦ ਕੁ ਸਿੰਘ ਸਤਿਗੁਰੂ ਜੀ ਦੇ ਸਨਮੁਖ ਹੋਏ ਅਤੇ ਬੇਨਤੀ ਕੀਤੀ ਕਿ ਬਸੰਤ ਪੰਚਮੀ ਦਾ ਤਿਉਹਾਰ ਮਨਾਣ ਲਈ ਸਤਿਗੁਰੂ ਜੀ ਦਿੱਲੀ ਦਰਸ਼ਨ ਦੇਣ । ਸੱਚੇ ਪਾਤਸ਼ਾਹ ਜੀ ਨੇ ਸਭਨਾਂ ਵਲ ਪ੍ਰਸੰਨ-ਨਜ਼ਰਾਂ ਨਾਲ ਤੱਕਿਆ ਤੇ ਬੇਨਤੀ ਪਰਵਾਨ ਕਰਦਿਆਂ ਫ਼ਰਮਾਇਆ : ਤਾਰੀਖ਼ ਫੇਰ ਦਸਾਂਗੇ !

ਇਕ ਹਿੰਦੂ ਜੈਂਟਲਮੈਨ ਨੇ ਆਗਿਆ ਲੈਕੇ ਨਜ਼ਮ ਪੜ੍ਹੀ ਤੇ ਫਿਰ 'ਸੁਮਨ' ਨੇ ਵੀ 'ਮਾਛੀਵਾੜੇ ਵਿਚ ਸੌਂ ਗਿਆ ਮਾਹੀ ਪੱਥਰਾਂ ਤੇ ਆਸਣ ਲਾਕੇ' ਗਉਂ ਦਿਤਾ ।

ਸੰਤ ਨਰਾਇਣ ਸਿੰਘ ਢੌਡਾ ਤੇ ਸੰਤ ਨਿਹਾਲ ਸਿੰਘ ਗਾਜ਼ੀਆਬਾਦ ਵਾਲੇ ਨੂੰ ਪਰਵਾਰਾਂ ਸਮੇਤ ਰਾਤੀਂ ੯ ਵਜੇ ਤਕ ਕੋਠੀ ਆਉਣ ਦੀ ਆਗਿਆ ਹੋਈ ।

ਅਤੇ ਆਪ ਰਮੇਸ਼ ਨਗਰੋਂ ਕੋਠੀ ਪੂਸਾ ਰੋਡ ਲਈ ਪਧਾਰ ਗਏ ।

## ੨੦ ਜਨਵਰੀ ੧੯੭੮ ਸ਼ੁਕਰਵਾਰ

## ਨਵੀਂ ਦਿੱਲੀ

ਮੇਰਾ ਸਹਿਪਾਠੀ ਪ੍ਰੀਤਮ ਸਿੰਘ ਪੰਛੀ ਰਾਤ ਦਾ ਮੇਰੇ ਕੋਲ ਸੀ । ਸਵੇਰੇ ਆਸਾ ਦੀ ਵਾਰ ਵਿਚ ਸਤਿਗੁਰਾਂ ਦੇ ਦਰਸ਼ਨ ਕਰਨ ਦਾ ਅਭਿਲਾਖੀ ਸੀ । ਅਸੀਂ ੬.੩੦ ਵਜੇ ਰਮੇਸ਼ ਨਗਰ ਧਰਮਸਾਲਾ ਪਹੁੰਚੇ ਜਿਥੇ ੪ ਵਜੇ ਸਵੇਰੇ ਤੋਂ ਹੀ ਆਸਾ ਦੀ ਵਾਰ ਦਾ ਕੀਰਤਨ ਜਾਰੀ ਸੀ । ਧਰਮਸਾਲਾ ਤੋਂ ਬਾਹਰ ਸਕੂਟਰ ਕਾਰਾਂ ਆਦਿ ਵਾਹਨ ਖੜੇ ਸਨ । ਅੰਦਰ ਗਿਆਂ ਵੇਖਿਆ ਹਾਲ ਵਿਚ ਸੰਗਤ ਭਰਪੂਰ ਨਹੀਂ ਸੀ । ਸਰਦੀ ਕਾਫ਼ੀ ਹੋਣ ਕਰਕੇ ਇਸਤਰੀਆਂ ਪੁਰਸ਼ ਸੰਕੋਚ ਤੋਂ ਹੀ ਕੰਮ ਲੈ ਗਏ ।

ਬੱਚਾ ਪਾਰਟੀ ਹੀ ਸਤਿਗੁਰੂ ਜੀ ਦੀ ਦਿਲ ਰੁਬਾ ਸਾਹਿਤ ਅਗਵਾਈ ਵਿਚ ਕੀਰਤਨ ਕਰ ਰਹੀ ਸੀ ।

ਸਤਿਗੁਰੂ ਜੀ ਦੇ ਗਿਰਦ ਹੇਠ ਲਿਖੇ ਸਰੀਰ ਸ਼ੋਭਾ ਪ੍ਰਾਪਤ ਸਨ : ਮਹਾਰਾਜ ਬੀਰ ਸਿੰਘ ਜੀ, ਸੰਤ ਮਹਿੰਦਰ ਸਿੰਘ ਪੂਰਵਾ, ਸੰਤ ਮਹਿੰਦਰ ਸਿੰਘ ਬਾਲੀ ਨਗਰ, ਸੰਤ ਰਣਧੀਰ ਸਿੰਘ ਧੀਰਾ, ਪ੍ਰੀਤਮ ਸਿੰਘ ਪੰਛੀ, ਠਾਕੁਰ ਉਦੈ ਸਿੰਘ ਜੀ, ਸੰਤ ਅਮਰ ਸਿੰਘ ਢੌਡਾ, ਸੇਠ ਸਪੁਤਰ ਸ਼ੇਰ ਸਿੰਘ ਸੰਤ ਸਵਰਨ ਸਿੰਘ (ਦੁਆਬੀਆ) ਸੰਤ ਗੰਡਾ ਸਿੰਘ ਸੂਬਾ (ਚੋਰ ਬਰਦਾਰ) ਸ. ਸੁਰਜੀਤ ਸਿੰਘ ਯੂ. ਕੇ., ਸ੍ਰ. ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਮਨਧੀਰ ਸਿੰਘ ਰਾਜੌਰੀ ਗਾਰਡਨ, ਸੰਤ ਪ੍ਰੀਤਮ ਸਿੰਘ ਬਾਲੀ ਨਗਰ, ਸੇਠ ਸਪੁਤਰ ਧਰਮ ਸਿੰਘ, ਲਾਲ ਜੀ, ਸੰਤ ਸੁਖਦਰਸ਼ਨ ਸਿੰਘ, ਸੇਠ ਸਪੁਤਰ ਭੁਪਿੰਦਰ ਸਿੰਘ ਆਦਿ ਹੋਰ ਵੀ ਕਈ ਸਰੀਰ ਜਿਨ੍ਹਾਂ ਦੇ ਨਾਮ ਯਾਦ ਨਹੀਂ ।

**ਬਸੰਤ ਆਗਮਨ**

੭.੨੦ ਵਜੇ ਵਾਰ ਦਾ ਅੰਤਮ ਸਲੋਕ ਪੜ੍ਹਿਆ ਗਿਆ ਹੁਣ ਬਸੰਤ ਰਾਗ ਦਾ ਬਸੰਤ ਵਿਚ ਹੀ ਸਤਿਗੁਰੂ ਜੀ ਦੀ ਪਹਿਲ ਤੇ ਸ਼ਬਦ ਸ਼ੁਰੂ ਹੋ ਗਿਆ । ਪੂਰਾ ਪਾਠ :

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ।
ਜੋਗੀ ਮਾਤੇ ਜੋਗ ਧਿਆਨ ।
ਸੰਨਿਆਸੀ ਮਾਤੇ ਅਹੰਮੇਵ ।
ਤਪਸੀ ਮਾਤੇ ਤਪ ਕੈ ਭੇਵ । ੧ ।

ਸਭ ਮਦ ਮਾਤੇ ਕੋਊ ਨ ਜਾਗ ।
ਸੰਗ ਹੀ ਚੋਰ ਘਰੁ ਮੁਸਨ ਲਾਗ ।੧। ਰਹਾਉ ।
ਜਾਗੈ ਸੁਕਦੇਉ ਘਰ ਅਕੂਰੁ ।
ਹਣਵੰਤੁ ਜਾਗੈ ਧਰਿ ਲੰਕੂਰੁ ।
ਸੰਕਰੁ ਜਾਗੈ ਚਰਨ ਸੇਵ ।
ਕਲਿ ਜਾਗੇ ਨਾਮਾ ਜੈ ਦੇਵ । ੨ ।

ਜਾਗਤ ਸੋਵਤ ਬਹੁ ਪ੍ਰਕਾਰ ।
ਗੁਰਮੁਖਿ ਜਾਗੈ ਸੋਈ ਸਾਰੁ ।
ਇਸੁ ਦੇਹੀ ਕੇ ਅਧਿਕ ਕਾਮ ।
ਕਹਿ ਕਬੀਰ ਭਜਿ ਰਾਮ ਨਾਮ । ੩ । ੨ ।

[ਆਦਿ ਗ੍ਰੰਥ, ਪੰਨਾ ੧੧੯੩]

ਇਸ ਸ਼ਬਦ ਦੀ ਟੇਕ ਸੀ "ਸਭ ਮਦ ਮਾਤੇ ਕੋਊ ਨ ਜਾਗ ।" ਸੁਖਵਿੰਦਰ ਸਿਘ ਜਲੰਧਰੀ ਨੇ ਬੜੀਆਂ ਚਪਲ ਥਾਪਾਂ ਨਾਲ ਤਾਲ ਵਜਾਂਦਿਆਂ ਸੰਗਤ ਕੀਤੀ । ਅਜ ਉਹ ਖੁਲ੍ਹ ਕੇ ਵਜਾ ਰਿਹਾ ਸੀ । ਪਰਿਪਾਟੀ ਹੈ ਕਿ ਬਸੰਤ ਦੇ ਆਗਮਨ ਤੇ ਜਾਂ ਚੜ੍ਹਦੇ ਮਾਘ ਤੋਂ ਹੀ ਨਾਮਧਾਰੀ ਦੀਵਾਨਾਂ ਵਿਚ ਵਾਰ ਦੇ ਅੰਤ ਉਤੇ ਇਕ ਦੋ ਸ਼ਬਦ ਰਾਗ ਬਸੰਤ ਵਿਚ ਗੰਵੇ ਜਾਂਦੇ ਹਨ ਤੇ ਅੰਤ ਉਤੇ ਬਸੰਤ ਦੀ ਵਾਰ ਦੀ ਪਉੜੀ



Sri Satguru Jagjit Singh Ji Elibrary NamdhariElibrary@gmail.com

ਬੱਚਿਆਂ ਕੋਲੋਂ ਹੀ ਸੁਣੀ ਗਈ।

ਹਰਿ ਕਾ ਨਾਮ ਧਿਆਇ ਕੈ ਹੋਹੁ ਹਰਿਆ ਭਾਈ।
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ।
ਵਣੁ, ਤ੍ਰਿਣੁ, ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ।
ਮਿਲਿ ਸਾਧੂ, ਸੁਖੁ ਊਪਜੈ, ਲਥੀ ਸਭ ਛਾਈ।
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ। ੧।
ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ।
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ।
ਰੋਗ ਸੋਗ ਸਭ ਮਿਟਿ ਗਏ ਨਿਤ ਨਵਾ ਨਿਰੋਆ।
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ।
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ। ੨।
ਕਿਥਹੁ ਉਪਜੈ ? ਕਹ ਰਹੈ ? ਕਹ ਮਾਹਿ ਸਮਾਵੈ ?
ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ।
ਕਹਨਿ, ਧਿਆਇਨਿ, ਸੁਣਨਿ ਨਿਤ ਸੇ ਭਗਤ ਸੁਹਾਵੈ।
ਅਗਮੁ, ਅਗੋਚਰੁ ਸਾਹਿਬੋ, ਦੂਸਰੁ ਲਵੈ ਨ ਲਾਵੈ।
ਸਚੁ ਪੂਰੈ ਗੁਰਿ ਉਪਦੇਸਿਆ ਨਾਨਕ ਸੁਣਾਵੈ। ੩। ੧।

## ਸਤਿਗੁਰੂ ਜੀ ਦੀ ਭੇਟਾ

੭.੩੫ ਤੇ ਕੜਾਹ ਪ੍ਰਸਾਦ ਅਤੇ ਆਦਿ ਗ੍ਰੰਥ ਜੀ ਦੀ ਬੀੜ ਆਉਣ ਨਾਲ ਨੌਵੇਂ ਮਹਲ ਦੇ ਸ਼ਲੋਕ ਪੜ੍ਹਨੇ ਸ਼ੁਰੂ ਹੋ ਗਏ। ਭੋਗ ਪਾਉਣ ਵਾਲੇ ਸਨ ਸੰਤ ਕਰਤਾਰ ਸਿੰਘ ਸੋਧੀ, ਸੰਤ ਸਵਰਨ ਸਿੰਘ ਸੋਧੀ ਸ਼ਾਮ ਨਗਰ, ਤੇ ਸੰਤ ਗੋਪਾਲ ਸਿੰਘ ਗਿਆਨੀ। ਸ਼ਲੋਕ ਪੜ੍ਹੇ ਜਾਣ ਉਪਰੰਤ ਅਨੰਦ ਦਾ ਸਵਰ ਮਈ ਪਾਠ ਹੋਇਆ।

੮.੦੦ ਵਜੇ ਸਧਾਰਨ ਪਾਠਾਂ ਦੇ ਭੋਗ ਦੀ ਅਰਦਾਸ ਹੋਈ ਤਾਂ ਸਵਰਨ ਸਿੰਘ ਸੋਧੀ ਨੇ ਤੁਕ ਲਾਈ ਤਾ 'ਪ੍ਰਭੂ ਆਗੈ ਮਾਰਗਿ ਪਾਵੈ'' ਦੀ ਥਾਂ ''ਪ੍ਰਭ ਆਗੇ ਮਾਰਗ ਪਾਵੈ'' ਪੜ੍ਹਿਆ। ਸਤਿਗੁਰੂ ਜੀ ਨੇ ਤੁਕ ਸ਼ੁਧ ਕਰਵਾਕੇ ਅਗੇ ਤੋਂ ਧਿਆਨ ਨਾਲ ਪਾਠ ਕਰਨ ਦੀ ਪੱਕੀ ਕੀਤੀ।

ਦੋ ਪਾਠਾਂ ਦੇ ਭੋਗ ਪਾਏ ਗਏ ਸਨ ਜੁ ਸਤਿਗੁਰੂ ਜੀ ਦੇ ਝੂਠੇ ਮੁਕਦਮੇ ਤੋਂ ਨਿਕਲਣ ਦੀ ਖੁਸ਼ੀ ਵਿਚ ਸਨ। ਇਕ ਪਾਠ ਸੰਤ ਅਮਰ ਸਿੰਘ ਨਿਰਮਾਣ ਵਲੋਂ ਦੂਜਾ ਸੰਤ ਗੋਪਾਲ ਸਿੰਘ ਵਲੋਂ।

ਦੀਵਾਨ ਸਮਾਪਤ ਹੋ ਗਿਆ।

## ਪੂਸਾ ਰੋਡ ਕੋਠੀ ਵਿਚ

ਕੋਠੀ ਪਹੁੰਚਿਆ ਤਾਂ ਸ੍ਰੀ ਸਤਿਗੁਰੂ ਜੀ ਛੱਤ ਉੱਪਰ ਧੁੱਪੇ ਮੰਜੇ ਉਤੇ ਵਿਰਾਜੇ ਹੋਏ ਕੁਝ ਸਜਣਾਂ ਨਾਲ ਬਚਨ ਕਰ ਰਹੇ ਸਨ। ਆਪ ਜੀ ਪਾਸ ਉਸ ਵੇਲੇ ਸ੍ਰ. ਹਰਵਿੰਦਰ ਸਿੰਘ ਹੰਸਪਾਲ, ਸ੍ਰ. ਅਵਤਾਰ ਸਿੰਘ ਕਰੀਵਾਲਾ, ਜੋ ਅੱਜ ਹੀ ਸਵੇਰੇ ਯੂ. ਪੀ. ਵਿਚੋਂ ਆਇਆ ਸੀ, ਸ੍ਰ. ਸੁਰਜੀਤ ਸਿੰਘ ਯੂ. ਕੇ. ਬਾਬੂ ਕਰਤਾਰ ਸਿੰਘ ਅਤੇ ਇਕ ਦੋ ਮੇਰੇ ਨਾਵਾਕਫ਼ ਸਜਣ ਬੈਠੇ ਹੋਏ ਸਨ। ਸ੍ਰੀ ਪ੍ਰੀਤਮ ਸਿੰਘ, ਸ੍ਰ. ਹਰਵਿੰਦਰ ਸਿੰਘ ਥਾਈਲੈਂਡ ਵਾਲੇ ਵੀ ਮੇਰੇ ਨਾਲ ਸਨ।

## ਅਨੰਦ ਵਿਚ 'ਬੇ'

ਏਥੇ ਗਲੀਚੇ ਉਤੇ ਹੋਰ ਵੀ ਦਰਸ਼ਨ ਪ੍ਰੇਮੀ ਬੈਠੇ ਹੋਏ ਸਨ। ਦੋ ਸਰੀਰਾ ਦਾ ਲੜਕੀ ਤੇ ਲੜਕੇ ਦੇ ਵਿਵਾਹਤ ਜੀਵਨ ਬਾਰੇ ਝਗੜਾ ਸੀ। ਸਤਿਗੁਰੂ ਜੀ ਨੇ ਫੈਸਲਾ ਸੁਣਾਇਆ : ਲੜਕੇ ਵਾਲੇ ਲੜਕੀ ਨੂੰ (ਪਤੀ ਆਪਣੀ ਪਤਨੀ ਨੂੰ) ਜਾਕੇ ਲੈ ਆਉਣ ਤੇ ਮਹੀਨੇ ਵਿਚ ਦੋ ਵਾਰ ਲੜਕਾ ਲੜਕੀ ਨੂੰ ਪੇਕੇ ਘਰ ਇਕ ਦੋ ਦਿਨ ਮਿਲਾ ਲਿਆਵੇ। (ਪੇਕੇ ਨੇੜੇ ਹੀ ਸਨ)। ਲੜਕੇ ਵਾਲੇ ਅਰਜ਼ ਕੀਤੀ : ਮਹੀਨੇ ਵਿਚ ਇਕੋ ਵਾਰ ਹੀ।

''ਨਹੀਂ ਘੱਟੋ ਘੱਟ ਦੋ ਮਹੀਨੇ ਤਾਂ ਇੰਜ ਹੀ ਚੱਲੋ।''

ਲੜਕੀ ਵਾਲੇ ਨੇ ਆਪਣੀ ਪੁੱਤਰੀ ਦੀ ਦਰਦ ਕਹਾਣੀ ਵਿਸਤਾਰਨੀ ਚਾਹੀ ਤਾਂ ਸਤਿਗੁਰੂ ਜੀ ਬਚਨ ਕੀਤਾ : ਜੇ ਫੱਟੀ ਪੋਚਣੀ ਹੋਵੇ ਤਾਂ ਗਾਚੀ ਵਧੇਰੇ ਲਾਈਏ ਤਾਕਿ ਹੇਠਲੇ ਅੱਖਰ ਨਾ ਦਿੱਸਣ। ਪਿਛਲੀਆਂ ਗੱਲਾਂ ਨ ਛੇੜੋ। ਸਿੰਘ ਨੇ ਇਕ ਦੋ ਵਾਰ ਫਿਰ ਆਪਣੀ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਸਤਿਗੁਰੂ ਜੀ ਨੇ ਰੋਕਿਆ ਹੋਰ ਵੀ ਮਿਸਾਲਾਂ ਦੇ ਕੇ।

ਅੱਧਾ ਪੌਣਾ ਘੰਟਾ ਬਾਅਦ ਮਾਤਾ ਚੰਦ ਕੌਰ ਜੀ ਨੇ ਲੜਕੇ ਤੇ ਲੜਕੀ ਦੀ ਮਾਤਾ ਨੂੰ ਵੱਖ ਕਰਕੇ ਸਮਝਾਇਆ ਅਤੇ ਸਤਿਗੁਰੂ ਜੀ ਨੇ ਸੰਤ ਸਤਨਾਮ ਸਿੰਘ ਤੇ ਸੰਤ ਗੁਰਦੀਪ ਸਿੰਘ ਢੋਡਾ (ਦੋਵੇਂ ਰਮੇਸ਼ ਨਗਰ) ਦੀ ਡਿਊਟੀ ਲਾਈ ਕਿ ਜਦੋਂ ਲੜਕਾ ਆਵੇ ਨਾਲ ਜਾਕੇ ਲੜਕੀ ਤੁਰਵਾ ਦੇਣੀ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਲੜਕੇ ਦੇ ਪਿਤਾ ਅਤੇ ਲੜਕੇ ਨੂੰ ਸਮਝਾਇਆ : ਲੜਕਾ ਪੱਗ ਸਿੱਧੀ ਰਖੇ ਅਤੇ ਪਤਨੀ ਨੂੰ ਵੀ ਮਨੋਂ ਜਿੱਤ ਕੇ ਅਪਨੇ ਵਲ ਸਿੱਧੀ ਰਖੇ । ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਗੱਲ ਕਦੇ ਨ ਕੀਤੀ ਜਾਇ । ਸਿਖ ਸਫਾਈ ਦੇਣ ਲਗਾ । ਸਤਿਗੁਰਾਂ ਫ਼ਰਮਾਇਆ : ਸਫਾਈ ਦੀ ਲੋੜ ਨਹੀਂ । ਗੱਲ ਆਖੀ ਹੋਣ ਦੀ ਮੰਨ ਲੈਣ ਦੀ ਹੈ । ਮਿਸਾਲ ਦਿਤੀ ਸਤਿਗੁਰਾਂ : ਸੱਪ ਬਾਰੇ ਜੇ ਕੋਈ ਆਖੇ ਕਿ ਡੇਢ ਗਜ਼ ਲੰਮਾ ਏ, ਤਾਂ ਵੀ ਮੰਨ ਲਓ । ਤੇ ਜੇ ਕੋਈ ਕਹੇ, ਗਿੱਠ ਕੁ ਜਿੱਡਾ ਸੀ ਉਹ ਵੀ ਮੰਨਣ ਵਾਲੀ ਗੱਲ ਏ । ਸੱਪ ਤਾਂ ਸੱਪ ਹੀ ਏ ।

ਇਸ ਘੜੀ, ਕੇਸ ਖ਼ੁਸ਼ ਅਸਲੂਬੀ ਵਿਚ ਸਮਾਪਤ ਹੋ ਗਿਆ ।

ਮਾਤਾ ਜੀ ਅਤੇ ਹੋਰ ਬੀਬੀਆਂ ਵੀ ਉਪਰ ਛੱਤ ਤੇ ਆ ਗਈਆਂ । ਠਾਕੁਰ ਸ਼ਮਸ਼ੇਰ ਸਿੰਘ ਜੀ ਵੀ ਆ ਗਏ ।... ਗੱਲਾਂ ਬਾਤਾਂ ਚਲਦੀਆਂ ਰਹੀਆਂ ।

੧੧.੧੫ ਵਜੇ ਸਤਿਗੁਰੂ ਜੀ ਆਪਣੇ ਬੈਠਣ-ਕਮਰੇ ਵਿਚ ਆਣਕੇ ਬੱਚਿਆਂ ਨੂੰ ਸੰਗੀਤ ਅਭਿਆਸ ਕਰਵਾਣ ਲਗੇ ।

ਸ: ਅਵਤਾਰ ਸਿੰਘ ਝੱਬਰ ਮਾਤਾ ਜੀ ਨਾਲ ਅੱਜ ਹੀ ਸ੍ਰੀ ਜੀਵਨ ਨਗਰ ਚਲਾ ਜਾਵੇਗਾ । ਜੀਵਨ ਨਗਰ ਸਥਾਪਨਾ ਦਿਵਸ ਦਾ ਪ੍ਰਬੰਧ ਕਰਨ ਲਈ ।

ਠਾਕੁਰ ਉਦੇ ਸਿੰਘ ਜੀ ਤੋਂ ਪਤਾ ਲਗਾ ਕਿ ਜੋ ਬੰਬਈ ਸੰਗੀਤ ਸਮੇਲਨ ਮਾਰਚ ਦੇ ਮਹੀਨੇ ਹੋਣਾ ਸੀ ਉਹ ਹਾਲ ਬੁਕ ਨ ਹੋ ਸਕਣ ਕਾਰਨ ਹੁਣ ਅਪਰੈਲ ਮਹੀਨੇ ਵਿਚ ਜਾ ਪਏਗਾ ਤੇ ਉਹ ਨਵੇਂ ਸਿਰੇ ਹਾਲ ਦੀ ਬੁਕਿੰਗ ਲਈ ੨੨-੧-੭੯ ਨੂੰ ਬੰਬਈ ਜਾਣਗੇ ।

## ਦਰਸ਼ਨ ਪ੍ਰੇਮੀ

ਦਰਸ਼ਨਰਥੀ ਜੁ ਹੋਰ ਆਏ ਉਨ੍ਹਾਂ ਦੇ ਨਾਮ : ਬੀਬੀ ਸ਼ਕੁੰਤਲਾ ਬੂਟਾਨੀ, ਸ: ਰਾਮ ਰਤਨ ਸਿੰਘ ਤੇ ਉਸਦਾ ਪਰਿਵਾਰ । ਸੇਠ ਸੁਹੇਲ ਸਿੰਘ ਧੀਰ ਦਾ ਜੁਆਤਰਾ ਸ: ਦਰਸ਼ਨ ਸਿੰਘ, ਪ੍ਰਸਿੱਧ ਢੋਲਕਈਆ ਤੇ ਵਧੀਆ ਕਾਰੀਗਰ ਸੰਤ ਖਚਾਨ ਸਿੰਘ ਖਾਰਾ ਆਪਣੀ ਸੁਪਤਨੀ ਪ੍ਰਕਾਸ਼ ਕੌਰ ਨਾਲ । ਸੰਤ ਅਵਤਾਰ ਸਿੰਘ ਰਮੇਸ਼ ਨਗਰ, ਸੰਤ ਸਵਰਨ ਸਿੰਘ ਸ਼ਾਮ ਨਗਰ ਸਮੇਤ ਪਰਵਾਰ ਆਦਿਕ ।

ਸਤਿਗੁਰੂ ਜੀ ਸੇਵਕਾਂ ਦੀ ਇੱਛਾ ਅਨੁਸਾਰ ਬੱਚਿਆਂ ਨੂੰ ਹੋਰ ਰਾਗ ਸਿਖਾਣ ਦੀ ਥਾਂ ਇਸ਼ਨਾਨ ਆਦਿ ਕਰਨ ਤੇ ਪਰਸ਼ਾਦ ਛਕਣ ਲਈ ਚਲੇ ਗਏ ।

## ਰਾਮ ਰਤਨ ਸਿੰਘ

ਬੀਬੀ ਸ਼ਕੁੰਤਲਾ ਦੁਆਹਾ ਮੈਂ ਰਾਇ ਬਹਾਦੁਰ ਸ: ਬੂਟਾ ਸਿੰਘ ਦੇ ਪੋਤਰੇ ਅਤੇ ਸ: ਆਤਮਾ ਸਿੰਘ ਰਾਈਸ ਬੀਬੀ ਲੀਲਾ ਵੰਤੀ ਰਾਵਲਪਿੰਡੀ ਦੇ ਇਕਲੌਤੇ ਬੇਟੇ ਸ: ਰਾਮ ਰਤਨ ਸਿੰਘ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜੋ ਕਿਸੇ ਵੀ ਪਰਵਾਰਕ ਜਾਂ ਆਰਥਕ ਮੁਸ਼ਕਲ ਦਾ ਜ਼ਿਕਰ ਸਤਿਗੁਰੂ ਜੀ ਤਕ ਨਹੀਂ ਕਰਨਾ ਚਾਹੁੰਦਾ ਤੇ ਜੋ ਸ਼ਰਧਾ, ਸਤਿਕਾਰ ਤੇ ਪਿਆਰ ਸਹਿਤ ਗੁਰੂ ਪਰਵਾਰ ਲਈ ਤੇ ਸਮਾਜ ਦੇ ਕੰਮ ਆਉਣ ਦੇ ਚਾਅ ਵਿਚ ਮਸਤ ਰਹਿੰਦਾ ਹੈ ।

ਅੱਜ ਮੈਂ ਇਕ ਮੌਕਾ ਅਜਿਹਾ ਲੱਭ ਲਿਆ ਜਦੋਂ ਗੁਰੂ ਕੇ ਆਰਾਮ ਕਮਰੇ ਵਿਚ ਇਕੱਲਿਆਂ ਹੀ ਜਾ ਸਕਿਆ ।

ਇਹ ਕਮਰਾ ਬੜੇ ਗਹੁ ਨਾਲ ਵੇਖਿਆ ਰਕਬਾ ੧੮'×੧੦' ਹੋਵੇਗਾ ਇਸ ਵਿਚ ਇਕੋ ਚਾਰਪਾਈ ਹੈ ਜਿਸ ਉਤੇ ਸਫੇਦ ਬਿਸਤਰ ਵਿਛਿਆ ਹੋਇਆ ਹੈ । ਰਜ਼ਾਈ ਪਲੱਛ ਦੀ ਕੋਕਾ ਕੋਲਾ ਰੰਗੀ । ਸਰ੍ਹਾਣੇ ਵਾਲੇ ਪਾਸੇ ਲਾਲ ਪਰਦਿਆਂ ਪਿਛੇ ਇਕ ਕੂਲਰ । ਪੁਆਂਦੀ ੧'×੩' ਦਾ ਸ਼ੀਸ਼ਾ । ਦੂਜੀ ਦੀਵਾਰ ਤੇ ਟੰਗਣੀ ਜਿਸਤੇ ਇਕ ਅਚਕਨ ਲਟਕ ਰਹੀ ਹੈ । ਪੁਆਂਦੀ ਵੱਲ ਹੀ ਗੁਸਲਖਾਨੇ ਫਲੱਸ਼ ਵਾਸਤੇ ਦਰ ਖੁਲ੍ਹਦਾ ਹੈ । ਇਕ ਬੂਹਾ ਬੈਠਣ-ਕਮਰੇ ਵਲ ਹੈ । ਫ਼ਰਸ਼ ਤੇ ਹਰੇ ਰੰਗ ਦਾ ਗ਼ਲੀਚਾ । ਬੈਠਣ ਕਮਰੇ ਦੀ ਦੀਵਾਰ ਵਲੋਂ ਇਸਦੇ ਅੰਦਰੋਂ ਉਪਰ ਨੂੰ ਪੌੜੀਆਂ ਚੜ੍ਹਦੀਆਂ ਹਨ । ਉਪਰ ਸਟੋਰ ਹੈ ਜਿਥੇ ਨਿਜੀ ਸੇਵਕ ਲੁੜੀਂਦਾ ਸਾਮਾਨ ਰਖਦੇ ਹਨ । ਪੁਆਂਦੀ ਵੱਲੇ ਇਕ ਵਧੀਆ ਛੋਟੀ ਤਿਪਾਈ, ਸਰ੍ਹਾਣੇ ਦੇ ਕੋਲ ਵਾਰ ਬਾਰੀ ਨਾਲ ਸੁਨਹਿਰੀ ਕਪੜੇ ਨਾਲ ਢਕੀ ਇਕ ਨਿਕੜੋ ਤਿਪਾਈ ਜਿਸ ਉਤੇ ਥੁੱਕ ਆਦਿ ਸੁਟਣ ਲਈ ਸਟੀਲ ਗੜਵੀ । ਇਕ ਛੋਟੀ ਪਲੇਟ ਵਿਚ ਮਿਸ਼ਰੀ ਵਰਗੇ ਗੁੜ ਦੀਆਂ ਛੋਟੀਆਂ ਛੋਟੀਆਂ ਟੁਕੜੀਆਂ ਇਕ ਪਲਾਸਟਕ ਡੱਬੇ ਵਿਚ ਕਿਸ਼ਮਿਸ਼, ਕਾਜੂ, ਨਿਉਜ਼ੇ, ਛੋਟੀ ਇਲਾਇਚੀ, ਪਿਸਤਾ ਅਤੇ ਬਾਦਾਮ । ਨਾਲ ਕਰਕੇ ਇਕ ਨਿਕੋਚ ਜਿਹੇ ਗਮਲੇ ਵਿਚ ਗੁਲਾਬੀ ਫੁਲ । ਮੰਜੇ ਦੇ ਸਾਹਵੇਂ ਇਕ ਸੁਨਹਿਰੀ ਕਪੜੇ ਨਾਲ ਢਕੀ ਕੁਰਸੀ । ਮੰਜੇ ਉਤੇ ਬੈਠਿਆਂ ਚਰਨਾਂ ਹੇਠ ਰਖਣ ਲਈ ਵੀ ਇਕ ਸਵਾ ਫੁਟ ਚੁੜਾਈ ਤੇ ਢਾਈ ਫੁਟ ਲੰਬਾਈ ਵਾਲਾ ਸੁਨਹਿਰੀ ਕਪੜੇ ਦਾ ਵਿਛਿਆ ਹੋਇਆ ਟੁਕੜਾ । ਦੋ ਸਲੀਪਰਾਂ ਦੇ ਜੋੜੇ ।



Sri Satguru Jagjit Singh Ji Elibrary NamdhariElibrary@gmail.com

ਪੌੜੀਆਂ ਹੇਠ ਇਕ ਤਿਪਾਈ-ਨੁਮਾ ਡੈਸਕ ਜਿਸ ਉਤੇ ਲਾਲ ਸੁਨਹਿਰੀ ਵਿਛਾਈ। ਉਪਰ ਮਾਲਾ, ਗੁਟਕਾ, ਨੋਟ-ਸਲਿੱਪਾਂ, ਐਨਕ ਤੇ ਕੰਨਾਂ ਵਿਚ ਫੇਰਨ ਵਾਲੀਆਂ ਰੂੰ-ਸਲਾਖਾਂ ਦੀ ਡੱਬੀ।

ਇਸ ਪਰਕਾਰ ਦੀ ਇਸ ਕਮਰੇ ਦੀ ਤਿਆਰੀ ਸੇਠ ਤ੍ਰਿਲੋਕ ਸਿੰਘ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਅਪਟੂਡੇਟ ਰਖਦੀ ਹੈ। ਸਤਿਗੁਰੂ ਜੀ ਨੇ ਜਦੋਂ ਬਿਰਾਜਣਾ ਜਾਂ ਆਰਾਮ ਕਰਨਾ ਹੁੰਦਾ ਹੈ ਤਾਂ ਕੋਠੀ ਦੇ ਇਸੇ ਲਹਿੰਦੇ-ਦਖਣੀ ਕਮਰੇ ਵਿਚ ਪਰਵੇਸ਼ ਕਰਦੇ ਹਨ।

### ਭੋਜਨ ਕਮਰੇ ਵਿਚ

੧੨.੩੦ ਵਜੇ ਦੁਪਹਿਰੇ ਮੈਂ ਸਤਿਗੁਰੂ ਜੀ ਦੇ ਭੋਜਨ ਕਮਰੇ ਵਿਚ ਗਿਆ। ਸਤਿਗੁਰੂ ਜੀ ਪ੍ਰਸ਼ਾਦਾ ਛਕ ਹਟੇ ਤੇ ਇਕ ਚੋਕੀ ਉਪਰ ਬੈਠੇ ਹੀਟਰ ਸੇਕ ਰਹੇ ਸਨ। ਪਿਛਲੇ ਪਾਸੇ ਬੈਠੇ ਠਾਕੁਰ ਉਦੈ ਸਿੰਘ ਪਰਸ਼ਾਦਾ ਛਕ ਰਹੇ ਤੇ ਮਾਤਾ ਜੀ ਛਕਾ ਰਹੇ ਸਨ। ਏਥੇ ਸ: ਸੁਰਿੰਦਰ ਸਿੰਘ ਮਨਚੰਦਾ, ਠਾਕੁਰ ਸ਼ਮਸੇਰ ਸਿੰਘ ਜੀ, ਉਨ੍ਹਾਂ ਦੇ ਮਾਤਾ ਬੀਬੀ ਸਤਿਵੰਤ ਕੌਰ ਜੀ, ਸ: ਅਵਤਾਰ ਸਿੰਘ ਵੀ ਪ੍ਰਸ਼ਾਦ ਛਕ ਹਟੇ ਹਨ। ਬੀਬੀ ਸੁਰਜੀਤ ਸੁਪਤਨੀ ਸੰਤ ਸੁਖਦਰਸ਼ਨ ਸਿੰਘ ਲੰਗਰ-ਸਹਾਇਕ ਹੈ। ਮਾਤੀ ਜੀ ਨੇ ਸਭ ਤੋਂ ਪਿਛੋਂ ਭੋਜਨ ਛਕਿਆ ਹੈ।

੧੦ ਕੁ ਮਿੰਟ ਆਰਾਮ ਕਮਰੇ ਵਿਚ ਜਾ ਸ: ਅਵਤਾਰ ਸਿੰਘ ਝਬਰ ਨਾਲ ਕੋਈ ਵਿਹਾਰਕ ਬਚਨ ਕਰਨ ਲਈ ਸੇਠ ਤ੍ਰਿਲੋਕ ਸਿੰਘ ਦੇ ਕਮਰੇ ਵਿਚ ਸਤਿਗੁਰੂ ਜੀ ਪਧਾਰੇ।

ਅੱਜ ਸਾਧ ਸੰਗਤ ਦੇ ਲੰਗਰ ਦੀ ਸੇਵਾ ਬੀਬੀ ਇੰਦਰ ਕੌਰ ਸੁਪਤਨੀ ਸੁਰਗਵਾਸੀ ਮਾਸਟਰ ਚੰਦਾ ਸਿੰਘ, ਬੀਬੀ ਪ੍ਰੀਤਮ ਕੌਰ ਸੁਪਤਨੀ ਸੰਤ ਬਲਵੰਤ ਸਿੰਘ ਸੋਧੀ ਤੇ ਸੁਰਿੰਦਰ ਕੌਰ ਨੇ ਨਿਭਾਈ।

ਸਤਿਗੁਰੂ ਜੀ ੧.੧੫ ਵਜੇ ਹੀ ਆਰਾਮ ਕਰਨ ਲਈ ਜਾ ਸਕੇ।

### ਸ੍ਰੀ ਅਸ਼ੋਕਪਾਲ ਸਿੰਘ

ਸ੍ਰੀ ਅਸ਼ੋਕਪਾਲ ਸਿੰਘ ਸਮੇਤ ਪਰਵਾਰ ਆਇਆ ਦਰਸ਼ਨਾਂ ਵਾਸਤੇ। ਮੇਰੇ ਨਾਲ ਗੱਲਬਾਤ ਕਰਦਿਆਂ ਇਸ ਨੇ ਦਸਿਆ ਕਿ ਇਹ ਬੰਗਲੌਰ ਵਿਚ ਐਂਬਰਾਇਡਰੀ ਦਾ ਕਮ ਕੀਤਾ ਕਰਦਾ ਸੀ। ਦੋ ਦੁਕਾਨਾਂ ਦਾ ਮਾਲਕ ਸੀ। ਪਰ ਸ਼ਰਾਬ ਪੀਣ ਦੀ ਲਤ ਪੈ ਗਈ। ਇਸ ਦਾ ਪਿਤਾ ਵੀ ਨਾਮਧਾਰੀ ਸੀ ਜੋ ਇਸ ਦੇ ਛੋਟੇ ਹੁੰਦਿਆਂ ਗੁਜ਼ਰ ਗਿਆ ਸੀ। ਅਤੇ ਇਹ ਵਧੇਰੇ ਆਮਦਨ ਤੇ ਕੁਸੰਗਤ ਕਾਰਨ ਪੀਣ ਪਿਲਾਣ ਵਿਚ ਗੁਆਚ ਗਿਆ। ਜਦੋਂ ਬੈਂਗਲੋਰ ਵਿਚ ਸਤਿਗੁਰੂ ਜੀ ਫਾਰਮ ਬਾਰੇ ਆਉਣ ਜਾਣ ਲਗੇ ਤਦੋਂ ਇਸ ਦੇ ਪਾਸ ਰਹਿਣ ਲਈ ਇਕ ਦੋ ਵਾਰ ਆਏ। ਸ਼ਰਾਬ ਦੀ ਲਤ ਲਗੀ ਜਾਣ ਸਤਿਗੁਰਾਂ ਰੋਕਿਆ। ਇਸ ਨੇ ਹਰ ਵਾਰ ਸਹੁੰ ਖਾਣੀ ਤੇ ਤੋੜ ਦੇਣੀ। ਅੰਤ ਇਕ ਦਿਨ ਸਤਿਗੁਰੂ ਜੀ ਨੇ ਬਹੁਤ ਝਿੜਕਿਆ ਪਰ ਪਿਆਰ ਨਾਲ ਹੀ। ਸ: ਅਸ਼ੋਕ ਪਾਲ ਸਿੰਘ ਨੇ ਦਸਿਆ: ਸਤਿਗੁਰੂ ਜੀ ਦੀ ਪਿਆਰੀ ਝਿੜਕ ਨੇ ਐਸਾ ਅਸਰ ਕੀਤਾ ਕਿ ਮੈਂ ਸਾਰੇ ਧੰਦੇ ਤਿਆਗ ਕੇ ਦਿੱਲੀ ਆ ਗਿਆ ਹਾਂ। ਛੇ ਮਹੀਨੇ ਤੋਂ ਸਹੁਰੇ ਘਰ ਹੀ ਰਹਿ ਰਿਹਾ ਹਾਂ। ਪਰ ਸਤਿਗੁਰੂ ਜੀ ਨੇ ਏਨੀ ਕਿਰਪਾ ਕੀਤੀ ਹੈ ਕਿ ਹੁਣ ਮੇਰੀ ਨੀਂਦ ਨੂੰ ਤੇ ਰੋਟੀ ਨੂੰ ਸ਼ਰਾਬ ਦੀ ਲੋੜ ਨਹੀਂ ਪੈਂਦੀ। ਹੁਣ ਮੇਰੀਆਂ ਲੱਤਾਂ, ਬਾਹਾਂ ਤੇ ਉਂਗਲੀਆਂ ਕੰਬਦੀਆਂ ਨਹੀਂ। ਅਜਿਹਾ ਸੰਤੋਖ ਆ ਗਿਆ ਹੈ ਕਿ ਮਾਇਆ ਦੀ ਧੋਹ ਹੀ ਮੁਕ ਗਈ ਹੈ।

ਸਥਾਪਨਾ ਦਿਵਸ ਤੇ ਪਹੁੰਚਣ ਬਾਰੇ ਸਤਿਗੁਰੂ ਜੀ ਦਾ ਹੁਕਮ ਨਿਜੀ ਸਕੱਤਰ ਦੁਆਰਾ ਮੇਰੇ ਤਕ ਪਹੁੰਚਿਆ ਸ: ਅਵਤਾਰ ਸਿੰਘ ਝੱਬਰ ਨੇ ਸਵੇਰੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਸੀ ਕਿ ਕਵੀ ਹੁਰੀਂ ਯੂ.ਪੀ. ਦੇ ਦੌਰੇ ਤੇ ਹਜ਼ੂਰ ਨਾਲ ਜ਼ਰੂਰ ਆਉਣ।

ਲੰਗਰ ਪਾਸ, ਸ੍ਰੀ ਭੈਣੀ ਸਾਹਿਬ ਲੰਗਰ ਵਾਸਤੇ ਭੇਜਣ ਲਈ ਸਵੀਡਿਸ਼ ਗੋਕੇ ਘਿਉ ਦੇ ੧੮ ਟੀਨ ਮੈਂ ਵੇਖੇ। ਹਰ ਟੀਨ ੫ ਕੇਜੀ ਦਾ ਤੇ ਹਰ ਕੇਜੀ ੧੭ ਰੁਪੈ ਦਾ।

### ਕੋਠੀ ਦੀ ਛੱਤ ਉਪਰ

੩.੩੦ ਵਜੇ ਢਲੇ ਦਿਨ ਸੱਚੇ ਪਾਤਸ਼ਾਹ ਜੀ ਇਸ਼-ਨਾਨ ਪਾਣੀ ਕਰਕੇ ਕੋਠੀ ਦੀ ਛੱਤ ਉਤੇ ਪੱਛਮੀ ਪਾਸੇ, ਧੁੱਪੇ, ਸਫ਼ ਉਤੇ ਵਿਛੇ ਬਸਤਰ ਤੇ ਆਕੇ ਵੱਖੀ ਪਰਨੇ ਲੇਟ ਗਏ। 'ਬਚਿਆਂ ਨੂੰ ਰਿਆਜ਼ ਕਰਵਾਣਾ' ਸੀ। ਜੋੜੀ ਸੁਰ ਕੀਤੀ ਗਈ। ਹਾਰਮੋਨੀਅਮ ਤਲਾਸ਼ ਕਰਕੇ ਲਿਆਂਦਾ ਗਿਆ।



Sri Satguru Jagjit Singh Ji Elibrary NamdhariElibrary@gmail.com

ਇਸ ਮੌਕੇ ਬੇਬੇ ਸਤਿਵੰਤ ਕੌਰ ਜੀ ਸੁਪਤਨੀ ਮਹਾਰਾਜ ਨਿਹਾਲ ਸਿੰਘ ਜੀ, ਇਹਨਾਂ ਦੀ ਨੂੰਹ ਬੀਬੀ ਬਲਜੀਤ ਕੌਰ ਸੁਪਤਨੀ ਵੱਲਭ ਵਿਸ਼ੇਸ਼ਰ ਸਿੰਘ ਜੀ ਤੇ ਦੋਨੋਂ ਪੋਤਰੀਆਂ ਪਾਸ ਬੈਠੀਆਂ ਸਨ।

ਸੰਗੀਤਕਾਰ ਬਚਿਆਂ ਵਲ ਮਹਾਰਾਜ ਬੀਰ ਸਿੰਘ ਜੀ ਗਿਆਨੀ ਜਸਵੰਤ ਸਿੰਘ, ਇਹਨਾਂ ਦਾ ਲੜਕਾ ਪ੍ਰੇਮ ਸਿੰਘ, ਗੁਰਦੇਵ ਸਿੰਘ-ਹਰਭਜਨ ਸਿੰਘ ਆਦਿ ਕੁਝ ਸੰਗੀਤ ਸ਼ੌਕੀਨ ਬੈਠੇ ਸਨ।

ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਇਕ ਗੱਲ ਸੁਣਾਈ : ਬੇਬੇ (ਸਤਵੰਤ ਕੌਰ) ਜੀ ਨੇ ਅੱਜ ਮੈਨੂੰ ਆਖਿਆ ਕਿ ਤੁਸਾਂ ਆਪਣੇ ਘਰੋਂ, ਮਾਤਾ ਜੀ ਨੂੰ (ਜੋ ਰਿਸ਼ਤੇ ਵਿਚ ਇਹਨਾਂ ਦੀ ਨੂੰਹ ਲਗਦੇ ਹਨ) ਜੀਵਨ ਨਗਰ ਤੋਰ ਦਿਤਾ ਏ। ਮੈਂ ਉੱਤਰ ਦਿਤਾ, ਮੇਰੇ ਕਦੋਂ ਆਖੇ ਲਗਦੇ ਨੇ, ਆਪਣੀ ਮਰਜ਼ੀ ਨਾਲ ਹੀ ਗਏ ਨੇ। ਬੇਬੇ ਜੀ ਨੇ ਕਿਹਾ, ਨਹੀਂ: ਇਹ ਕਿਵੇਂ ਹੋ ਸਕਦਾ ਏ ਕਿ ਉਹ ਆਪਣੇ ਆਖੇ ਨਾ ਲੱਗਣ। ਤੁਹਾਡੇ ਕੌਣ ਨਹੀਂ ਆਖੇ ਲਗਦਾ। ਸਤਿਗੁਰੂ ਜੀ ਨੇ ਹੱਸਦੇ ਹੱਸਦੇ ਦੱਸਿਆ : ਮੈਂ ਕਿਹਾ, ਜੇ ਮੇਰੇ ਸਾਰੇ ਆਖੇ ਲਗਦੇ ਨੇ ਫਿਰ ਤੁਸੀਂ ਕਿਉਂ ਨਹੀਂ ਗ੍ਰੇਟਰ ਕੈਲਾਸ਼ (ਠਾਕੁਰ ਸ਼ਮਸ਼ੇਰ ਸਿੰਘ ਜੀ ਦੇ ਮਕਾਨ ਵਿਚ) ਜਾਂਦੇ !

ਸਤਿਗੁਰੂ ਜੀ ਬੜੇ ਚਿਰ ਤੋਂ ਚਾਹ ਰਹੇ ਹਨ ਕਿ ਬੇਬੇ ਜੀ ਅਤੇ ਵਿਸ਼ੇਸ਼ਰ ਸਿੰਘ ਜੀ ਕੁਤਬ ਰੋਡ ਵਾਲਾ ਮਕਾਨ ਛਡਕੇ ਠਾਕੁਰ ਜੀ ਪਾਸ ਗ੍ਰੇਟਰ ਕੈਲਾਸ਼ ਜਾ ਰਹਿਣ।

ਸ੍ਰੀ ਗੁਰਦੇਵ ਸਿੰਘ ਨੂੰ ਸਤਿਗੁਰੂ ਜੀ ਨੇ ਬੰਬਈ ਵਿਚ ਹੋਣ ਵਾਲੇ ਸੰਗੀਤ ਸਮੇਲਨ ਵਾਸਤੇ ਕੁਛ ਹਦਾਇਤਾਂ ਦੇ ਕੇ ਠਾਕਰ ਉਦੈ ਸਿੰਘ ਜੀ ਨੂੰ ਦੱਸਣ ਤੇ ਉਥੇ ਜਾਕੇ, ਹਰ ਤਰ੍ਹਾਂ, ਹਾਲ ਬੁਕ ਕਰਵਾਣ ਲਈ ਹੁਕਮ ਕੀਤਾ।

ਏਥੇ ਛੱਤ ਉਤੇ ਹੀ ਪਹਿਲਾਂ ਸ. ਸੰਤੋਖ ਸਿੰਘ ਲਖਨਊ, "ਸ਼ੇਰ" ਸਪੁਤਰੀ ਬੀਬੀ ਮਹਿੰਦਰ ਕੌਰ ਤੇ ਫਿਰ ਸ੍ਰ. ਸੇਵਾ ਸਿੰਘ ਨਾਮਧਾਰੀ ਏਜੰਸੀ ਆਪਣੀ ਪਤਨੀ ਪਵਨ-ਜੀਤ ਕੌਰ, ਸਪੁੱਤਰ ਭੁਪਿੰਦਰ ਸਿੰਘ ਅਤੇ ਭਣੇਵੇਂ ਮਨਮੋਹਨ ਸਿੰਘ ਨਾਲ ਦਰਸ਼ਨਾਂ ਲਈ ਆਏ। ਗਿਆਨੀ ਜਸਵੰਤ ਸਿੰਘ ਦੀ ਸੁਪਤਰੀ ਬੀਬੀ ਪ੍ਰਕਾਸ਼ ਕੌਰ ਆਪਣੀ ਨੂੰਹ ਤੇ ਪੋਤਰੀ ਨਾਲ ਆ ਪਹੁੰਚੀ। ਪ੍ਰੇਮ ਸਿੰਘ ਦੀ ਪਤਨੀ ਤੇ ਬੇਬੇ ਜੀ ਦੀ ਨੂੰਹ ਦੋਵੇਂ ਸੱਕੀਆਂ ਭੈਣਾਂ ਹਨ।

ਸ੍ਰੀ ਸੁਰਿੰਦਰ ਸਿੰਘ 'ਸੁਮਨ' ਨੇ ਆਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਬਚਨ ਕੀਤਾ : ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੁਰਿੰਦਰ, ਹਰਭਜਨ ਸਿੰਘ ਐਂਡ ਪਾਰਟੀ ਕਰਨਗੇ। ਹੱਥ ਜੋੜ ਕੇ ਸੁਰਿੰਦਰ ਸਿੰਘ ਨੇ ਪਰਵਾਨ ਕੀਤਾ। ਸ੍ਰੀ ਗੁਰਦੇਵ ਸਿੰਘ ਨੇ ਸੁਰਿੰਦਰ ਸਿੰਘ ਦੇ ਗੈਰ ਨਾਮਧਾਰੀ ਬਸਤਰਾਂ ਵਲ ਇਸ਼ਾਰਾ ਕੀਤਾ ਕਿ ਇਸ ਕੋਲ ਸਾਡੇ ਵਾਲੇ ਕਪੜੇ ਨਹੀਂ। ਸਤਿਗੁਰਾਂ ਬਚਨ ਕੀਤਾ : ਜਿਵੇਂ ਆਵੇ ਠੀਕ ਹੈ। ਜਦੋਂ ਮਨ ਠੀਕ ਹੋ ਜਾਂਵੇ ਉਦੋਂ ਕਪੜੇ ਪਾਉਣੇ ਔਖੇ ਨਹੀਂ ਹੁੰਦੇ।

ਬੱਚੇ ਗਾ-ਵਜਾ ਰਹੇ ਸਨ। ਏਧਰ ਸਤਿਗੁਰੂ ਜੀ ਪਾਸ ਰਾਗ ਤਾਲ ਦੀ ਚਰਚਾ ਹੁੰਦੀ ਰਹੀ। ਸਤਿਗੁਰੂ ਜੀ ਨੇ ਗੁਰਦੇਵ ਸਿੰਘ ਨੂੰ ਆਖਿਆ : ਕੋਈ ਜਣਾ ਬਾਜ਼ਾਰ ਜਾਕੇ 'ਮਾਰਫਤਨਗਮਾਤ' (ਹਿੰਦੀ) ਦੋਵੇਂ ਹਿੱਸੇ ਲਿਆਵੇ। ਖਜ਼ਾਨਚੀ ਮਹਿੰਦਰ ਸਿੰਘ ਪੂਰਵਾ ਤੋਂ ਉਸੇ ਵੇਲੇ ਪੈਸੇ ਲੈਕੇ ਹਰਭਜਨ ਸਿੰਘ ਦੇ ਹਵਾਲੇ ਕਰ ਦਿਤੇ। ਉਸ ਨੇ ਕਿਹਾ ਸੀ ਕਿ ਉਹ ਜਾ ਕੇ ਲਿਆਉਂਦਾ ਹੈ।

## ਰਮੇਸ਼ ਨਗਰ ਦੀਵਾਨ

੫ ਤੋਂ ੬ ਵਜੇ ਸ਼ਾਮੀ ਰਮੇਸ਼ ਨਗਰ. ਨਾਮਧਾਰੀ ਧਰਮਸਾਲਾ ਵਿਚ ਸਮੂਹਿਕ ਨਾਮ ਸਿਮਰਨ ਹੋਇਆ।

ਅਰਦਾਸ ਉਪਰੰਤ ਕਾਕਾ ਬਲਜੀਤ ਸਿੰਘ ਨੂੰ ਬੁਲਾਕੇ, ਹਾਰਮੋਨੀਅਮ ਤੇ ਆਪ ਸੁਰਾਂ ਛੇੜ ਕੇ ਇਕ ਨਗਮਾ ਵਜਾਣ ਦੀ ਜਾਚ ਸਿਖਾਈ। ੫-੭ ਮਿੰਟਾਂ ਵਿਚ ਸੁਰਾਂ ਸਮਝਾ ਕੇ ਉਸਨੂੰ ਬੱਚੇ-ਸਾਥੀਆਂ ਵਿਚ ਗਾਉਣ ਲਈ ਭੇਜ ਦਿਤਾ। ਨਗਮਾ ਰਾਗ ਜ਼ਿਲੇ ਵਿਚ "ਫਿਰਉ ਮੈਂ ਦੀਵਾਨੀ" ਦੇ ਨੇੜੇ ਤੇੜੇ ਦਾ ਸੀ।

ਅੱਜ ਦੀਵਾਨ ਵਿਚ ਚੋਖੀ ਰੌਣਕ ਹੈ। ਹਾਲ ਪੂਰੀ ਤਰ੍ਹਾਂ ਭਰਪੂਰ ਹੈ। ਜਿੱਧੇ ਦਸਤਾਰਿਆਂ ਤੇ ਸਫੈਦ ਪਹਿਰਾਵੇ ਵਾਲਿਆਂ ਦੀ ਭਰਮਾਰ ਹੈ। ਗਾਉਣ ਵਾਲਿਆਂ ਵਲ ਗੁਰਦੇਵ ਸਿੰਘ-ਹਰਭਜਨ ਸਿੰਘ ਤੇ ਸੁਮਨ ਵੀ ਸਾਜ਼ ਲਈ ਬੈਠੇ ਹਨ। ਸੁਖਵਿੰਦਰ ਸਿੰਘ ਪੱਪੂ (ਜਲੰਧਰੀ) ਤੇ ਸੁਖਵਿੰਦਰ ਸਿੰਘ ਪਿੰਕੀ ਜੋੜੀਆਂ ਵਜਾ ਰਹੇ ਹਨ। ਪਿੰਕੀ ਦਾ ਤਬਲਾ ਚੜ੍ਹ ਕੇ ਵਜ ਰਿਹਾ ਹੈ। ਸਤਿਗੁਰੂ ਜੀ ਨੇ ਮੰਗਲਾ ਚਰਣ ਲਈ ਸੁਰਾਂ ਚੁਕੀਆਂ। ਉਹ ਟੀਪ ਤੇ ਮੰਦਰ ਸਪਤਕ ਅੱਧੀਆਂ ਅੱਧੀਆਂ ਤੁਕਾਂ ਹੀ ਗਾਉਂਦੇ ਹਨ ਬਾਕੀ ਦੀ ਪੂਰਤੀ ਮਹਾਰਾਜ ਕਰ ਰਹੇ ਹਨ।

ਅਜਿਹੇ ਵਿਚ "ਹਉ ਫਿਰਉ ਦਿਵਾਨੀ" ਦੀ ਟੇਕ ਨੇ ਦੀਵਾਨ ਵਿਚ ਇਕ ਰੰਗ ਪੈਦਾ ਕਰ ਦਿਤਾ। ਹਿਰਦਿਆਂ



Sri Satguru Jagjit Singh Ji Elibrary NamdhariElibrary@gmail.com

ਵਿਚ ਰਾਗ, ਵੈਰਾਗ ਤੇ ਪ੍ਰੇਮਾ ਭਾਵ ਦਾ ਜਿਵੇਂ ਲੋਹੜਾ ਆ ਗਿਆ। ਸਾਰਾ ਸ਼ਬਦ ਇਸ ਪਰਕਾਰ ਹੈ :

ਮੇਰੇ ਮਨ। ਮੁਖਿ ਹਰਿ, ਹਰਿ, ਹਰਿ ਬੋਲੀਐ।

ਗੁਰਮੁਖਿ ਰੰਗਿ ਚਲੂਲੈਰਾਤੀ, ਹਰਿ ਪ੍ਰੇਮ ਭੀਨੀ ਚੋਲੀਐ।੧। ਰਹਾਉ।

ਹਉ ਫਿਰਉ ਦਿਵਾਨੀ ਆਵਲ ਬਾਵਲ, ਤਿਸੁ ਕਾਰਣਿ ਹਰਿ ਢੋਲੀਐ।

ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ, ਹਮ ਤਿਸਕੀ ਗੁਲਗੋਲੀਐ।

ਸਤਿਗੁਰੁ ਪੁਰਖੁ ਮਨਾਵਹੁ ਅਪਨਾ, ਹਰਿ ਅੰਮ੍ਰਿਤੁ ਪੀ, ਝੋਲੀਐ।

ਗੁਰ ਪ੍ਰਸਾਦਿ, ਜਨ ਨਾਨਕ, ਪਾਇਆ, ਹਰਿ ਲਾਧਾ ਦੇਹਿ ਟੋਲੀਐ।੨।੩।

[ਗੰਧਾਰੀ (ਮਹਲਾ ੪) ਆਦਿ ਗ੍ਰੰਥ, ਪੰਨਾ ੬੨੭

ਜ਼ਿਲੇ ਦੀਆਂ ਉਪਰਲੀਆਂ ਸੁਰਾਂ ਖਾਸ ਕਰ ਆਨੰਦ ਸਿਰਜਦੀਆਂ ਹਨ ਪਰ ਸੰਤ ਖਜ਼ਾਨ ਸਿੰਘ ਰਾਗੀ ਦੀ ਯਾਦ ਆ ਰਹੀ ਹੈ ਜੇ ਉਹ ਹੁੰਦਾ ਤਾਂ ਉਹਦੇ ਤਬਲੇ ਦੀਆਂ ਥਾਪਾਂ ਹੋਰ ਵੀ ਇਸ ਸ਼ਬਦ ਨੂੰ ਚੜ੍ਹਵਾਂ ਕਰ ਦਿੰਦੀਆਂ। ਇਹ ਦੋਵੇਂ ਬੱਚੇ ਪੱਪੂ ਤੇ ਪਿੰਕੀ ਤਬਲੇ ਦੀਆਂ ਚਲੰਤ ਤੇ ਸ਼ਬਦ ਅਨੁਸਾਰ ਥਾਪਾਂ ਦੇ ਵਾਕਫ ਨਹੀਂ।

ਰਾਗੀ ਖਜ਼ਾਨ ਸਿੰਘ ਦੀ ਕਸਰ ਸਤਿਗੁਰੂ ਜੀ ਨੇ ਵੀ ਮਹਿਸੂਸ ਕੀਤੀ ਤੇ ਉਨ੍ਹਾਂ ਸੰਤ ਖਜ਼ਾਨ ਸਿੰਘ ਖਾਰੇ ਵਾਲੇ ਨੂੰ ਢੋਲਕੀ ਹੱਥ ਲੈਣ ਲਈ ਆਗਿਆ ਕੀਤੀ। ਆਨੰਦ ਵਿਚ ਵਿਆਪਤ ਕਮੀ ਵਿਚ ਬਹੁਤ ਸਾਰੀ ਕਮੀ ਆ ਗਈ। ਸਤਿਗੁਰੂ ਜੀ ਦੇ ਦਿਲਰੁਬਾ ਉਤੇ ਖਿੱਚ ਖਿੱਚ ਕੇ ਗਜ਼ ਚਲਾਣ ਨਾਲ ਦਿਲਾਂ ਨੂੰ ਧੂਹ ਪੈਂਦੀ। ਸਤਿਗੁਰੂ ਜੀ ਤੇ ਰਾਗੀਆਂ ਵਾਲੇ ਪਾਸਿਓਂ ਪ੍ਰਮਾਣਾਂ ਦੇ ਵਟਾਂਦਰੇ ਨਾਲ ਸਮਝਦਾਰ ਸ੍ਰੋਤਿਆਂ ਵਲੋਂ ਵਾਹ ਵਾਹ ਹੋਣੀ ਕੁਦਰਤੀ ਸੀ। ਅਜਿਹਾ ਸੁਆਦ ਬਣਿਆਂ ਕਿ ੭.੧੫ ਤੇ ਹੀ ਜਾ ਸਮਾਪਤੀ ਹੋਈ।

## ਗੁਰ ਉਪਦੇਸ਼

ਸੰਤ ਮਹਿੰਦਰ ਸਿੰਘ ਪੂਰਵਾ ਨੇ ਦੀਵਾਨ ਦੀ ਅਰਦਾਸ ਕੀਤੀ ਤਾਂ ਸਤਿਗੁਰੂ ਜੀ ਨੇ ਸੰਗਤ ਪ੍ਰਤੀ ਉਪਦੇਸ਼ ਕੀਤਾ। ਜਿਸ ਦਾ ਤੱਤ ਇਹ ਹੈ : ਨਾਮਧਾਰੀਆਂ ਨੂੰ ਆਪਣੇ ਬੱਚਿਆਂ ਅੰਦਰ ਸੰਗੀਤ ਦੀ ਖਾਸ ਕਰ ਗੁਰਮੰਤ ਸੰਗੀਤ ਦੇ ਸਿਖਣ ਸਿਖਾਣ ਦੀ ਰੁਚੀ ਜਗਾਣੀ ਚਾਹੀਦੀ ਹੈ। ਸਾਡੇ ਦੇਸ਼ ਵਿਚ ਬਹੁਤ ਕੁਛ ਗਵਾਇਆ ਜਾ ਰਿਹਾ ਹੈ। ਆਪਣੇ ਸਭਿਆਚਾਰ ਵਲੋਂ ਜੋ ਅੱਖਾਂ ਮੀਟੀਆਂ ਜਾ ਰਹੀਆਂ ਹਨ ਉਹ ਸਾਨੂੰ ਤ੍ਰਿਸ਼ੰਕੂ ਦੀ ਅਵਸਥਾ ਵੱਲ ਲੈ ਜਾ ਰਹੀਆਂ। ਸ਼ੁਧ ਭਾਰਤੀ ਗਊਆਂ ਦੀਆਂ ਨਸਲਾਂ ਨੂੰ ਕ੍ਰਾਸ ਬ੍ਰੀਡ ਵਿਚ ਵਟਾਇਆ ਜਾ ਰਿਹਾ ਹੈ। ਇੰਜ ਹੀ ਸੰਗੀਤ ਵਲੋਂ ਵੀ ਅਵੇਸਲਾਪਣ ਪ੍ਰਗਟ ਹੈ। ਗੁਰਮਤ ਸੰਗੀਤ ਵੀ ਅਲੋਪ ਹੁੰਦਾ ਜਾ ਰਿਹਾ ਹੈ। ਸੰਗੀਤ ਸਿਖਾਓ ਬੱਚਿਆਂ ਨੂੰ। ਬਚਾਓ ਇਸਨੂੰ। ਮੇਰੀ ਮਦਦ ਕਰੋ। ਮੈਨੂੰ ਚੰਦੇ ਦੇ ਕੇ ਸਾਰੇ ਖਰਚੇ ਮੇਰੇ ਤੇ ਨਾ ਪਾਓ। ਸਗੋਂ ਆਪ ਖਰਚ ਤੇ ਜਤਨ ਕਰਕੇ ਸ਼ਬਦ ਪੜ੍ਹਨ ਸਿਖਣ ਤੇ ਲਗਾਓ। ਅੰਗਰੇਜ਼ੀ ਪਬਲਿਕ ਸਕੂਲਾਂ ਨੂੰ ਅਸੀਂ ਲਭਦੇ ਹਾਂ। ਬੀ. ਏ., ਐਮ. ਏ. ਪੜ੍ਹ ਕੇ ਵੀ ਯੂ. ਪੀ. ਵਿਚ ੧੦,੦੦੦ ਬੇਕਾਰ ਫਿਰਦਿਆਂ ਨੇ ਰਿਕਸ਼ੇ ਚਲਾਣੇ ਸ਼ੁਰੂ ਕਰ ਦਿਤੇ ਹਨ। ਸਾਨੂੰ ਆਪਣੇ ਸ਼ਬਦ ਕੀਰਤਨ ਦਾ ਮੁੱਲ ਸਮਝਣਾ ਚਾਹੀਦਾ ਹੈ। ਕੋਈ ਪੜ੍ਹੇ ਤਾਂ ਸਹੀ ਇਹ 'ਦੀਵਾਨੀ' ਫਿਰਨਾ ਕੀ ਹੈ? ਆਵਲ-ਬਾਵਲ ਹੋਣਾ ਕਿਸ ਤਰ੍ਹਾਂ ਦਾ ਹੁੰਦਾ ਹੈ? ਏਧਰ ਵੀ ਧਿਆਨ ਦਿਓ।

ਕਈ ਪ੍ਰਮਾਣ ਤੇ ਉਦਾਹਰਣ ਦੇ ਕੇ ਸਤਿਗੁਰੂ ਜੀ ਨੇ ਸੰਗੀਤ ਸ਼ੌਕ ਨੂੰ ਉਤੇਜਿਤ ਕਰਨ ਦੇ ਬਚਨ ਕੀਤੇ। ਬੱਚਿਆਂ ਨੂੰ ਗੁਰਮਤ ਵਾਲੇ ਪਾਸੇ ਲਾਉਣ ਦੀ ਪੱਕੀ ਕੀਤੀ। ਸਿੱਖਾਂ ਵਲੋਂ, ਗੁਰ ਸਿਖੀ ਦੇ ਮੂਲ ਆਧਾਰ ਦੇਹਧਾਰੀ ਗੁਰੂ ਦੀ, ਵਿਰੋਧ ਵਿਚ ਲਗੇ ਪਰਚਾਰ ਦਾ ਜ਼ਿਕਰ ਵੀ ਕੀਤਾ ਗਿਆ।

## ਕਲਸੀ ਕਿੱਥੇ ?

ਉਪਰੰਤ, ਸਾਹਿਬਪੁਰੇ ਦੇ ਦਸ ਕੁ ਸਿੰਘਾਂ ਨੇ ਸਨਮੁਖ ਹੋ, ਹੱਥ ਜੋੜ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ ਬਸੰਤ ਪੰਚਮੀ ਮਨਾਣ ਦਾ ਕੋਈ ਦਿਨ ਦਿਤਾ ਜਾਣਿ। ਸਤਿਗੁਰੂ ਜੀ ਨੇ ਇਹਨਾਂ ਵਿਚ ਸੰਤ ਮਹਿੰਦਰ ਸਿੰਘ ਕਲਸੀ ਨੂੰ ਨਾ ਵੇਖ ਕੇ ਪੁੱਛਿਆ : ਕਲਸੀ ਕਿਥੇ ਹੈ?

"ਉਹ ਤਾਂ ਹੈ ਨਹੀਂ ਜੀ!" ਉੱਤਰ ਮਿਲਿਆ।

ਸਤਿਗੁਰੂ ਜੀ ਨੇ ਇਨਕਾਰ ਕੀਤਾ ਕਿ ਜਦ ਤਕ ਉਹ ਵਿਚ ਨਹੀਂ ਆਉਂਦਾ ਤਦ ਤਕ ਕੋਈ ਦਿਨ ਨਹੀਂ ਦਿਤਾ ਜਾਵੇਗਾ।

ਏਥੋਂ ਇਕ ਦੂਜੀ ਗੱਡੀ ਰਾਹੀਂ ਬੱਚਿਆਂ ਨੂੰ ਕੋਠੀ ਭੇਜ ਆਪ ਵੀ ਸ੍ਰੀ ਸਤਿਗੁਰੂ ਜੀ ੧੧/੧੦ ਪੂਸਾ ਰੋਡ ਹੀ ਪਧਾਰੇ।



Sri Satguru Jagjit Singh Ji Elibrary NamdhariElibrary@gmail.com

## ੨੧ ਜਨਵਰੀ ੧੯੭੮ ਸ਼ਨੀਵਾਰ
## ਨਵੀ ਦਿੱਲੀ

### ਮਨਮੋਹਨ ਆਸਾ ਦੀ ਵਾਰ

ਬੀਤੀ ਰਾਤੀਂ ਸਤਿਗੁਰੂ ਜੀ ਵਲੋਂ ਸਵੇਰੇ ੫ ਤੋਂ ੭.੩੦ ਵਜੇ ਤਕ ਆਸਾ ਦੀ ਵਾਰ ਲਾਉਣ ਦੀ ਆਗਿਆ ਹੋਈ। ਅਤੇ ਮੇਰੀ ਜਾਣਕਾਰੀ ਵਿਚ, ਇਹ ਪਹਿਲਾ ਸਮਾ ਸੀ ਜਦੋਂ ਘੱਟੋ ਘੱਟ ਇਕ ਘੰਟਾ ਲੇਟ ਵਾਰ ਸ਼ੁਰੂ ਕਰਨ ਦੀ ਆਗਿਆ ਕੀਤੀ ਗਈ। ਅੱਜ ਕੱਲ ਠੰਢ ਬਹੁਤ ਪੈ ਰਹੀ ਹੈ, ਸ਼ਾਇਦ ਏਸੇ ਕਾਰਨ ਏਨੀ ਰਿਆਇਤ ਦਿਤੀ ਗਈ।

ਸੰਤ ਅਵਤਾਰ ਸਿੰਘ, ਨਾਮਧਾਰੀ ਪ੍ਰਿੰਟਿੰਗ ਵਰਕਸ, ਸਦਰ ਬਾਜ਼ਾਰ ਵਾਲੇ, ਘਨਿਸ਼ਟ ਮਿਤਰ ਹੋਣ ਦੇ ਨਾਤੇ, ਰਾਤ ਦੇ ਦੀਵਾਨ ਪਿਛੋਂ ਮੇਰੇ ਪਾਸ ਰਾਜੌਰੀ ਹੀ ਆ ਟਿਕੇ। ਉਹਨਾਂ ਦੇ ਉਦਮ ਨਾਲ ਮੈਂ ਵੀ ਸਵੇਰੇ ੫.੪੫ ਵਜੇ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਚ ਆਸਾ ਦੀ ਵਾਰ ਸੁਣਨ ਪਹੁੰਚ ਗਿਆ। ਮਿੰਨ੍ਹੇ ਮਿੰਨ੍ਹੇ ਚਾਨਣ ਵਿਚ ਜ਼ੋਰਦਾਰ ਕੀਰਤਨ ਹੋ ਰਿਹਾ ਸੀ। ਉਸਤਾਦ ਹਰਭਜਨ ਸਿੰਘ ਦੀ ਅਗਵਾਈ ਵਿਚ ਬੱਚੇ ਕੀਰਤਨ ਕਰ ਰਹੇ ਸਨ। ਸੁਮਨ ਹਾਰਮੋਨੀਅਮ ਲੈਕੇ ਅਤੇ ਸਰਦਾਰ ਮਹਿੰਦਰ ਸਿੰਘ, ਰਮੇਸ਼ ਨਗਰ, ਮੈਂਡੋਲੀਨ ਦੀਆਂ ਸੁਰਾਂ ਟੁਣਕਾਂਦੇ ਬੈਠੇ ਹੋਏ ਸਨ।

ਆਸਾ ਦੀ ਵਾਰ ਦੇ ਕੀਰਤਨ ਵਿਚ ਸੰਜੋਅ ਕੇ ਪੜ੍ਹੇ ਜਾਂਦੇ ਤੇ ਸਤਿਗੁਰੂ ਜੀ ਵਲੋਂ ਸੁਣਾਏ ਜਾਂਦੇ ਸ਼ਬਦ ਨੋਟ ਕਰਦਾ ਹਾਂ। ਮੇਰੇ ਆਇਆਂ ਰਾਗ ਸ਼ੰਕਰਾ ਵਿਚ ਇਹ ਸ਼ਬਦ ਗੋਵਿਆ ਜਾ ਰਿਹਾ ਸੀ। ਟੇਕ ਸੀ : ਮੇਰੇ ਪ੍ਰਭ ਪ੍ਰੀਤਮ ਨਾਮ ਆਧਾਰਾ। ਪੂਰਾ ਪਾਠ :

(੧) ਤੂੰ ਵਡ ਦਾਤਾ ਅੰਤਰ ਜਾਮੀ।
ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ। ੧।
ਮੇਰੇ ਪ੍ਰਭ ਪ੍ਰੀਤਮ ਨਾਮ ਆਧਾਰਾ।
ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ। ੧। ਰਹਾਉ।
ਤੇਰੀ ਸਰਣਿ ਸਤਿਗੁਰ ਮੇਰੇ ਪੂਰੇ।
ਮਨੁ ਨਿਰਮਲ ਹੋਇ ਸੰਤਾ ਧੂਰੇ। ੨।
ਚਰਨ ਕਮਲ ਹਿਰਦੈ ਉਰਿਧਾਰੇ।
ਤੇਰੇ ਦਰਸਨ ਕਉ ਜਾਈ ਬਲਿਹਾਰੇ। ੩।
ਕਰਿ ਕਿਰਪਾ ਤੇਰੇ ਗੁਣ ਗਾਵਾ
ਨਾਨਕ ਨਾਮੁ ਜਪਤ ਸੁਖੁ ਪਾਵਾ। ੪। ੫।

[ਵਡਹੰਸੁ ਮਹਲਾ ੫
[ਆਦਿ ਗ੍ਰੰਥ, ਪੰਨਾ ੫੬੩

ਕਾਲਿੰਗੜਾ-ਹਿੰਡੋਲ ਵਿਚ ਗ੍ਰੰਥ ਸਾਹਿਬ ਦੀ ਦੋ ਬਸੰਤ-ਹਿੰਡੋਲ ਮਹਲਾ ੩ ਨੂੰ ਗੰਵਿਆਂ। ਟੇਕ ਹੈ : ਮੇਰੇ ਮਨ ਰਾਮ ਨਾਮਿ ਚਿਤੁ ਲਾਇ ਪੂਰਾ ਸ਼ਬਦ :

(੨) ਗੁਰ ਕੀ ਬਾਣੀ ਵਿਟਹੁ ਵਾਰਿਆ, ਭਾਈ! ਗੁਰ ਸਬਦ ਵਿਟਹੁ ਬਲਿ ਜਾਈ।
ਗੁਰੂ ਸਾਲਾਹੀ ਸਦ ਆਪਣਾ, ਭਾਈ! ਗੁਰ ਚਰਣੀ ਚਿਤੁ ਲਾਈ। ੧।
ਮੇਰੇ ਮਨ ਰਾਮ ਨਾਮਿ ਚਿਤੁ ਲਾਇ।
ਮਨੁ, ਤਨੁ ਤੇਰਾ ਹਰਿਆ ਹੋਵੈ, ਇਕੁ ਹਰਿਨਾਮਾ ਫਲੁ ਪਾਇ। ੧। ਰਹਾਉ।
ਗੁਰਿ ਰਾਖੇ ਸੇ ਉਬਰੇ, ਭਾਈ! ਹਰਿ ਰਸੁ ਅੰਮ੍ਰਿਤੁ ਪੀਆਇ।
ਵਿਚਹੁ ਹਉਮੈ ਦੁਖੁ ਉਠਿ ਗਇਆ, ਭਾਈ! ਸੁਖੁ ਵੁਠਾ ਮਨਿ ਆਇ। ੨।
ਧੁਰਿ ਆਪੇ ਜਿਨ੍ਹਾਂ ਨੋ ਬਖਸਿਓਨੁ, ਭਾਈ! ਸਬਦੇ ਲਇਅਨੁ ਮਿਲਾਇ।
ਧੂੜਿ ਤਿਨ੍ਹਾਂ ਕੀ ਅਘੁਲੀਐ, ਭਾਈ! ਸਤ ਸੰਗਤਿ ਮੇਲਿ ਮਿਲਾਇ। ੩।
ਆਪਿ ਕਰਾਏ ਕਰੇ ਆਪਿ, ਭਾਈ! ਜਿਨਿ ਹਰਿਆ ਕੀਆ ਸਭੁ ਕੋਇ।
ਨਾਨਕ ਮਨਿ ਤਨਿ ਸੁਖੁ ਸਦ ਵਸੈ, ਭਾਈ! ਸਬਦਿ ਮਿਲਾਵਾ ਹੋਇ। ੪। ੧।

[ਬਸੰਤੁ ਹਿੰਡੋਲ ਮਹਲਾ ੩, ਘਰੁ ੨
[ਆਦਿ ਗ੍ਰੰਥ ਪੰਨਾ ੧੧੭੭

(੩) ਟੋਡੀ ਮਹਲਾ ੫ ਦਾ ਸ਼ਬਦ, ਜਿਸ ਦੀ ਟੇਕ ਹੈ, ਮਾਈ ਮੇਰੇ ਮਨ ਕੀ ਪ੍ਰੀਤ, ਮੀਏਂ ਦੀ ਟੋਡੀ ਵਿਚ ਆਰੰਭ ਕੀਤਾ ਗਿਆ ਹੈ। ਇਸ ਦਾ ਪੂਰਾ ਪਾਠ ਇੰਜ ਹੈ :

ਮਾਈ ਮੇਰੇ ਮਨ ਕੀ ਪ੍ਰੀਤਿ।
ਏਹੀ ਕਰਮ, ਧਰਮ, ਜਪ ਏਹੀ, ਰਾਮ ਨਾਮ ਨਿਰਮਲ ਹੈ ਰੀਤਿ। ਰਹਾਉ।
ਪ੍ਰਾਨ ਅਧਾਰ ਜੀਵਨ-ਧਨ ਮੋਰੈ, ਦੇਖਨ ਕਉ ਦਰਸਨ ਪ੍ਰਭ ਨੀਤ।



Sri Satguru Jagjit Singh Ji Elibrary NamdhariElibrary@gmail.com

With Best Compliments from

Phone office : 2869
Resi : 4730

# ਨਾਮਧਾਰੀ ਟੈਂਟ ਹਾਊਸ

ਹਮੀਦੀਆ ਰੋਡ ਭੂਪਾਲ

# Namdhari Tent House
# Hamidia Road
**BHOPAL--(M.P.)**



Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

# ਅੰਬਰ ਫੂਡਜ਼

ਹੈਦਰਾਬਾਦ

# AMBER FOOD

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

**Manufacturers & Suppliers of :**

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS,

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DELHI-110006**





Sri Satguru Jagjit Singh Ji Elibrary NamdhariElibrary@gmail.com

FOR BEST QUALITY & PERFORMANCE

Ask for

**JAYSON PRODUCTS**



- ELECTRIC MOTORS
- GRINDERS
- POLISHERS
- EXHAUST FANS

Show Room :

## Jayson Sales Corpn.

3832/10 Shardha Nand Marg
(G B Road)
Behind M. C Primary School
DELHI-110006.
Phone : 525795

Manufacturers

## Jayson Electric Company

Factory :
WH-2, PHASE 1
Industrial Area,
Sat Guru Ram Singh Marg
Maya Puri NEW DELHI-110064
Phone : 594536

Sister concern :

## Jayson Enterprises

WH-4, Phase 1
Industrial Area,
SatGuru Ram Singh Marg,
Maya Puri, NEW DELHI-110064.

REPUTED MANUFACTURERS OF :

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER Phone : 3805

## MODERN GUN WORKS

Opp. Industrial Estate,

JAMMU CANTT.



Sri Satguru Jagjit Singh Ji Elibrary NamdhariElibrary@gmail.com

# ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ ਜਲੰਧਰ।

❋ ਸਿਤਾਰ ❋ ਤਾਨਪੂਰਾ ❋ ਹਾਰਮੋਨੀਅਮ ❋ ਤਬਲਾ

❋ ਅਤੇ ਸੰਗੀਤ ਦੇ ਹੋਰ ਸਾਜ਼ ਤਿਆਰ ਕਰਨ ਵਾਲੇ



**Specialists in :**

# S I T A R

Manufacturers of all kinds of Musical Instruments

## GURDIAL SINGH & SONS

**PHAGWARA GATE, JALANDHAR**


---


With Best compliments from :-

## *N A M D H A R I   B R O T H E R S*

Prop. S. AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE. P. S G. ELECTRIC MOTORS. ELECTRICAL APPLIANCES STAINLESS STEEL PARTS, PRESSURE COOKERS, AND AGRICULTURAL IMPLIMENTS


---


WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar, DALTONGANJ (Bihar)*


---




Sri Satguru Jagjit Singh Ji Elibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machine



CONCRETE MIXER 10/7 CFT

Manufacturers of :

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of a Makes Concrete Mixers**



CONCRETE MIXER 7/5

Phones : Office : 52
Factory : 50
Resi. : 50

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHAS
Opp. C-70 NEW DELHI-110

Sri Satguru Jagjit Singh Ji Elibrary NamdhariElibrary@gmail.com

# Manufacturers & Suppliers
# of
# Superior Quality

- M. S. Pipe
- Hand Pump
- Filter & Jali

Phone : 588509

## *GURU NANAK JALI WORKS*

*i c 139 Namdhari Colony, Romesh Nager,*
*NEW ELHI 15.*




Sri Satguru Jagjit Singh Ji Elibrary NamdhariElibrary@gmail.com

# JANTA

## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



FOR GENERAL MOULDED RUBBER GOODS



DOWN STROKE HEAVY DUTY for Harrow Discs, Rim Plates & Brake Linnings



FOR VULCANIZING OF CONVEYOR & TRANSMISSION BELTINGS



FOR STRAIGHTENING BENDING, PRESSING & FASTENING

JEW

**JANTA ENGINEERING WORKS**
G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)



Sri Satguru Jagjit Singh Ji Elibrary NamdhariElibrary@gmail.com

*WITH BEST COMPLIMENTS FROM :*

# *Harbhajan Sarbjeet & Associates*

*CIVIL ENGINEERING CONTRACTORS*

*lead office :*
*52/6 Ramgarh Colony*
*'anpur Road, LUCKNOW-5 (U.P.)*
*hone : 51510.*

*dministrative office :*
*S B H officers colony*
*lna Road,*
*URANGABAD-431001*
*laharashtra)*
*ione : 3587.*

**Works in Hand :**

Construction of Paithan Right bank Canal
Jayakwadi Project
AURANGABAD (M.S.)
Costing Rs. 3 20 Crores

Construction of Central Railways Project
in between Karjat & Lonavala (Bombay)
Costing Rs. 1.13 Crores

Construction of Waranga Tunnel
2.5 km long & Canal Works on Upper
Penganga Project
NANDED (M.S.)
Costing Rs. 4.50 Crores



Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM February, March
Registered with the registrar of News Papers for India No. 26453/75

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 5656
5625

## *Sri Hari Partap Trading Centre*

**11[illegible]0 PUSA ROAD**

**NEW DELHI-110005**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।
Monthly WARIAM, Ladowali Road, Jullundur-144001.

Sri Satguru Jagjit Singh Ji Elibrary NamdhariElibrary@gmail.com